ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ


ਮਾਸਿਕ ਪਤ੍ਰਿਕਾ

ਅਗਸਤ 1995



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ
ਚੈਰੀਟੇਬਲ ਟਰੱਸਟ

ਸੰਤ ਅਨੰਤਹਿ ਅੰਤਰੁ ਨਾਹੀ॥



ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

# ਆਤਮ ਮਾਰਗ

ਸਾਲ ਪਹਿਲਾ - ਅੰਕ ਪੰਜਵਾਂ - ਮਾਸਿਕ - ਅਗਸਤ, 1995



**: ਸਰਪ੍ਰਸਤ :**

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

**: ਸੰਪਾਦਕ :**

ਹਰਪਾਲ ਸਿੰਘ

**: ਆਨਰੇਰੀ ਸੰਪਾਦਕ :**

ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

**: ਐਡੀਟੋਰੀਅਲ ਬੋਰਡ :**

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.)
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

**: ਸਲਾਹਕਾਰ:**

ਬੀ. ਐਸ ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ

ਨੋਟ: ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।



**: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ:**

ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,
ਐਸ. ਏ. ਐਸ. ਨਗਰ (ਮੋਹਾਲੀ) - 160055

**: ਟੈਲੀਫੋਨ ਸੰਪਰਕ :**

ਮੋਹਾਲੀ : 671301, 672435
ਚੰਡੀਗੜ੍ਹ : 603524
ਰਤਵਾੜਾ ਸਾਹਿਬ : 89-218



ਪ੍ਰਕਾਸ਼ਕ ਦੇ ਸਭ ਹਕ ਰਾਖਵੇਂ ਹਨ।



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪਰਿੰਟ੍ਰਜ਼, ਇੰਡਸਟਰੀਅਲ ਏਰੀਆ, ਫੇਜ਼ -1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।


## ਤਤਕਰਾ


1. ਮਹੀਨੇ ਦੀ ਕਥਾ 2
2. ਸੰਪਾਦਕੀ 3
3. ਸੰਤ ਅਨੰਤਹਿ ਅੰਤਰੁ ਨਾਹੀ 4
   *ਸੰਤ ਬਾਬਾ ਵਰਿਆਮ ਸਿੰਘ ਜੀ*
4. ਧਾਵਤ ਥੰਮਿਆ ਸਤਿਗੁਰਿ ਮਿਲਿਐ... 7
   *ਸੰਤ ਧਨਵੰਤ ਸਿੰਘ ਜੀ*
5. ਸਾਧੂ ਸੰਗਿ ਭਇਆ ਮਨਿ ਉਦਮ... 10
   *ਸੰਤ ਬਾਬਾ ਵਰਿਆਮ ਸਿੰਘ ਜੀ*
6. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ 16
7. ਦੂਸਰੇ ਰਤਨ- ਬਾਬਾ ਸਾਹਿਬ ਸਿੰਘ ਜੀ ਬੇਦੀ 20
   *ਗਿਆਨੀ ਮੇਹਰ ਸਿੰਘ*
8. ਸੰਤ ਬਚਨ 24
   *ਸੰਤ ਬਾਬਾ ਵਰਿਆਮ ਸਿੰਘ ਜੀ*
9. ਭੂਲੀ ਠਉਰ ਨ ਕਾਇ॥ 29
   *ਪ੍ਰੋ. ਗੁਰਦੇਵ ਸਿੰਘ*
10. ਨਿੰਦਾ ਭਲੀ ਕਿਸੇ ਕੀ ਨਾਹੀ 32
   *ਇੰਜ: ਜਸਵੰਤ ਸਿੰਘ ਸਿਆਣ*
11. ਮਾਨਵ ਸਰੀਰ ਦੀ ਸਫਲਤਾ 36
   *ਸੰਤ ਬਾਬਾ ਵਰਿਆਮ ਸਿੰਘ ਜੀ*
12. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ 41
   *ਡਾਕਟਰ ਸਵਾਮੀ ਰਾਮ ਜੀ*
13. ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪ੍ਰੀਚੈ 44
   *ਡਾ. ਸ਼ਮਸ਼ੇਰ ਸਿੰਘ*
14. ਸ਼ੁਭ ਉਪਦੇਸ਼ 51
   *ਸੰਤ ਬਾਬਾ ਵਰਿਆਮ ਸਿੰਘ ਜੀ*
15. ਆਤਮ ਮਾਰਗ ਦਾ ਪ੍ਰਯੋਜਨ 53
   *ਸੰਤ ਸਾਧੂ ਸਿੰਘ ਜੀ*
16. ਸਨੇਹੀਆਂ ਦਾ ਪੰਨਾ 55
   *ਸੰਤ ਬਾਬਾ ਵਰਿਆਮ ਸਿੰਘ ਜੀ*
17. ਸਿੱਖ ਸਾਹਿਤ ਵਿਚ ਨਾਂਵਾਂ ਤੇ ਥਾਵਾਂ ਦਾ ਵੇਰਵਾ 57
18. ਨਿਸ਼ਚੇ ਲਈ ਸੰਤ ਸ਼ਰਨ ਦੀ ਲੋੜ ਕਿਉਂ? 58
19. ਸਿਹਤ ਵਿਗਿਆਨ 61
20. ਸਮਾਗਮ ਤੇ ਸਰਗਰਮੀਆਂ 62
21. ਪਾਠਕਾਂ ਦੇ ਐਡਰੈਸ 63



**-: ਚੰਦਾ :-**

ਦੇਸ਼ : ਸਲਾਨਾ 165/-, ਫੀ ਕਾਪੀ 15/-
ਵਿਦੇਸ਼ : ਸਲਾਨਾ 40 US$

**REGD. No. 1/58/95-4/ਪੀ.ਬੀ. (2) 977**

## ਭਾਦੁਇ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥ *ਪੰਨਾ - 134*

ਭਾਦੋਂ ਦੇ ਮਹੀਨੇ ਦੁਆਰਾ ਗੁਰੂ ਸਾਹਿਬ ਨੇ ਉਸ ਜੀਵ ਦਾ ਜ਼ਿਕਰ ਕੀਤਾ ਹੈ ਜੋ ਸੰਸਾਰਕ ਮੋਹ ਮਾਇਆ ਦੇ ਪਿਆਰ ਵਿਚ ਗਾਫਲ ਹੈ। ਇਸ ਗਫਲਤ ਤੇ ਅਗਿਆਨਤਾ ਕਾਰਨ ਪ੍ਰਭੂ ਤੋਂ ਵਿਛੜਿਆ ਹੋਇਆ ਹੋਣ ਕਰਕੇ ਪ੍ਰਭੂ ਨੂੰ ਛੱਡ ਕੇ ਦੂਜੇ ਭਾਇ (ਪਦਾਰਥਾਂ ਦੇ ਪਿਆਰ) ਵਿਚ ਜੀਵਨ ਵਿਅਰਥ ਗੁਆ ਰਿਹਾ ਹੈ।

ਗਾਫਲ ਮਨੁੱਖ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਪਦਾਰਥਾਂ ਤੋਂ ਅੰਤ ਨੂੰ ਵਿਛੋੜਾ ਹੈ, ਇਨ੍ਹਾਂ ਨੇ ਨਾਲ ਨਹੀਂ ਜਾਣਾ। ਇਹ ਪਿਆਰ, ਪਛਤਾਵੇ ਦਾ ਕਾਰਨ ਬਣਦਾ ਹੈ, ਜਦ ਕਿ ਰੱਬੀ ਪਿਆਰ, ਮਿਲਾਪ ਦਾ ਸਾਧਨ ਹੈ ਅਤੇ ਇਸਦਾ ਫਲ, ਅਨੰਦ ਤੇ ਸਦੀਵੀ ਖੇੜਾ ਹੁੰਦਾ ਹੈ।

ਗੁਰੂ ਜੀ ਵਿਛੜੇ ਹੋਏ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਦੂਜੇ ਭਾਇ ਪਿਆਰ ਕਰਨ ਵਾਲਾ, ਭਾਵ ਸੰਸਾਰਕ ਜੀਵ ਕਿਤਨੇ ਵੀ ਪੁੰਨ-ਦਾਨ, ਕਰਮ-ਕਾਂਡ ਕਰ ਲਵੇ, ਉਸਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਹ ਕਰਮ ਸੀਮਤ ਹਨ, ਸਰੀਰ ਦੇ ਖਤਮ ਹੋਣ ਨਾਲ ਇਥੇ ਹੀ ਰਹਿ ਜਾਂਦੇ ਹਨ। ਕਾਰਜ ਸਿਰੇ ਨਹੀਂ ਚੜ੍ਹਦਾ -

***ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*** *ਪੰਨਾ - 134*

ਸੰਸਾਰ ਦਾ ਮੋਹ ਝੂਠਾ ਹੈ, ਖੁਦਗਰਜ਼ੀ ਨਾਲ ਭਰਿਆ ਪਿਆ ਹੈ। ਜੀਵ ਦੀ ਮੌਤ ਤੋਂ ਬਾਦ ਉਸਦੇ ਸਾਕ ਸਨਬੰਧੀ, ਉਸਨੂੰ ਪ੍ਰੇਤ-ਪ੍ਰੇਤ ਕਹਿ ਕੇ ਘਰੋਂ ਕੱਢਣ ਦੀ ਕਰਦੇ ਹਨ। ਧਰਮਰਾਜ ਦੇ ਦੂਤ, ਰੂਹ ਨੂੰ ਫੜ ਕੇ ਲੈ ਜਾਂਦੇ ਹਨ, ਕਿਸੇ ਨੂੰ ਭੇਤ ਨਹੀਂ ਦਿੰਦੇ। ਜਮਦੂਤਾਂ ਦੀ ਡਾਢੀ ਪਕੜ ਸਾਹਮਣੇ ਕਿਸੇ ਵੀ ਸਾਕ ਸਨਬੰਧੀ ਦੀ ਪੇਸ਼ ਨਹੀਂ ਜਾਂਦੀ, ਭਾਵ ਉਸਨੂੰ ਛੱਡ ਖੜ੍ਹੋਂਦੇ ਹਨ -

***ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*** *ਪੰਨਾ - 134*

ਇਹ ਸਰੀਰ ਤਾਂ ਕਰਮਾਂ ਦਾ ਖੇਤ ਹੈ। ਜੇਹੋ ਜਿਹਾ ਕੋਈ ਬੀਜੇਗਾ, ਤੇਹੋ ਜਿਹਾ ਫਲ ਪ੍ਰਾਪਤ ਕਰੇਗਾ। ਉਸਨੂੰ ਸੁਆਸਾਂ ਦੀ ਕੀਮਤੀ ਪੂੰਜੀ ਮਿਲੀ ਹੈ। ਜੇਕਰ ਉਹ ਇਸਨੂੰ ਸੰਸਾਰਕ ਝੂਠੇ ਵਪਾਰ ਵਿਚ ਹੀ ਲਾ ਕੇ ਆਪਣਾ ਮੂਲ ਵੀ ਗੁਆ ਲੈਂਦਾ ਹੈ ਤਾਂ ਉਸਨੂੰ ਘਾਟਾ ਹੀ ਘਾਟਾ ਹੈ, ਭਾਵ ਸੰਸਾਰਕ ਪ੍ਰਾਪਤੀਆਂ ਨਾਲ ਨਹੀਂ ਜਾਣੀਆਂ, ਇਹ ਸਭ ਇਥੇ ਹੀ ਰਹਿ ਜਾਣੀਆਂ ਹਨ, ਜਮਦੂਤਾਂ ਨੇ ਰਾਹ ਵਿਚ ਹੀ ਸਭ ਕੁਛ ਖੋਹ ਲੈਣਾ ਹੈ। ਨਾਮ ਧਨ ਦਾ ਵਪਾਰੀ, ਸੰਸਾਰ ਵਿਚੋਂ ਸੁਰਖਰੂ ਹੋ ਕੇ ਜਾਂਦਾ ਹੈ ਅਤੇ ਅੱਗੇ ਵੀ ਉਸਦਾ ਮੁੱਖ ਉਜਲਾ ਹੁੰਦਾ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*** *ਪੰਨਾ - 134*

ਅੰਤਲੀਆਂ ਪੰਗਤੀਆਂ ਵਿਚ ਜੀਵ ਦੇ ਅੰਤਲੇ ਵਿਛੋੜੇ ਦੀ ਮਾੜੀ ਦਸ਼ਾ ਦਾ ਵਰਣਨ ਕਰਦੇ ਹੋਏ ਉਸਨੂੰ ਉਪਦੇਸ਼ ਦਿੰਦੇ ਹਨ ਕਿ ਉਹ ਆਪਣਾ ਆਪ ਤਿਆਗ ਕੇ ਪ੍ਰਭੂ ਸ਼ਰਨ ਵਿਚ ਜਾਵੇ। ਪ੍ਰਭੂ, ਸ਼ਰਨ ਗਿਆਂ ਦੀ ਲਾਜ ਰਖਦਾ ਹੈ, ਆਪਣੇ ਚਰਨਾਂ ਦਾ ਸਹਾਰਾ ਦੇ ਕੇ ਸੰਸਾਰ ਸਾਗਰ ਤੋਂ ਤਾਰ ਦਿੰਦਾ ਹੈ। ਜੀਵ ਨੂੰ ਨਰਕਾਂ ਵਿਚ ਨਹੀਂ ਪੈਣ ਦਿੰਦਾ -

***ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥***
***ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥*** *ਪੰਨਾ - 134*

## ਸੰਪਾਦਕੀ

'ਆਤਮ ਮਾਰਗ' ਨੇ ਜਿਥੇ ਆਪਣੇ ਅਨੁਭਵੀ ਬਚਨਾਂ ਦੁਆਰਾ ਦੇਸ ਪਰਦੇਸ ਵਿਚ ਜਗਿਆਸੂਆਂ ਨੂੰ ਆਤਮਕ ਤ੍ਰਿਪਤੀ ਪ੍ਰਦਾਨ ਕੀਤੀ ਹੈ, ਉਥੇ ਨਾਲ ਹੀ ਆਪਣੀ ਨਿੱਕੀ ਜਿਹੀ ਬਾਲਪਨ ਉਮਰ, ਵਿਸਾਖੀ 1995 ਤੋਂ ਹੁਣ ਤਕ, ਕੇਵਲ ਪੰਜ ਮਹੀਨਿਆਂ ਦੇ ਅੰਦਰ ਹੀ ਜੋ ਵੱਡੀਆਂ-ਵੱਡੀਆਂ ਲਾਘਾਂ ਪੁੱਟੀਆਂ ਹਨ, ਇਸਨੇ ਸਭ ਨੂੰ ਹੈਰਾਨ ਕਰ ਦਿਤਾ ਹੈ ਇਸਦਾ ਸਬੂਤ ਇਹੀ ਹੈ ਕਿ ਦੇਸ ਪਰਦੇਸ ਵਿਚੋਂ ਸਨੇਹੀਆਂ, ਪਾਠਕਾਂ ਦੇ ਸ਼ਲਾਘਾ ਭਰੇ ਉਤਰਾਂ, ਪ੍ਰਸ਼ਨਾਂ ਨੇ ਸਾਨੂੰ ਹੌਸਲਾ ਪ੍ਰਦਾਨ ਕੀਤਾ। ਚਾਰ ਅੰਕ, ਪਾਠਕਾਂ ਦੇ ਹੱਥਾਂ ਵਿਚ ਪਹੁੰਚ ਚੁੱਕੇ ਹਨ। ਇਨ੍ਹਾਂ ਦੇ ਉਤਰ ਇਸ ਗੱਲ ਦਾ ਸਬੂਤ ਹਨ ਕਿ ਪਾਠਕਾਂ ਦੀ ਲਗਨ ਤੇ ਜਗਿਆਸਾ ਦਿਨ-ਬ-ਦਿਨ ਵਧ ਰਹੀ ਹੈ।

ਸੰਤ ਬਾਬਾ ਵਰਿਆਮ ਸਿੰਘ ਜੀ ਅਨੁਭਵੀ ਮਹਾਂਪੁਰਸ਼, ਸਮੇਂ ਦੀ ਨਬਜ਼ ਨੂੰ ਪਹਿਚਾਨਣ ਵਾਲੇ ਹਨ। ਆਪ ਜੀ ਦੁਖੀ ਲੋਕਾਂ ਦੀ ਸੇਵਾ ਤੇ ਅਗਿਆਨੀਆਂ ਨੂੰ ਸਿੱਧੇ ਰਸਤੇ ਪਾਉਣ ਵਿਚ ਪੂਰਾ ਯਤਨ ਕਰ ਰਹੇ ਹਨ। ਜਿਥੇ ਆਪ ਅਨੁਭਵੀ ਪਰਵਚਨਾਂ ਦੁਆਰਾ ਤਪਦੇ ਦਿਲਾਂ ਨੂੰ ਠਾਰ ਰਹੇ ਹਨ, ਉਥੇ ਇਕ ਬੜਾ ਪਰਉਪਕਾਰੀ ਕਰਮ, ਜੋ ਆਪ ਨੇ ਕੀਤਾ, ਉਹ ਇਹ ਹੈ ਕਿ ਧਰਮ ਗ੍ਰੰਥਾਂ ਤੇ ਗ੍ਰੰਥਾਂ ਦੇ ਕੀਮਤੀ ਨੁਸਖੇ ਜੋ ਸਰੀਰਕ ਰੋਗਾਂ ਲਈ ਅਤਿ ਜ਼ਰੂਰੀ ਹਨ, ਆਤਮ ਮਾਰਗ ਦੇ ਹਰ ਅੰਕ ਵਿਚ ਲੋਕਾਂ ਦੇ ਲਾਭ ਲਈ ਛਪਵਾ ਰਹੇ ਹਨ। ਇਨ੍ਹਾਂ ਨੁਸਖਿਆਂ ਨੇ ਲੋਕਾਂ ਨੂੰ ਬੜਾ ਲਾਭ ਪਹੁੰਚਾਇਆ, ਜਿਸਦਾ ਜ਼ਿਕਰ ਅਸੀਂ ਆਮ ਤੌਰ ਤੇ ਸਨੇਹੀਆਂ ਦੇ ਪੰਨਿਆਂ ਅੰਦਰ ਕਰਦੇ ਹੀ ਰਹਿੰਦੇ ਹਾਂ। ਇਨ੍ਹਾਂ ਨੁਸਖਿਆਂ ਦੀ ਲੜੀ ਚਲਦੀ ਹੀ ਰਹੇਗੀ। ਇਸ ਲਈ ਜ਼ਰੂਰੀ ਹੈ ਕਿ ਪਾਠਕਾਂ ਨੂੰ ਇਸ ਮੈਗਜ਼ੀਨ ਦੇ ਰੈਗੂਲਰ ਮੈਂਬਰ ਬਣਨਾ ਜ਼ਰੂਰੀ ਹੈ। ਇਹ ਨੁਸਖੇ ਤਾਂ ਹਰ ਘਰ ਵਿਚ ਹਮੇਸ਼ਾ ਕੰਮ ਆਉਣ ਵਾਲੇ ਹਨ ਕਿਉਂਕਿ ਅਸੀਂ ਸੰਸਾਰੀ ਜੀਵ ਕਿਸੇ ਨਾ ਕਿਸੇ ਬਿਮਾਰੀ ਦੇ ਸ਼ਿਕਾਰ ਹੋਏ ਹੀ ਰਹਿੰਦੇ ਹਾਂ। ਰੋਗਾਂ ਤੋਂ ਰਹਿਤ ਤਾਂ ਮੇਰਾ ਸਤਿਗੁਰੂ ਜੋਗੀ ਹੈ। ਬਾਕੀ ਸਾਰਾ ਸੰਸਾਰ ਤਾਂ ਤਿੰਨਾਂ ਤਾਪਾਂ (ਆਧੀਆਂ, ਬਿਆਧੀਆਂ ਤੇ ਉਪਾਧੀਆਂ) ਦੀ ਲਪੇਟ ਵਿਚ ਹੈ -

***ਜੋ ਜੋ ਦੀਸੈ ਸੋ ਸੋ ਰੋਗੀ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ਪੰਨਾ - 1140***

ਇਸੇ ਤਰ੍ਹਾਂ ਇਨ੍ਹਾਂ ਨੁਸਖਿਆਂ ਤੋਂ ਬਿਨਾਂ ਆਤਮ ਮਾਰਗ ਵਿਚ ਇਕ ਹੋਰ ਲੜੀ ਜੋ ਸ਼ੁਰੂ ਕੀਤੀ ਗਈ ਹੈ, ਉਹ ਹੈ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸਕ ਸਥਾਨਾਂ ਪ੍ਰਤੀ ਜਾਣਕਾਰੀ। ਇਹ ਜਾਣਕਾਰੀ ਅਤਿ ਲੋੜੀਂਦੀ ਹੈ। ਗੁਰਬਾਣੀ ਦਾ ਅਧਿਆਤਮਕ ਪੱਖ, ਆਪਣੀ ਥਾਂ ਬੜਾ ਮਹੱਤਵਪੂਰਨ ਹੈ, ਪ੍ਰੰਤੂ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਨੇ ਸਮਕਾਲੀ ਪ੍ਰਸਥਿਤੀਆਂ, ਸਮਾਜਕ ਵਾਤਾਵਰਨ ਤੇ ਇਤਿਹਾਸਕ ਘਟਨਾਵਾਂ ਦਾ ਜਿਹੜਾ ਜ਼ਿਕਰ ਕੀਤਾ, ਉਸਦਾ ਵੀ ਉਸੇ ਸੰਦਰਭ ਵਿਚ ਮਹੱਤਵਪੂਰਨ ਹੈ।

ਤੀਸਰੀ ਇਕ ਹੋਰ ਲੜੀ ਜਿਹੜੀ ਅਸੀਂ ਜਲਦੀ ਹੀ ਸ਼ੁਰੂ ਕਰਨ ਜਾ ਰਹੇ ਹਾਂ, ਉਹ ਇਹ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਮਿਥਿਹਾਸਕ ਪਾਤਰਾਂ ਪ੍ਰਤਿ ਜਾਣਕਾਰੀ, ਜੋ ਕਿ ਪਾਠਕਾਂ ਪ੍ਰਤਿ ਜ਼ਰੂਰੀ ਹੈ। ਇਥੇ ਇਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਇਨ੍ਹਾਂ ਪਾਤਰਾਂ ਪ੍ਰਤਿ ਜਾਣਕਾਰੀ ਦੇਣ ਤੋਂ ਭਾਵ ਇਹਨਾਂ ਦੀ ਮਹੱਤਤਾ ਨੂੰ ਪ੍ਰਗਟ ਕਰਨਾ ਨਹੀਂ, ਸਗੋਂ ਇਨ੍ਹਾਂ ਦੇ ਜੀਵਨ ਅੰਦਰ ਆਏ ਪਲਟੇ ਨੂੰ ਦਰਸਾਉਣ ਤੋਂ ਹੈ ਜਿਵੇਂ ਗਨਕਾ ਤੇ ਅਜਾਮਲ ਦੇ ਪਾਪੀ ਜੀਵਨ ਅੰਦਰ ਆਈ ਤਬਦੀਲੀ ਵਾਲੀ ਘਟਨਾ, ਸੰਤਾਂ ਨਾਲ ਮਿਲਾਪ ਤੇ ਗੰਗਾ ਰਾਮ ਨਾਮੀ ਤੋਤੇ ਦੁਆਰਾ ਰਾਮ ਦਾ ਨਾਮ ਜਪ ਕੇ ਜੀਵਨ ਨਿਸਤਾਰਾ ਮਹੱਤਵਪੂਰਨ ਹੈ, ਨਾ ਕਿ ਗਨਕਾ ਦਾ ਪਿਛਲਾ ਜੀਵਨ।

ਆਤਮ ਮਾਰਗ ਦਾ ਮੁੱਖ ਉਦੇਸ਼ ਤਾਂ ਗੁਰਮਤਿ ਦਾ ਪ੍ਰਚਾਰ ਹੈ। ਅਸੀਂ ਇਨ੍ਹਾਂ ਹੀ ਉਪਰੋਕਤ ਉਲੀਕੇ ਸਾਰੇ ਪ੍ਰੋਗਰਾਮਾਂ ਤੋਂ ਇਲਾਵਾ ਸਮਕਾਲੀ ਗੁਰਮਤਿ ਸਮਾਗਮ, ਗੁਰਪੁਰਬ ਤੇ ਹੋਰ ਦਿਨ-ਦਿਹਾਰ, ਸਭ ਨਾਲੋ ਨਾਲ ਲੈ ਕੇ ਤੁਰਦੇ ਹਾਂ। ਇਨ੍ਹਾਂ ਨਾਲ ਸਬੰਧਤ ਭਰਵੀਂ ਜਾਣਕਾਰੀ ਦੇਣ ਦਾ ਯਤਨ ਵੀ ਕਰਦੇ ਹਾਂ ਜਿਵੇਂ ਕਿ ਪਿਛਲੇ ਅੰਕਾਂ ਵਿਚ ਦਿਤੀ ਗਈ ਹੈ।

ਪੁਰਾਤਨ ਧਾਰਮਿਕ ਇਤਿਹਾਸ, ਜਿਵੇਂ ਕਿ ਗੁਰੂ ਸਾਹਿਬਾਨ ਦੇ ਸਮਕਾਲੀ ਤੇ ਉਸਤੋਂ ਪਿਛੋਂ ਹੋਏ ਸੰਤਾਂ, ਮਹਾਂਪੁਰਸ਼ਾਂ ਜਿਨ੍ਹਾਂ ਨੇ ਪੰਥ ਤੇ ਕੌਮ ਦੀ ਬੜੀ ਸੇਵਾ ਕੀਤੀ, ਦੇ ਜੀਵਨ ਅਤੇ ਗੁਰਮਤਿ ਪ੍ਰਚਾਰ ਸਬੰਧੀ ਕੀਤੀਆਂ ਘਾਲਣਾ, ਸੇਵਾਵਾਂ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ। ਇਸ ਸੰਦਰਭ ਵਿਚ ਅਸੀਂ ਪਿਛਲੇ ਅੰਕਾਂ ਵਿਚ ਕੁਝ ਮਹੱਤਵਪੂਰਨ ਸੰਤਾਂ, ਭਗਤਾਂ ਦਾ ਜ਼ਿਕਰ ਕੀਤਾ ਹੈ। ਇਹ ਲੜੀ ਜਾਰੀ ਰਹੇਗੀ।

ਅੱਜ ਦੇ ਵਿਗਿਆਨਕ ਜੁਗ ਵਿਚ ਅਸੀਂ ਸੰਸਾਰ ਦੇ ਬਾਕੀ ਧਰਮਾਂ ਦੇ ਬਹੁਤ ਨੇੜੇ ਆ ਗਏ ਹਾਂ। ਹੁਣ ਲੋੜ ਹੈ ਸੰਸਾਰ ਦੇ ਮਹੱਤਵਪੂਰਨ ਧਰਮਾਂ ਪ੍ਰਤਿ ਜਾਣਕਾਰੀ ਅਤੇ ਉਨ੍ਹਾਂ ਦੇ ਸਿਧਾਂਤਾਂ ਦਾ ਗੁਰਮਤਿ ਵਿਚਾਰਧਾਰਾ ਦੇ ਸੰਦਰਭ ਵਿਚ ਸਥਾਨ ਆਦਿ ਨੂੰ ਦੇਣ ਦਾ ਉਪਰਾਲਾ ਅਰੰਭਿਆ ਹੈ, ਇਸੇ ਅੰਕ ਵਿਚ ਬਾਈਬਲ ਵਿਚੋਂ ਕੁਝ ਅੰਸ਼ ਦਿਤੇ ਗਏ ਹਨ।

ਅਸੀਂ ਆਸ ਕਰਦੇ ਹਾਂ ਕਿ ਸਾਡੇ ਪਾਠਕ ਸਾਨੂੰ ਨਿੱਗਰ ਤੇ ਉਸਾਰੂ ਸੁਝਾਉ ਭੇਜਣ, ਅਸੀਂ ਉਨ੍ਹਾਂ ਬਾਰੇ ਵਿਚਾਰ ਕਰਾਂਗੇ।

# ਸੰਤ ਅਨੰਤਹਿ ਅੰਤਰੁ ਨਾਹੀ

## ਸ੍ਰੀ 108 ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ)

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂ. ਮਿਸ਼ਨ।*

4 ਅਗਸਤ, 1905 ਵਾਲੇ ਦਿਨ ਪਿੰਡ ਆਲੋਵਾਲ, ਜ਼ਿਲਾ ਪਟਿਆਲਾ ਵਿਖੇ ਵੀਹਵੀਂ ਸਦੀ ਦੀ ਮਹਾਨ ਤਾਰਕ ਆਤਮਾ ਦਾ ਪ੍ਰਕਾਸ਼ ਹੋਇਆ। ਪਿਤਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਜੀ ਉਪਰ ਅਪਾਰ ਕ੍ਰਿਪਾ ਹੋਈ, ਜਿਨ੍ਹਾਂ ਦੇ ਘਰ ਤੱਤ ਬੇਤੇ ਮਹਾਂਪੁਰਸ਼ਾਂ ਦਾ ਆਵਣਾ ਹੋਇਆ। ਆਪ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਆਪ ਦੇ ਕੌਤਕ ਪਰਗਟ ਕਰ ਰਹੇ ਸਨ ਕਿ ਆਪ ਕੋਈ ਮਹਾਨ ਪੁਰਖ ਹੋਣਗੇ। ਚੌਕੜਾ ਮਾਰ ਕੇ, ਰੀੜ ਦੀ ਹੱਡੀ 90 ਡਿਗਰੀ ਤੇ ਰੱਖ ਕੇ ਯੋਗੀਆਂ ਵਾਂਗੂੰ ਬੈਠਣਾ, ਹੈਰਾਨ ਕਰ ਦਿੰਦਾ। ਇਕ ਵਾਰੀ ਮਾਤਾ ਪਿਤਾ, ਬਾਲ ਅਵਸਥਾ ਵਿਚ ਹੀ ਏਹਨਾਂ ਨੂੰ ਪਰਮ ਬੀਤਰਾਗ ਬ੍ਰਹਮ ਗਿਆਨੀ ਮਹਾਂਪੁਰਸ਼ ਵਿਦੇਸ਼ੀ ਵਾਲੇ ਸ੍ਰੀ ਬੀਰਮਦਾਸ ਜੀ ਪਾਸ ਲੈ ਗਏ। ਮਹਾਂਪੁਰਸ਼ਾਂ ਨੇ ਗੋਦੀ ਚੁੱਕ ਕੇ ਪਿਆਰ ਦਿੰਦੇ ਬਚਨ ਕੀਤਾ ਕਿ ਰਾਮ ਸਿੰਘ! ਮੈਨੂੰ ਲੋਕ ਸੰਤ ਕਹਿੰਦੇ ਹਨ ਪਰ ਇਹ ਤੇਰਾ ਪੁੱਤਰ ਪੂਰਨ ਬ੍ਰਹਮਗਿਆਨੀ ਕਾਰਕ ਪੁਰਸ਼, ਸੰਸਾਰ ਦਾ ਉਧਾਰ ਕਰਨ ਵਾਲਾ, ਮਹਾਨ ਜੰਗਮ ਤੀਰਥ ਹੋਵੇਗਾ। ਮਾਂ ਬਾਪ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਸੁਣ ਕੇ ਇਕ ਝਟਕਾ ਜੇਹਾ ਲੱਗਿਆ ਅਤੇ ਕੁਝ ਸੋਚ ਭੀ ਫੁਰੀ ਕਿ ਅਸਾਡਾ ਬੱਚਾ ਸਾਧੂ ਬਣੇਗਾ।

ਬੀਰਮਦਾਸ ਜੀ ਨੇ ਕਿਹਾ, "ਰਾਮ ਸਿੰਘ! ਫਿਕਰ ਹੋ ਗਿਆ ਇਸਦੇ ਸਾਧੂ ਬਨਣ ਦਾ? ਸੁਣ! ਇਹ ਤੇਰੀਆਂ, ਆਪਣੀ ਮਾਤਾ ਦੀਆਂ ਤੇ ਹੋਰ ਕੁਲਾਂ ਦਾ ਤਾਰਕ ਹੈ, ਸੰਸਾਰ ਤਰੇਗਾ। ਇਹਨੂੰ ਪੁੱਤਰ ਨ ਸਮਝ, ਸੇਵਾ ਕਰ ਲੈ, ਤੇਰੇ ਲੇਖੇ ਇਹੋ ਕੁਝ ਹੈ।"

ਪਹਿਲੀ ਵਿਦਿਆ ਆਪ ਨੇ ਪਿੰਡਾਂ ਦੇ ਸਕੂਲਾਂ ਤੋਂ ਪ੍ਰਾਪਤ ਕੀਤੀ। ਛੇਵੀਂ ਜਮਾਤ ਤੋਂ ਆਪ ਪਟਿਆਲਾ ਵਿਚ ਮਾਡਲ ਸਕੂਲ ਵਿਚ ਦਾਖਲ ਹੋ ਗਏ। ਇਥੇ ਵੱਡੇ ਸਰਦਾਰਾਂ ਦੇ ਬੱਚੇ ਪੜ੍ਹਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਕ ਵਾਰੀ ਦੱਸਿਆ ਕਿ ਇਥੇ ਇਕ ਵਾਰੀ ਸਿੰਧੀ ਮਹਾਤਮਾ T.L. ਵਿਸਵਾਨੀ ਜੀ ਆਏ। ਉਨ੍ਹਾਂ ਕਲਾਸ ਵਿਚ ਕਿਹਾ ਕਿ ਜਪੁਜੀ ਸਾਹਿਬ ਜ਼ਰੂਰ ਯਾਦ ਹੋਣਾ ਚਾਹੀਦਾ ਹੈ। ਅਸੀਂ ਦੋ ਦਿਨਾਂ ਵਿਚ ਹੀ ਯਾਦ ਕਰ ਲਿਆ। ਪੜ੍ਹਾਈ ਵਿਚ ਆਪ ਫਸਟ ਆਇਆ ਕਰਦੇ ਸਨ। Hand writing ਆਪ ਦਾ ਛਾਪੇ ਵਰਗਾ ਸੀ। ਸਾਧੂਆਂ ਦੀ ਸੰਗਤ ਆਪ ਜੀ ਵਿਦਿਆਰਥੀ ਜੀਵਨ ਤੋਂ ਹੀ ਕਰਦੇ ਸਨ। ਆਪ ਜੀ ਵੇਹਲ ਕੱਢ ਕੇ ਤੋਪਖਾਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ, ਤੋਪਖਾਨੇ ਦੇ ਫੌਜੀ ਸਿੰਘ ਕਰਨੀ ਕਮਾਈ ਵਾਲੇ ਸਨ। ਭਿੰਨੀ ਰੈਣ ਜਾਗਣਾ, ਨਾਮ ਸਿਮਰਨ ਕਰਨਾ ਉਹਨਾਂ ਦਾ ਨਿਤ ਕਰਮ ਸੀ। ਸਤੋ ਗੁਣੀ ਭੋਜਨ ਫੌਜੀ ਲੰਗਰ ਵਿਚ ਬਣਦਾ, ਏਥੋਂ ਤਕ ਕਿ ਲਸਣ ਭੀ ਨਹੀਂ ਵਰਤਦੇ ਸਨ। ਤੋਪਖਾਨੇ ਵਿਚੋਂ ਸਰਵਿਸਾਂ ਛੱਡ ਕੇ ਬਹੁਤ ਪ੍ਰੇਮੀ,ਮਹਾਤਮਾ ਦੇ ਪ੍ਰੇਮੀ ਬਣ ਗਏ ਸਨ। ਇਹਨਾਂ ਵਿਚੋਂ ਬਹੁਤੇ ਰੇਰੂ ਸਾਹਿਬ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਪਾਸ ਪੁੱਜ ਕੇ ਨਾਮ ਕਮਾਈ ਕਰਦੇ ਸਨ।

ਆਪ ਜੀ ਉਪਰ ਇਹਨਾਂ ਜਗਿਆਸੂਆਂ ਦਾ ਬਹੁਤ ਅਸਰ ਸੀ। ਪੜ੍ਹਾਈ ਦੇ ਨਾਲ ਹੀ ਆਪ ਜੀ ਸੰਤਾਂ ਦੀ ਸੰਗਤ ਕਰਨ ਦੀ ਪੂਰੀ ਸ਼ਰਧਾ ਭਰੀ ਲਗਨ ਰੱਖਦੇ ਸਨ। ਆਪ ਜੀ ਪਟਿਆਲੇ ਦੇ ਚੌਗਿਰਦੇ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਵਿਚੋਂ ਉਦਾਸੀ ਮਹਾਤਮਾ ਹਰਨਾਮ ਦਾਸ, ਰਾਮਦਾਸ ਜੀ, ਤ੍ਰਿਪੜੀ ਦੇ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਜੋਹਨਦਾਸ, ਅਤੇ ਪਟਿਆਲੇ ਵਾਲੇ ਬਾਬਾ ਧਿਆਨਾ ਜੀ ਦਾ ਪੂਰਾ ਸਤਿਕਾਰ ਕਰਦੇ ਸਨ।

ਸੱਤਵੀਂ ਜਮਾਤ ਤੋਂ ਹੀ ਆਪ ਜੀ ਅੰਮ੍ਰਿਤ ਵੇਲੇ ਦੋ ਵਜੇ ਉਠਕੇ ਸੁਧਾਸਰ ਜਾਣਾ, ਸਰੋਵਰ ਵਿਚ ਇਸ਼ਨਾਨ ਕਰਕੇ, ਕੰਢੇ ਮਹਾਨ ਯੋਗੀਆਂ ਵਾਂਗੂੰ ਪੰਜ ਘੰਟੇ ਅਫੁਰ ਸਮਾਧ ਵਿਚ ਲੀਨ ਹੋਣਾ। ਉਪ੍ਰੰਤ ਆਪਣੇ ਨਿਵਾਸ ਅਸਥਾਨ, ਸ. ਦਲੀਪ ਸਿੰਘ ਜੀ ਗਾਰਡੀਅਨ ਦੀ, ਜੋ ਭੂਆ ਦੇ ਪੁੱਤਰ ਸਨ, ਤੇ ਪੁਜੇ ਸਕੂਲ ਦੀ ਤਿਆਰੀ ਕਰਨੀ।

ਇਕ ਵਾਰੀ ਮਹਾਂਪੁਰਸ਼ਾਂ ਨੇ ਦੱਸਿਆ ਕਿ ਅਸਾਨੂੰ ਐਉਂ ਪ੍ਰਤੀਤ ਦਿਆ ਕਰਦਾ ਸੀ ਕਿ ਅਸੀਂ ਪ੍ਰਕਾਸ਼ ਮੰਡਲ ਵਿਚ ਪ੍ਰਕਾਸ਼ ਪੀਂਘ ਤੇ ਹੁਲਾਰੇ ਲੈ ਰਹੇ ਹਾਂ ਅਤੇ ਇਕ ਫੁੱਲ ਤੇ ਸਮਾਧਿਤ ਬੈਠੇ, ਪਾਣੀ ਤੇ ਅਚਲ ਬੈਠੇ ਹੁੰਦੇ ਹਾਂ। ਅਜੇ ਤੀਕਰ ਨਾਮ ਦਾਤ ਪ੍ਰਾਪਤ ਨ ਹੋਣ ਕਰਕੇ ਆਪ ਨਿਤਨੇਮ ਵਿਚ ਹੋਰ ਬਾਣੀਆਂ ਤੋਂ ਇਲਾਵਾ 25 ਪਾਠ ਜਪੁਜੀ ਸਾਹਿਬ ਅਤੇ 5 ਪਾਠ ਸੁਖਮਨੀ ਸਾਹਿਬ ਦੇ ਅਬੋਲ ਹੀ ਸੁਰਤ ਰਾਹੀਂ ਕਰਿਆ ਕਰਦੇ ਸਨ। ਆਪਨੇ ਦੱਸਿਆ ਕਿ ਪਾਠ ਅੰਦਰ ਸ਼ੁਰੂ ਹੋ ਜਾਣਾ, ਅਸੀਂ ਤਾਂ ਸਰੋਤੇ ਬਣਕੇ ਹੀ ਸੁਣਿਆ ਕਰਦੇ ਸਾਂ। ਸੰਸਾਰੀ ਫੁਰਨਾ ਕੋਈ ਉਠਦਾ ਹੀ ਨਹੀਂ ਸੀ। ਇਕ ਵਾਰੀ ਆਪ ਦੇ ਭਰਾ ਨੇ ਦਰਵਾਜ਼ੇ ਨੂੰ ਤਾਲਾ ਲਾ ਦਿਤਾ ਕਿ ਆਪ ਬਾਹਰ ਨ ਜਾਣ। ਜਦੋਂ 0230 ਤੇ ਉਹ ਮੋਤੀ ਮਹਿਲ ਤੋਂ ਆਏ ਤਾਂ ਕੀ ਦੇਖਦੇ ਹਨ ਕਿ ਆਪ ਜੀ ਪਉੜੀਆਂ ਵਿਚ ਸਮਾਧੀ ਲਾਈ ਅਡੋਲ ਬੈਠੇ ਹਨ। ਉਸ ਦਿਨ ਤੋਂ ਉਹਨਾਂ ਨੇ ਭੀ ਨਾਮ ਜਪਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਇਹ ਸੀ ਮਹਾਨ ਘਾਲਣਾ ਇਹਨਾਂ ਮਹਾਂਪੁਰਖਾਂ ਦੀ, ਜਿਸਦੀ ਬੁਨਿਆਦ ਉਤੇ ਮਹਾਨ ਹਸਤੀ ਦੀ ਜੀਵਨ ਉਸਾਰੀ ਹੋਣੀ ਸੀ। ਇਹ ਗੱਲਾਂ ਵਾਲੇ ਗਿਆਨੀ ਨਹੀਂ ਸਨ, ਕਰਣੀ ਵਾਲੇ ਧੁਰੋਂ ਆਏ ਸਨ।

***ਜੌਹਰੀ ਪਾਉਂਦੇ ਕੀਮਤਾਂ, ਦੁਖ ਮਿਟਾਵੇ ਪੀਰ।***

1923 ਵਿਚ ਆਪ ਜੀ ਦਾ ਮਿਲਾਪ, ਅਗਸਤ ਵਿਚ ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨਾਲ ਹੋਇਆ। ਉਹਨਾਂ ਦੀ ਅਤਰ ਸੁਗੰਧੀ ਸੰਸਾਰ ਵਿਚ ਫੈਲ ਰਹੀ ਸੀ। ਐਉਂ ਲੱਗਿਆ ਕਿ ਅਤਰ ਲਈ ਗੁਲਾਬ ਆਪ ਹੀ ਆ ਗਿਆ। ਇਕੋ ਨਜ਼ਰ ਵਿਚ ਆਪਨੂੰ ਪਛਾਣਿਆ ਗਿਆ। ਅੰਮ੍ਰਿਤ ਛਕਾ ਕੇ ਨਾਮ ਦੀ ਦਾਤ, ਨਾਮ ਦੀ ਸੁਖੈਨ ਜੁਗਤ, ਚਿਤ ਨੂੰ ਇਕਾਗਰ ਕਰਨ ਦੇ ਭੇਦ, ਸ਼ਬਦ ਸੁਰਤ ਦੇ ਨਾਮ ਮਾਰਗ ਦੀ ਸੋਝੀ ਬਖਸ਼ ਦਿਤੀ। ਇਮਤਿਹਾਨ ਦੇਣ ਲਈ ਵਾਪਸ ਭੇਜ ਦਿਤੇ, ਪਰ ਹੁਣ

ਨਾਮ ਦੇ ਰਸ, ਨਾਮ-ਨਾਮੀ ਦੇ ਪਿਆਰ ਦਾ ਵੇਗ ਸੁਰਤੀ ਉਪਰ ਐਨਾ ਪ੍ਰਬਲ ਛਾ ਗਿਆ ਕਿ ਹਰ ਵਕਤ ਸੁਰਤਿ ਅੰਤਰ ਮੁਖ ਹੋ ਕੇ ਅਕਹਿ ਚਰਨ ਕਮਲੀ ਮੌਜ ਵਿਚ ਲੀਨ ਹੋ ਗਈ। ਇਮਤਿਹਾਨ ਕਿਵੇਂ ਦਿਤਾ, ਕੀਹਨੇ ਦਿਤਾ, ਇਹ ਗੱਲਾਂ ਜਾਨਣ ਦੀ ਲੋੜ ਨਹੀਂ। ਆਪ ਦੀ ਅਵਸਥਾ ਕੁਝ ਅਜੇਹੀ ਸੀ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***
***ਪੰਨਾ - 1374***

ਆਲਸ, ਨੀਂਦ, ਭੁੱਖ, ਤੇਹ, ਦਿਲ ਪਰਚਾਵੇ ਦੀਆਂ ਗੱਲਾਂ ਸੁਪਨਾ ਬਣ ਗਈਆਂ। ਨੇਤਰਾਂ ਵਿਚ ਅਰੋਕ ਅਥਰੂ ਵਗਣੇ, ਅੰਦਰਲੇ ਦਾ ਪ੍ਰਤੀਕ ਪਰਗਟ ਹੋ ਰਹੇ ਸਨ।

***ਸਾਂਈ ਵਾਲੇ ਸੁਖ ਨ ਸੌਂਦੇ ਅਤੇ ਰਜ ਨ ਖਾਂਦੇ ਰੋਟੀ।***
***ਔਰਤ ਦੇਖ ਓਹ ਨਾਹਿ ਲੁਭਾਵਨਿ, ਚਾੜ੍ਹੀ ਅਸਲ ਲੰਗੋਟੀ।***
***ਮਨ ਤੇ ਸਭ ਮਨਵਾਵਣ ਅਪਣੀ, ਸਚ ਦੀ ਮਾਰ ਕਸੌਟੀ।***
***ਚੂਹੜ ਸਾਂਈ ਵਾਲਾ ਕੋਈ, ਹੋਰ ਸਗਲੀ ਖਲਕਤ ਖੋਟੀ।***
***ਪੰਨਾ - 71 (ਰੂਹਾਨੀ ਸੰਦੇਸ਼)***

ਆਪ ਪਿਆਰ ਵਿਚ ਪੂਰੀ ਤਰ੍ਹਾਂ ਵਿਕ ਗਏ। ਗੁਲਾਬ ਤੋਂ ਈਸ਼ਰ ਬਨਣ ਲਗੇ। ਆਪਾ ਚਰਨਾਂ ਵਿਚ ਭੇਟ ਕਰ ਦਿਤਾ। ਆਪਣੇ ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਲੀਨ ਹੋ ਕੇ ਉਹਨਾਂ ਦੀ ਰਜ਼ਾ ਵਿਚ ਆਪਣੀ ਹਸਤੀ ਰਲਾ ਦਿਤੀ। ਮੁਰਦੇ ਵਾਂਗੂੰ ਅਚਾਹ, ਅਫੁਰ ਹੋ ਕੇ ਹੁਕਮੀ ਘਾਲ ਘਾਲਦੇ ਰਹੇ। ਪਿਆਰ ਵਿਚ ਆਪਾ ਵੇਚ ਕੇ ਗੁਲਾਮ ਬਣ ਗਏ। ਖਾਣਾ, ਸੌਣਾ, ਭੁੱਖ ਤੋਂ ਬੇਪ੍ਰਵਾਹ ਕਾਰੇ ਜੁਟੇ ਰਹਿੰਦੇ। ਜਿਨ੍ਹਾਂ ਨੇ ਇਹ ਕਰੜੀ ਘਾਲ ਅਖੀਂ ਵੇਖੀ। ਉਹ ਵੇਖ-ਵੇਖ ਕੇ ਆਪਣੇ ਸੀਸ ਸ਼ਰਧਾ ਵਿਚ ਨਿਵਾਉਂਦੇ ਸਨ। ਇਕ ਵਾਰੀ ਇਕ ਪ੍ਰੇਮੀ ਅੰਮ੍ਰਿਤ ਵੇਲੇ ਹੀ ਸੰਤ ਅਤਰ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ। ਕੀ ਦੇਖਦਾ ਹੈ ਕਿ ਇਹਨਾਂ ਦੇ ਗੜਵਈ, ਦਰਵਾਜ਼ੇ ਤੇ ਅਫੁਰ ਸਮਾਧੀ ਵਿਚ ਸੰਸਾਰ ਭੁੱਲੀਂ ਅਡੋਲ ਬੈਠੇ ਹਨ ਪਰ ਮੱਥੇ ਉਪਰ ਮਿਟੀ ਦਾ ਨਿਸ਼ਾਨ ਹੈ ਜੋ ਇਸ ਗਲ ਦਾ ਪ੍ਰਤੀਕ ਹੈ ਕਿ ਨੀਂਦ ਦਾ ਮੁਕਾਬਲਾ ਕਰਦਿਆਂ ਆਪ ਜੀ ਦਾ ਮਸਤਕ ਧਰਤੀ ਨਾਲ ਛੋਹਿਆ ਗਿਆ ਹੋਣਾ ਹੈ।

ਹਰ ਵਕਤ ਬੈਰਾਗ ਦੇ ਪ੍ਰਬਲ ਵੇਗ ਦੀ ਰੋੜ੍ਹ ਵਿਚ ਰੁੜ੍ਹੇ ਰਹਿੰਦੇ। 1924 ਅਪ੍ਰੈਲ ਤੋਂ ਇਕ ਰਸ ਸੇਵਾ, ਸਿਮਰਨ, ਹਰੀ ਕੀਰਤਨ ਵਿਚ ਲੀਨ ਰਹਿੰਦੇ। ਵੱਡੇ ਮਹਾਂਪੁਰਸ਼ਾਂ ਨਾਲ ਹੀ ਸੈਦੂ ਸਾਹਿਬ ਦੀ ਯਾਤਰਾ ਲਈ ਗਏ। ਆਪ ਮੈਨੂੰ ਕਈ ਵਾਰੀ ਦਸਿਆ ਕਰਦੇ ਕਿ ਲੁੰਡੇ ਦਰਿਆ ਵਿਚ ਇਸ਼ਨਾਨ ਕਰਕੇ ਐਨਾ ਜ਼ੋਰ ਠੰਡ ਦਾ ਪੈਣਾ ਕਿ ਕਮੀਜ਼ ਦੇ ਬਟਨ ਭੀ ਨਾ ਲਾ ਸਕਣੇ। ਕਿਨਾਰੇ ਤੇ ਹੀ ਆਸਣ ਲਾ ਲੈਣਾ, ਦਿਨ ਦੇ ਦਸ ਵੱਜ ਜਾਣੇ, ਧੁੱਪ ਚੜ੍ਹ ਆਉਣੀ, ਸਰੀਰ ਵਿਚ ਨਿੱਘ ਵਰਤਣੀ, ਫਿਰ ਸੁੰਨ ਦੂਰ ਹੋਣ ਤੇ ਸਾਵਧਾਨ ਹੋਣਾ। ਵੱਡੇ ਸੰਤਾਂ ਨੇ ਇਸ ਅਕਥ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਕਫਨੀ ਪਹਿਨਾ ਕੇ ਬਚਨ ਕੀਤਾ ਹੁਣ ਸੰਸਾਰ ਵਲੋਂ ਮੁਰਦਾ ਹੋ ਕੇ ਗੁਰੂ ਸੇਵਾ ਵਿਚ ਜਿਉਣਾ। ਦੁਨੀਆਂ ਦੀ ਉਸਤਤਿ-ਨਿੰਦਿਆ, ਮਾਣ-ਅਪਮਾਨ, ਆਦਰ-ਅਨਾਦਰ ਤੋਂ ਅਛੋਹ ਰਹਿ ਕੇ ਆਤਮ-ਪ੍ਰਮਾਤਮ ਦੀ ਅੰਦਰੋਂ ਹੀ ਖੋਜ ਕਰਨੀ ਹੈ। ਜੀਰਾਂਦ ਵਿਚ ਵਰਤਣਾ ਹੈ -

***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥ ਪੰਨਾ - 1381***

***ਖੋਦ ਖਾਦ ਧਰਤੀ ਸਹੇ, ਕਾਟ ਕੂਟ ਬਨਰਾਇ॥***
***ਬੋਲ ਕਬੋਲ ਸਾਧੂ ਸਹੈ, ਅਵਰ ਪੈ ਸਹਿਆ ਨ ਜਾਇ॥***

ਸਬਰ ਸ਼ੁਕਰ ਨੂੰ ਸਾਥੀ ਬਣਾਉਣਾ ਹੈ। ਲੋਹਾ ਕੰਚਨ ਨੂੰ ਇਕ ਸਮਾਨ ਜਾਣ ਕੇ ਸਮਾਨ ਬਿਰਤੀ ਧਾਰਨ ਕਰਨੀ ਹੈ।

21 ਜਨਵਰੀ 1927 ਨੂੰ ਵੱਡੇ ਮਹਾਂਪੁਰਸ਼ ਸਚਖੰਡ ਲੀਨ ਹੋ ਗਏ। ਵਿਛੋੜਾ ਅਸਹਿ ਸੀ। ਆਪ ਜੀ ਦਿਨ ਰਾਤ ਬੈਰਾਗ ਦਾ ਹੀ ਰੂਪ ਬਣੇ ਰਹਿੰਦੇ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***
***ਪੰਨਾ - 1368***

ਹਰ ਸਮੇਂ ਆਪ ਜੀ ਲਿਵ ਮੰਡਲ ਵਿਚ ਹੀ ਪ੍ਰਵੇਸ਼ ਰਖਦੇ। ਅਗਲੇ ਸਾਲ ਆਪ ਜੀ ਨੂੰ ਰਾੜੇ ਸਾਹਿਬ ਵਾਲੀ ਢੱਕੀ ਦੇ ਮਹਾਨ ਪੁੰਨ ਕਰਮਾਂ ਨੇ ਖਿਚ ਪਾਈ। ਜੀਵਾਂ ਦੀ ਪ੍ਰਬਲ ਪੁੰਨ ਪ੍ਰਾਲਬਧ ਨੂੰ ਅਨੁਭਵ ਕੀਤਾ ਅਤੇ ਇਸ ਪੁੰਨ ਭੂਮੀ ਨੂੰ ਆਪ ਜੀ ਨੇ ਤਪੋ ਭੂਮੀ ਅਤੇ ਕਰਮ ਭੂਮੀ ਵਜੋਂ ਚੁਣਿਆ। ਸੰਸਾਰ ਨੂੰ ਸੋਝੀ ਪਾਉਣ ਲਈ ਆਪ ਜੀ ਨੇ ਗੁਰਮਤਿ ਮਾਰਗ ਅਨੁਸਾਰ ਘਾਲ ਕਮਾਈ ਆਰੰਭ ਦਿਤੀ। ਗੁਰੂ ਕਾ ਲੰਗਰ 24 ਘੰਟੇ ਚਲਣ ਲਗਿਆ। ਜਗਿਆਸੂ, ਭੌਰਿਆਂ ਵਾਂਗੂੰ ਨਾਮ ਰਸ ਦੀ ਭਿੰਨੀ ਸੁਗੰਧੀ ਲੈਣ ਲਈ ਪਿਛਲੇ ਪੁੰਨਾਂ ਦੇ ਪ੍ਰੇਰੇ ਪੁਜ ਗਏ।

***ਰੇਤ ਅਕੁ ਅਹਾਰ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ***
***ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ॥***
***ਭਾਈ ਗੁਰਦਾਸ ਜੀ, ਵਾਰ - 1/24***

ਆਪ ਜੀ ਦੇ ਸਾਹਮਣੇ ਉਪਰਲਾ ਲਕਸ਼ ਸੀ। ਬਹੁਤ ਸਾਰੇ ਪ੍ਰੇਮੀ ਬਾਣੀ ਦੇ ਪਾਠ, ਸੁਰਤਿ ਇਕਾਗਰ ਕਰਕੇ ਕਰਨ ਲਗੇ। 25 ਸੁਖਮਨੀ ਸਾਹਿਬ ਦੇ ਪਾਠ ਸੁਰਤ ਨਾਲ, 108-108 ਜਪੁਜੀ ਸਾਹਿਬ ਦੇ ਪਾਠ, ਗੁਰੂ ਗਰੰਥ ਸਾਹਿਬ ਦੇ ਬਾਰਾਂ-ਬਾਰਾਂ ਘੰਟੇ ਪਾਠ, ਕੋਈ ਗੁਰਮੰਤ੍ਰ ਦਾ ਅਖੰਡ ਜਾਪ, ਕੋਈ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ॥', ਕੋਈ 'ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥,' ਕੋਈ ਆਤਮ ਚਿੰਤਨ, ਕੋਈ ਬ੍ਰਹਮ ਬੀਚਾਰੁ ਆਦਿ ਪ੍ਰੇਮ ਕਰਮਾਂ ਵਿਚ ਲੀਨ ਹੋ ਗਏ। ਅਲਪ ਅਹਾਰ, ਸੁਲਪ ਸੀ ਨਿੰਦ੍ਰਾ ਦੇ ਧਾਰਨੀ ਹੋ ਗਏ। ਦਿਨ ਵਿਚ ਇਕ ਵਾਰੀ ਖਿਚੜੀ ਤੇ ਇਕ ਵਾਰੀ ਸਰਦਾਈ, ਲੱਸੀ ਜਾਂ ਦੁੱਧ ਦਾ ਗਲਾਸ ਮਿਲਦਾ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਰੇਤਲੇ ਟਿੱਬਿਆਂ ਵਿਚ ਬੈਠ ਜਾਣਾ। ਦੁਪਹਿਰੇ ਰੇਤ ਤਪ ਜਾਣੀ, ਲੂ ਚਲਦੀ ਰਹਿਣੀ, ਰੇਤ ਅਗਨ ਰੂਪ ਹੋ ਜਾਣੀ ਪਰ ਆਪ ਜੀ ਦੀ ਅਖੰਡ ਸਮਾਧਿ ਕਈ-ਕਈ ਦਿਨ ਖੰਡਿਤ ਨ ਹੋਣੀ। ਜੇ ਆਪ ਦਰਵਾਜ਼ਾ ਬੰਦ ਕਰਕੇ ਬੈਠ ਗਏ ਤਾਂ ਸੱਤ-ਸੱਤ ਦਿਨ ਦਰਵਾਜ਼ਾ ਨ ਖੁਲ੍ਹਣਾ। ਭਾਦਰੋਂ ਦੇ ਸਖਤ ਹੁੰਮਸ ਤੋਂ ਅਚੇਤ ਹੋ ਕੇ ਸੁਰਤ ਵਾਹਿਗੁਰੂ ਜੀ ਦੇ ਪ੍ਰੇਮ ਪ੍ਰੀਤੀ ਅਤਿ ਗਹਿਰੀ ਲੀਨਤਾ ਵਿਚ ਲਿਵਤਾਰ ਰਹਿਣੀ।

ਸਰਦੀਆਂ ਵਿਚ ਨਹਿਰ ਦੇ ਠੰਡੇ ਪਾਣੀ ਵਿਚ ਇਸ਼ਨਾਨ ਕਰ ਕੰਢੇ ਤੇ ਹੀ ਸੱਜ ਜਾਣਾ। ਇਕੋ ਖੱਦਰ ਦੀ ਚਾਦਰ ਤੇ ਇਕ ਖੱਦਰ ਦਾ ਚੋਲਾ ਹੀ ਹੁੰਦਾ ਸੀ। ਕਈ ਵਾਰੀ ਕੱਕਰ ਉਪਰ ਜੰਮ ਜਾਣਾ, ਦਿਨ ਚੜ੍ਹੇ ਸਮਾਧੀ ਤੋਂ ਉਥਾਨ ਹੋਣਾ, ਏਹੋ ਕ੍ਰਿਆ ਉਸ ਸਮੇਂ ਦੇ ਨਾਲ ਬੈਠਦੇ ਸਾਥੀਆਂ ਦੀ ਸੀ।

*ਇਹ ਬਿਧਿ ਕਰਤ ਤਪਸਿਆ ਭਯੋ॥*
*ਦ੍ਵੈ ਤੇ ਏਕ ਰੂਪ ਹੋ ਗਯੋ॥*

ਅਲਪ ਆਹਾਰ, ਸੁਲਪ ਸੀ ਨਿੰਦ੍ਰਾ ਕਾਰਨ ਸਰੀਰ ਤਾਂ ਪਿੰਜਰ ਹੀ ਬਣ ਗਿਆ ਪਰ ਚੇਹਰੇ ਦੀ ਆਭਾ ਰੋਸ਼ਨੀ ਦੀ ਭਾਅ ਮਾਰਦੀ ਰਾਤ ਦੇ ਅਨ੍ਹੇਰੇ ਵਿਚ ਨੂਰੀ ਕਿਰਣਾਂ ਝਰਦੀਆਂ ਰਹਿਣੀਆਂ। ਤਪ-ਤੇਜ਼ ਰਾਹੀਂ ਜਲਾਲ ਐਨਾ ਵਧ ਗਿਆ ਕਿ ਆਪਦੇ ਨੇਤ੍ਰਾਂ ਵਲ ਵੇਖ ਹੀ ਨਹੀਂ ਸੀ ਹੁੰਦਾ। Megnetic ਪ੍ਰਭਾਵ, ਨੇਤਰਾਂ ਵਿਚ ਐਨਾ ਪ੍ਰਬਲ ਹੋ ਗਿਆ ਕਿ ਜੇ ਇਕ ਵਾਰੀ ਝਾਕ ਲੈਂਦੇ ਤਾਂ ਅੰਦਰ ਝਰਨਾਟਿਆ ਜਾਣਾ ਅਤੇ ਆਪੇ ਹੀ ਵਾਹਿਗੁਰੂ ਵਾਹਿਗੁਰੂ ਹੋਣ ਲਗ ਜਾਣਾ ਅਤੇ ਕਈ ਕਈ ਦਿਨ ਨ ਬੰਦ ਹੋਣਾ।

ਕੋਈ ਅੰਦਰੂਨੀ ਅਵਸਥਾ ਵਾਰੇ ਕੁਝ ਭੀ ਕਹਿ ਨਹੀਂ ਸਕਦਾ ਕਿਉਂਕਿ ਮਹਾਂਪੁਰਖ ਆਪਣੀਆਂ ਅਵਸਥਾਵਾਂ ਦੇ ਇਸ਼ਤਿਹਾਰ ਨਹੀਂ ਕੱਢਦੇ -

*ਹੋਨਿ ਨਜ਼ੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥*
*ਪੰਨਾ - 1384*

ਪਰ ਕਦੇ-ਕਦੇ ਕਿਸੇ ਜਗਿਆਸੂ ਦੇ ਭਲੇ ਲਈ ਕੁਝ ਕੁ ਪਰਗਟ ਭੀ ਕਰ ਦਿੰਦੇ ਸਨ। ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ, ਦਿੱਲੀ ਤੋਂ ਇਕ ਪ੍ਰੇਮੀ ਨੇ ਤੁਹਾਡਾ ਜੀਵਨ ਲਿਖਣ ਦੇ ਫੁਰਨੇ ਨਾਲ ਮੈਥੋਂ ਕੁਝ ਤਥ ਮੰਗੇ ਹਨ। ਆਪ ਨੇ ਫੁਰਮਾਇਆ ਕਿ ਸੰਤਾਂ ਦਾ ਜੀਵਨ ਕੋਈ ਸਾਧੂ ਹੀ ਲਿਖ ਸਕਦਾ ਹੈ, ਲਿਖਾਰੀ ਨਹੀਂ। ਲਿਖਾਰੀ ਨੇ ਬਾਹਰਲੀਆਂ ਘਟਨਾਵਾਂ ਲਿਖਣੀਆਂ ਹਨ। ਅੰਦਰਲੀਆਂ ਵਾਰੇ ਉਸਨੂੰ ਗਿਆਨ ਨਹੀਂ। ਮੇਰੇ ਬਾਰ-ਬਾਰ ਪੁੱਛਣ ਤੇ ਫੁਰਮਾਇਆ ਕਿ ਅਸੀਂ ਨੌ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ। ਰਾਤਾਂ, ਪਲੰਘਾਂ ਤੇ ਨਹੀਂ, ਸਫਾਂ ਅਤੇ ਭੂਮੀ ਤੇ ਹੀ ਕੱਟੀਆਂ ਸਨ। ਫਿਰ ਨਾਮ ਦੀ ਅਵਸਥਾਵਾਂ ਵਾਰੇ ਦਸਦਿਆਂ ਕਿਹਾ ਕਿ ਜਦੋਂ ਅਸੀਂ ਸਹੰਸਰਾਰ, 1000 ਪੱਤੀਆਂ ਵਾਲੇ, ਅਤਿ ਰੋਸ਼ਨੀ ਵਾਲੇ ਚੱਕਰ ਵਿਚੋਂ ਲੰਘ ਰਹੇ ਸੀ ਤਾਂ ਰੂਹਾਨੀ ਸ਼ਕਤੀਆਂ, ਜੋ ਕਾਲ ਮੰਡਲ ਦੀ ਆਖਰੀ ਰੇਖਾ ਉਤੇ ਰੂਹ ਨੂੰ ਭੁਲਾਉਣ ਲਈ ਖੜ੍ਹੀਆਂ ਹੁੰਦੀਆਂ ਹਨ; ਪਹਿਲਾਂ ਆਪੋ-ਆਪਣੀ ਸ਼ਕਤੀ ਦਾ ਪਰੀਚਾ ਕਰਾ ਕੇ ਦਸ ਰਹੀਆਂ ਸਨ ਕਿ ਮੈਂ ਅੰਤਰਜਾਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਮੇਰੇ ਕੌਤਕ ਵੇਖੋ; ਕੋਈ ਅਵਾਜ਼ ਦਿੰਦੀ ਸੀ - ਮੈਂ ਦੂਰ ਦਰਸ਼ਕਤਾ ਹਾਂ, ਤੀਜੀ ਕਹਿੰਦੀ ਸੀ ਮੈਂ ਪ੍ਰੇਰਨਾ ਸ਼ਕਤੀ ਹਾਂ, ਰਾਜੇ ਮਹਾਰਾਜੇ ਤੁਹਾਡੇ ਚਰਨਾਂ ਤੇ ਲਿਆ ਸਕਦੀ ਹਾਂ; ਕੋਈ ਕਹੇ ਤੁਹਾਨੂੰ ਹਵਾ ਵਿਚੀਂ ਹਜ਼ਾਰਾਂ ਮੀਲਾਂ ਤੇ ਇਕ ਫੁਰਨਾ ਕਰਦੇ ਹੀ ਪਹੁੰਚਾ ਸਕਦੀ ਹਾਂ।

ਅਸੀਂ ਬੈਰਾਗ ਦੀ ਪਰਬਲਤਾ ਕਰਕੇ ਕੋਈ ਧਿਆਨ ਨ ਦਿਤਾ। ਫਿਰ ਇਹ ਇਸਤਰੀ ਰੂਪ ਵਿਚ ਰੋ-ਰੋ ਕੇ, ਅੰਗੀਕਾਰ ਕਰਨ ਲਈ ਬੇਨਤੀਆਂ ਕਰਨ, ਪਰ ਅਸਾਡਾ ਨਿਸ਼ਾਨਾ ਕਾਲ ਮੰਡਲ ਤੋਂ ਨਿਰੰਕਾਰ ਮੰਡਲ ਦਾ ਹੋਣ ਕਰਕੇ ਇਹਨਾਂ ਦੀਆਂ ਠਗਣੀਆਂ ਚਾਲਾਂ ਵਿਚ ਫਸ ਨ ਸਕਿਆ। ਫਿਰ ਜਦੋਂ ਨਾਮ ਮੰਡਲ ਵਿਚ ਸੁਰਤ ਦਾ ਨਿਵਾਸ ਹੋ ਜਾਂਦਾ ਹੈ ਤਾਂ ਇਹ ਪਿਛੇ ਲਗ ਤੁਰਦੀਆਂ ਹਨ -

*ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649*

ਪਰ ਗੁਰਮੁਖ ਜਨ, ਫੇਰ ਭੀ ਇਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਕਿਉਂਕਿ ਇਹ ਸੇਵਾਦਾਰਨੀਆਂ ਬਣੀਆਂ ਭੀ ਕੁਟਲ, ਕਠੋਰ ਲੁਭਾਉਣ ਵਾਲੀਆਂ ਹਨ, ਭੀੜਾਂ ਇਕੱਠੀਆਂ ਕਰਦੀਆਂ ਹਨ।

ਆਪ ਦਇਆ ਕਰਕੇ ਫੁਰਮਾਉਣ ਲਗੇ ਕਿ ਅਕਾਲ ਮੰਡਲ ਵਿਚ ਸੁਰਤ, ਪ੍ਰਵੇਸ਼ ਕਰਦੇ ਹੀ ਆਪਾ ਭਾਵ ਗੁਆ ਬੈਠਦੀ ਹੈ ਅਤੇ ਇਹ ਨਿੱਕੀ ਹਉਂ, ਪਰਮ ਆਪੇ ਦਾ ਰੂਪ ਹੀ ਬਣ ਜਾਇਆ ਕਰਦੀ। ਇਸ ਅਵਸਥਾ ਤੇ ਪੁਜਿਆ 'ਸੰਤ' 'ਗੁਰਮਖਿ' 'ਮਹਾਂਪੁਰਸ਼' ਦੀ ਉਪਾਧੀ ਧਾਰਨ ਕਰਦਾ ਹੈ ਇਸੇ ਕਰਕੇ 'ਸੰਤ ਅਨਤੰਹਿ ਅੰਤਰੁ ਨਾਹੀ।' ਜਾਂ 'ਬ੍ਰਹਮ ਗਿਆਨੀ ਆਪਿ ਪਰਮੇਸ਼ਰ' ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397*

ਪੂਰਨ ਰੂਪ ਵਿਚ ਆਪ ਜੀ ਬਖਸ਼ਸ਼ ਦਾ ਦਰ ਪ੍ਰਾਪਤ ਕਰਕੇ, ਹੁਕਮ ਅੰਦਰ ਸੰਸਾਰ ਨੂੰ ਨਾਮ ਮਾਰਗ ਤੇ ਪਾ ਕੇ ਸੁਖੀ ਕਰਨ ਲਈ ਕੀਰਤਨ ਮੰਡਲ ਰਚੇ। ਦੇਸਾਂ-ਪ੍ਰਦੇਸਾਂ ਵਿਚ ਲੱਖਾਂ ਜਗਿਆਸੂਆਂ ਨੂੰ ਜੀਵਨ ਦਾਨ ਦੀ ਦਾਤ ਬਖਸ਼ੀ। ਸਤ ਲੱਖ ਪ੍ਰਾਣੀਆਂ ਤੋਂ ਵੱਧ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪ੍ਰਭੂ ਪਿਆਰ ਵਿਚ ਪਰੋਏ, ਸਾਰੀ ਜ਼ਿੰਦਗੀ ਇਕ ਦਿਨ ਭੀ ਛੁਟੀ ਨਾ ਕੀਤੀ। ਆਪ ਕਿਹਾ ਕਰਦੇ ਸਨ ਕਿ ਭਾਈ ਤੁਹਾਨੂੰ ਸਭ ਨੂੰ ਛੁੱਟੀ ਹੋ ਜਾਂਦੀ ਹੈ, ਅਸਾਡੇ ਸਿਰ ਤੇ ਨਿਰੰਕਾਰ ਜੀ ਨੇ ਐਸੀ ਕਾਰ ਪਾਈ ਹੈ ਕਿ ਅਸਾਨੂੰ ਕਦੇ ਭੀ ਛੁੱਟੀ ਨਹੀਂ ਹੁੰਦੀ। ਅੰਮ੍ਰਿਤ ਵੇਲੇ ਜਾਗਣਾ, ਦਿਨੇ ਸੰਗਤਾਂ ਵਿਚ, ਰਾਤੀਂ ਕਥਾ ਕੀਰਤਨ, ਇਹ ਨਿੱਤ ਦਾ ਹੀ ਕਰਮ ਹੈ।

ਆਪ ਜੀ ਪੂਰਨ ਗਿਆਨਵਾਨ ਸਨ। ਕਈ ਪ੍ਰੇਮੀ ਖੇਦ ਮਹਿਸੂਸ ਕਰਨਗੇ ਜੇ ਮੈਥੋਂ ਇਹ ਕਹਿ ਹੋ ਜਾਵੇ ਕਿ ਆਪ ਜੀ ਦੇ ਸਰੀਰ ਵਿਚ ਪਰਮੇਸ਼ਰ ਹੀ ਦਰਸ਼ਨ ਦੇ ਰਹੇ ਸਨ। ਆਪ ਜੀ ਦੇ ਸੁਭਾਵ ਬਾਰੇ ਰੂਹਾਨੀ ਸੰਦੇਸ਼ ਪੰਨਾ 208 ਵਿਚ ਅੰਕਿਤ ਹੈ -

*ਜਨਮੇ ਦੀ ਖੁਸ਼ੀ ਕਦੇ ਕੀਤੀ ਹੈ ਨ ਆਪ ਜੀ ਨੇ*
*ਮਰੇ ਤਾਂ ਉਦਾਸੀ ਦਾ ਨਾ ਕਦੇ ਪ੍ਰਭਾਓ ਹੈ।*
*ਦੁਨੀਆਂ ਦਾ ਦੁਖ ਸੁਖ ਜਾਣਦੇ ਨੇ ਇਕੋ ਜਿਹਾ*
*ਵਰ ਤੇ ਸਰਾਪ ਦਾ ਨ ਰਖਿਆ ਲਗਾਓ ਹੈ।*
*ਸੰਗਤ ਨਿਵਾਸ ਰਖੀ ਆਸ ਹੈ ਨ ਕਿਸੇ ਦੇ ਵੀ*
*ਰਾਜੇ ਰੰਕ ਸੰਦਾ ਨਹੀ ਚਿਤ ਮਹਿ ਡਰਾਓ ਹੈ।*
*ਜਪਦੇ ਹੀ ਸਤਿਨਾਮੁ ਨਿਤ ਦੇਖੈ ਮੋਹਨ ਹਰਿ*
*ਕਾਹੂੰ ਸਿਓ ਨ ਵੈਰ ਸੰਤ ਜੀ ਸੁਭਾਓ ਹੈ।*

ਸੰਤ ਮਹਾਰਾਜ ਜੀ ਨਿਰਾ ਹੀ ਪ੍ਰੇਮ ਰੂਪ ਸਨ। ਜਿਸਨੇ ਇਕ ਵਾਰ ਦਰਸ਼ਨ ਕਰ ਲਏ, ਖਿਚ ਖਾ ਗਿਆ। ਪਿਛਲਾ ਸੁਭਾਅ ਬਦਲ ਗਿਆ ਅਤੇ ਨਾਮ ਜਾਪ ਵਲ ਲਗ ਗਿਆ। ਆਪ ਜੀ ਮਾਇਆ ਵਲੋਂ ਪੂਰਨ ਤੌਰ ਤੇ ਨਿਰਚਾਹ ਸਨ। ਚੰਡੀਗੜ੍ਹ ਚਾਰ ਪੰਜ ਵਾਰੀ ਲਿਆ ਕੇ ਕੀਰਤਨ ਕਰਾਏ, ਦੀਵਾਨ ਤਿੰਨ-ਤਿੰਨ ਹਫਤੇ ਲਗਦੇ ਰਹੇ, ਬੇ-ਪਨਾਹ ਇਕੱਠ ਹੁੰਦੇ। ਕਮੇਟੀਆਂ ਦੀਆਂ ਗੋਲਕਾਂ ਨਕੋ-ਨੱਕ ਭਰ ਜਾਂਦੀਆਂ, ਪਰ ਮਾਇਆ ਗ੍ਰਸੀਆਂ ਕਮੇਟੀਆਂ, ਮਹਾਂਪੁਰਖਾਂ ਦੇ ਆਦਰ ਲਈ 250 ਰੁਪੇ ਸਰੋਪਾ ਭੇਟ ਕਰਦੀਆਂ। ਸੰਤ ਮਹਾਰਾਜ ਜੀ ਆਪਣੇ ਪਾਸੋਂ 500 ਰੁਪੇ ਕੱਢ ਕੇ, ਸਰੋਪੇ ਤੇ ਹੋਰ ਰੱਖ ਕੇ ਵਾਪਸ ਕਰ ਦਿੰਦੇ, ਉਹ ਕਮੇਟੀਆਂ ਦੀ ਮਾਇਕ ਭੁੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਲੰਡਨ 1974 ਵਿਚ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਵਿਚ ਕੀਰਤਨ ਕੀਤਾ। ਹਜ਼ਾਰਾਂ ਪੌਂਡਾਂ ਦਾ ਸਰੋਪਾ, ਜੋ ਅੱਜ ਕਲ ਦੇ ਕਈ ਲੱਖਾਂ ਦੇ ਬਰਾਬਰ ਹੈ, ਆਪ ਜੀ ਨੇ ਇਹ ਕਹਿ ਕੇ ਵਾਪਸ

( ਬਾਕੀ ਪੰਨਾ 9 ਤੇ)

# ਧਾਵਤ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰ ਪਾਇਆ॥

*ਸੰਤ ਬਾਬਾ ਧਨਵੰਤ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ -11)*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥* *ਪੰਨਾ - 176*

ਬੜਾ ਸਫਰ ਕੀਤੇ, ਬਹੁਤ ਘੁੰਮੇ, ਬਹੁਤ ਭਵੇਂ ਆਂ -

.................*ਥਕਿ ਆਏ ਪ੍ਰਭ ਕੀ ਸਾਮ॥ ਪੰਨਾ - 133*

ਜਦੋਂ ਥੱਕ ਗਏ, ਭਟਕ-ਭਟਕ ਕੇ ਜੋਨਾਂ 'ਚ ਥੱਕ ਗਏ; ਬੜੀਆਂ ਅਰਦਾਸਾਂ ਕੀਤੀਆਂ, ਬੜੀਆਂ ਮਿੰਨਤਾਂ ਕੀਤੀਆਂ, ਹੇ ਸੱਚੇ ਪਾਤਸ਼ਾਹ! ਸਾਨੂੰ ਕੱਢ ਲਓ, ਸਾਡੇ ਤੇ ਮਿਹਰ ਕਰੋ, ਸਾਡੇ ਤੇ ਤਰਸ ਕਰੋ ਤੇ ਗੁਰੂ ਬਾਬਾ ਜੀ ਨੇ ਤਰਸ ਕਰ ਦਿਤਾ -

*ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥* *ਪੰਨਾ - 270*

ਕ੍ਰਿਪਾ ਕਰ ਦਿਤੀ ਨਾ! ਕਈ ਕਹਿੰਦੇ ਨੇ, ਜੀ ਕ੍ਰਿਪਾ ਕਰੋ। ਮੈਂ ਕਿਹਾ, ਕ੍ਰਿਪਾ ਤਾਂ ਬੜੀ ਤੇਰੇ ਤੇ ਮਹਾਰਾਜ ਨੇ ਕੀਤੀ ਹੈ, ਪਰ ਤੂੰ ਕਦੀ ਕ੍ਰਿਪਾ ਦਾ ਧੰਨਵਾਦ ਨਹੀਂ ਕੀਤਾ। ਗੁਰੂ ਬਾਬਾ ਜੀ ਸਿਮਰਨ ਕਰਾਉਣ ਦੀ ਜੁਗਤ ਸਾਨੂੰ ਦੱਸਦੇ ਨੇ, ਸ਼ੁਰੂ ਈ ਸਾਡੇ ਤੋਂ ਕਰਦੇ ਨੇ, ਕਹਿੰਦੇ, ਤੂੰ ਆਪਣੇ ਸਰੀਰ ਤੋਂ ਈ ਪਹਿਲਾਂ ਵੇਖਣਾ ਸ਼ੁਰੂ ਕਰ ਦੇ। ਕਿੰਨੇ ਲੋਕ ਨੇ ਜਿਹੜੇ ਹੱਥਾਂ ਪੈਰਾਂ ਤੋਂ ਕੋਹੜੇ ਨੇ; ਕੋਹੜ ਪਿਐ ਤੇ ਵਗਦੇ ਪਏ ਨੇ - *'ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥'* ਇਹ ਕ੍ਰਿਪਾ ਨਹੀਂ ਗੁਰੂ ਦੀ - ਸਾਧਸੰਗਤ ਜੀ? ਮੈਂ ਦੇਖਿਐ ਵੱਡੇ-ਵੱਡੇ ਸ਼ਹਿਰਾਂ 'ਚ - ਕਲਕੱਤੇ ਵੀ ਦੇਖਿਐ, ਬੰਬਈ ਵੀ ਦੇਖਿਐ; ਉਹ ਲੋਕ ਨੇ ਜਿਨ੍ਹਾਂ ਕੋਲ ਰੋਟੀ ਨਹੀਂ ਖਾਣ ਵਾਸਤੇ, ਗੰਦਗੀ ਦੇ ਗਟਰਾਂ 'ਚੋਂ ਸੁੱਕੇ ਟੁਕੜੇ ਪਏ ਚੁਕਦੇ ਨੇ। ਤੇ ਜੇ ਛੱਤੀ ਪ੍ਰਕਾਰ ਦੇ ਪਦਾਰਥ ਮਿਲੇ ਨੇ, ਤੇ ਗੁਰੂ ਦੀ ਕ੍ਰਿਪਾ ਨਹੀਂ? ਉਹ ਲੋਕ ਨੇ, ਮੈਂ ਦੇਖਿਐ, ਆਸ਼ਰਮ 'ਚ ਮੇਰੇ ਕੋਲ ਵੀ ਕਈ ਵਾਰ ਆਉਂਦੇ ਨੇ। ਆਹ ਸਰਦੀਆਂ ਆ ਚਲੀਐਂ; ਲੋਕਾਂ ਦੇ ਬੱਚੇ ਜਿਨ੍ਹਾਂ ਦੇ ਨਮੂਨੀਏ ਨਾਲ ਮਰ ਜਾਂਦੇ ਨੇ, ਕੱਪੜੇ ਨਹੀਂ ਮਿਲਦੇ, ਤੇ ਜੇ ਮਿਲ ਰਹੇ ਨੇ ਤੇ ਗੁਰੂ ਕ੍ਰਿਪਾ ਨਹੀਂ ਜੀ? ਲੋਕ ਬੱਸ ਸਟੈਂਡਾਂ ਤੇ, ਰੇਲਵੇ ਸਟੇਸ਼ਨਾਂ ਤੇ ਫਿਰਦੇ ਪਏ ਨੇ - 'ਅੱਖਾਂ ਵਾਲਿਓ ਅੱਖਾਂ ਬੜੀ ਨਿਆਮਤ; ਅੱਖਾਂ ਨੇ, ਪਰ ਅੰਨ੍ਹੀਆਂ ਪਈਆਂ ਨੇ। ਡਾਕਟਰ ਜ਼ੋਰ ਲਾ ਹਟੇ ਨੇ, ਨਹੀਂ ਬਣਦੀ ਗੱਲ। ਜੇ ਦਿਤੀਆਂ ਨੇ ਤੇ ਉਹਦੀ ਕ੍ਰਿਪਾ ਨਹੀਂ?

ਸਾਧਸੰਗਤ! ਦੋ ਚਾਰ ਦਸ ਰੁਪਏ ਦਾ ਰੁਮਾਲ ਆਉਂਦੇ - towel ਛੋਟਾ ਜਿਹਾ, ਇਹ ਡਿੱਗ ਪਏ ਤਾਂ ਸਾਨੂੰ ਜਾਂਦਿਆਂ-ਜਾਂਦਿਆਂ ਕੋਈ ਪਿਛੋਂ ਫੜਾ ਦਏ, ਅਸੀਂ ਕਹਿੰਦੇ ਆਂ - thanks, ਧੰਨਵਾਦ ਐ ਤੇਰਾ, ਤੇਰੀ ਮੇਹਰਬਾਨੀ; ਆਹ ਐਨਾ ਕੁਝ ਪ੍ਰਮੇਸ਼ਰ ਨੇ ਦਿਤੈ, ਉਹਦਾ ਵੀ thanks ਕੀਤੈ ਕਦੀ? ਸਿਮਰਨ ਕਿਹਨੂੰ ਕਹੋਗੇ? ਸ਼ਿਕਾਇਤ ਨਹੀਂ, ਸ਼ਿਕਵਾ ਨਹੀਂ; ਸ਼ੁਕਰ, ਸ਼ੁਕਰ ਹੈ, ਹਰ ਵੇਲੇ ਸ਼ੁਕਰ ਵਿਚੋਂ ਸਿਮਰਨ ਦਾ ਜਨਮ ਹੋਏਗਾ - ਕੇਵਲ ਸ਼ੁਕਰ ਵਿਚੋਂ। ਸਾਧਸੰਗਤ ਜੀ, ਕਮਾ-ਕਮਾ ਕੇ ਭਗਤਾਂ ਦੀ ਗੱਲ ਕਰੀਏ ਨਾ, ਸਿੱਖਾਂ ਦੀ ਗੱਲ ਕਰੀਏ ਤੇ ਕਈ ਪ੍ਰੇਮੀ ਕਹਿੰਦੇ ਨੇ, ਲਓ ਜੀ, ਉਹ ਬਾਬਾ ਕਬੀਰ ਜੀ ਹੋ ਗਏ? ਅਸੀਂ ਕੋਈ ਬਾਬਾ ਕਬੀਰ ਬਣ ਚਲੇ ਆਂ? ਜਿੰਨੀ ਦੇਰ ਤੱਕ ਤੁਸੀਂ ਬਾਬਾ ਕਬੀਰ ਨਹੀਂ ਬਣੋਂਗੇ, ਖਲਾਸੀ ਨਹੀਂ ਹੋਣੀ। ਉਨ੍ਹਾਂ ਨੇ ਕਸਵੱਟੀ ਦੱਸੀ ਹੈ, ਉਨ੍ਹਾਂ ਨੇ ਉਹ level ਦਸਿਐ, ਉਨ੍ਹਾਂ ਨੇ ਅਨੁਭਵ ਦੱਸਿਐ ਕਿ ਇੰਝ ਸਾਡੇ ਨਾਲ ਵਾਪਰਿਐ, ਇੰਝ ਹੋਇਐ। ਅਸੀਂ ਪੜ੍ਹ ਰਹੇ ਹਾਂ ਕਿ ਕਬੀਰ ਜੀ ਨੇ ਕੀ ਕੀਤਾ ਤੇ ਏਥੇ ਪਹੁੰਚੇ; ਅਸੀਂ ਵੀ ਉਂਝ ਕਰਾਂਗੇ। ਮਹਾਂਪੁਰਖ ਰਾਤ ਦਿਨ ਦੱਸ ਰਹੇ ਨੇ ਕਿ ਇੰਝ ਕਰੋ, ਇੰਝ ਕਰੋ, ਇੰਝ ਕਰੋ, ਤਾਂ ਗੱਲ ਬਣੇਗੀ। ਅਸੀਂ ਉਨ੍ਹਾਂ ਤੇ ਈ ਯਕੀਨ ਕਰ ਲੈਨੇ ਆਂ - ਉਹ ਬਣ ਗਏ ਨੇ, ਅਸੀਂ ਥੋੜਾ ਇੰਝ ਹੋ ਸਕਦੇ ਹਾਂ। ਫੇਰ ਖਾਂਦੇ ਰਹਾਂਗੇ ਧੱਕੇ। ਓਨੀਂ ਦੇਰ ਤੱਕ ਸੰਪੂਰਨਤਾ ਨਹੀਂ ਹੁੰਦੀ - ਸਾਧਸੰਗਤ! ਜਿੰਨੀ ਦੇਰ ਤਕ ਇਹ ਮਨ ਸੱਚਮੁੱਚ ਧਾਂਵਦਾ ਹੋਇਆ, ਬਾਹਰ ਦੌੜਦਾ ਹੋਇਆ ਟਿਕਦਾ ਨਹੀਂ, ਜਿੰਨੀ ਦੇਰ ਤਕ ਲਹਿਰਾਂ ਹੈਨ, ਜਿੰਨੀ ਦੇਰ ਤਕ ਅਫੁਰ ਅਵਸਥਾ ਨਹੀਂ, ਜਿੰਨੀ ਦੇਰ ਤਕ ਸੁੰਨ ਨਹੀਂ; ਪਰ ਇਹ ਸੁੰਨ ਕਦੋਂ ਹੋਏਗਾ। ਜਦੋਂ ਅਸੀਂ ਸਾਧਸੰਗਤ ਜੀ, ਧਿਆਨ ਦੀ ਸਾਧਨਾ ਕਰਦੇ-ਕਰਦੇ ਆਹ ਸਾਰੇ ਸਤਿਸੰਗ ਦੀ ਸਾਧਨਾ ਕਰੀਏ - ਧਿਆਨ ਦੀ ਸਾਧਨਾ; ਕੀਰਤਨ ਸੁਣਨੈ - ਧਿਆਨ ਨਾਲ; ਬਾਣੀ ਪੜ੍ਹਨੀ - ਧਿਆਨ ਨਾਲ; ਸਿਮਰਨ ਕਰਨੈ - ਧਿਆਨ ਨਾਲ; ਜਦੋਂ ਧਿਆਨ ਨੂੰ ਇਕ ਥਾਂ ਤੇ ਕੇਂਦਰਿਤ ਕਰਦੇ ਜਾਵਾਂਗੇ, ਆਪਣੇ ਆਪ ਹੀ ਸੁਰਤਿ develop ਹੁੰਦੀ ਜਾਏਗੀ, ਆਪਣੇ ਆਪ ਹੀ ਵਿਕਾਰਾਂ ਤੋਂ ਮਨ ਛੁਟਦਾ ਜਾਏਗਾ, ਆਪਣੇ ਆਪ ਹੀ ਇਹ ਧਿਆਨ ਦੀ ਸਾਧਨਾ ਕਰਦਿਆਂ-ਕਰਦਿਆਂ ਨੌਂਵਾਂ ਦੁਆਰਿਆਂ 'ਚੋਂ ਸੁਰਤੀ ਬਿਰਤੀ ਨਿਕਲਦੀ ਜਾਏਗੀ। ਇਹ ਹੱਠ ਯੋਗ, ਹਠ ਦਾ ਮਾਰਗ ਨਹੀਂ ਹੈ - ਗੁਰਮਤਿ ਦਾ; ਇਹ ਸਹਿਜ ਯੋਗ ਹੈ, ਸਹਿਜ ਦਾ ਮਾਰਗ ਹੈ। ਸੁਤੇ ਸਿਧ, ਸੁਭਾਵਕ ਹੀ ਜਿਵੇਂ-ਜਿਵੇਂ ਗੁਰੂ ਦੇ ਬਚਨਾਂ ਦੀ ਕਮਾਈ ਕਰਦੇ ਜਾਵਾਂਗੇ............ਬਹੁਤ ਸਾਰੇ ਪ੍ਰੇਮੀ ਸਾਧਸੰਗਤ ਜੀ, ਮੈਂ ਵੇਖਦਾਂ ਕਿ ਕਈ ਵਾਰ ਅਸੀਂ ਤੁਰਦੇ ਵੀ ਨਹੀਂ ਅਜੇ, ਤੇ ਉਹ ਪੁੱਛਣ ਲੱਗ ਪੈਂਦੇ ਨੇ।

ਪਿਛੇ ਜਿਹੇ ਮੇਰੇ ਕੋਲ ਪ੍ਰੇਮੀ ਆ ਗਿਆ। ਬੇਅੰਤ ਏਦਾਂ ਦੇ ਹੋਣੇ ਨੇ, ਮੈਂ ਵੀ ਤੁਹਾਡੇ ਵਰਗਾ ਹੀ ਹਾਂ। ਤੁਸੀਂ ਤਾਂ ਖੈਰ ਬਹੁਤ ਚੰਗੇ ਹੋ, ਤੁਹਾਡੇ ਤੋਂ ਨਿਕੰਮਾ ਕਹਿਣਾ ਚਾਹੀਦੈ। ਅਜੇ ਥੋੜਾ ਹੀ ਚਿਰ ਹੋਇਆ ਸੀ - 5-6 ਮਹੀਨੇ ਹੋਏ ਸੀ - ਅੰਮ੍ਰਿਤ ਛਕੇ ਨੂੰ, ਤੇ ਮੇਰੇ ਕੋਲ ਆ ਗਿਆ - ਕਮਰੇ 'ਚ। ਕਹਿੰਦਾ, ਜੀ ਤੁਹਾਡੇ ਨਾਲ ਕੋਈ ਖਾਸ ਗੱਲ ਕਰਨੀ ਐ - ਇਕੱਲਿਆਂ ਨਾਲ। ਮੈਂ ਕਿਹਾ ਕਿ ਸੰਗਤ ਬੈਠੀ ਹੈ, ਖਾਸ ਕਿਹੜੀ ਗੱਲ ਐ? ਉਹ ਕਹਿੰਦਾ, ਜੀ, ਮੈਂ ਕੋਈ ਖਾਸ ਬੇਨਤੀ ਕਰਨੀ ਐਂ। ਮੈਂ ਕਿਹਾ, ਦੱਸੋ ਕੀ ਗੱਲ ਐ? ਅਜੇ ਪੰਜ ਚਾਰ ਮਹੀਨੇ ਹੋਏ ਨੇ ਅੰਮ੍ਰਿਤ ਛਕੇ

ਨੂੰ. ਨਿਤਨੇਮ ਵੀ ਖਰ੍ਹੇ ਕਰਦਾ ਹੋਣੈ ਕਿ ਨਹੀਂ, ਕਹਿੰਦਾ, ਜੀ ਮੈਂ ਤੁਹਾਨੂੰ ਪੁਛਣੈ ਕਿ ਜਦੋਂ ਬੰਦੇ ਦਾ ਦਸਵਾ ਦੁਆਰ ਖੁਲ੍ਹਦੇ, ਉਹਦੀ ਨਿਸ਼ਾਨੀ ਕੀ ਹੁੰਦੀ ਹੈ? ਮੈਂ ਕਿਹਾ, ਧੰਨ ਹੈਂ ਤੂੰ। ਪੰਜ ਸੱਤ ਵਾਰ ਮੈਂ ਮੱਥਾ ਟੇਕਿਆ। ਮੈਂ ਕਿਹਾ, ਤੈਨੂੰ ਤਾਂ ਲੱਖਾਂ ਵਾਰ ਮੱਥਾ ਟੇਕਣਾ ਚਾਹੀਦੈ। ਮੈਂ ਕਿਹਾ, ਸਾਨੂੰ ਤਾਂ ਨੌਆਂ ਦੇ ਪੁਆੜੇ ਨੇ ਫੜਿਐ, ਤੇ ਤੂੰ ਦਸਵੇਂ 'ਚ ਚਲਾ ਗਿਆ। ਅਸਾਨੂੰ ਤਾਂ ਨੌਂ ਈ ਨਹੀਂ ਛੱਡਦੇ, ਤੂੰ ਦਸਵੇਂ 'ਚ ਵੀ ਪਹੁੰਚ ਗਿਐਂ। ਉਹ ਕਹਿੰਦਾ, ਨਹੀਂ, ਤੁਸੀਂ ਤੇ ਮਖੌਲ ਕਰਦੇ ਪਏ ਓ। ਮੈਂ ਕਿਹਾ, ਮਖੌਲ ਤਾਂ ਮੈਂ ਕਦੀ ਕੀਤਾ ਈ ਨਹੀਂ ਕਿਸੇ ਨੂੰ। ਤੈਨੂੰ ਤਾਂ ਨਮਸਕਾਰ ਕਰਨੀ ਚਾਹੀਦੀ ਐ। ਸਾਨੂੰ ਤੇ ਕਦੀ ਚੇਤਾ ਹੀ ਨਹੀਂ ਆਇਆ - ਦਸਵੇਂ ਦਾ। ਸਾਡੇ ਤਾਂ ਨੌਆਂ ਦੀ ਲੜਾਈ ਚਲ ਰਹੀ ਐ, ਇਹੀ ਨਹੀਂ ਮੁਕਦੀ, ਤੇ ਤੂੰ ਦਸਵੇਂ ਤੇ ਚਲਾ ਗਿਐਂ। ਉਹ ਕਹਿੰਦਾ, ਨਹੀਂ-ਨਹੀਂ, ਤੁਸੀਂ ਝੂਠ ਬੋਲਦੇ ਓ, ਸੰਤ ਲੋਕ ਦੱਸਦੇ ਨਹੀਂ ਗੱਲ। ਮੈਂ ਕਿਹਾ, ਹੱਦ ਹੋ ਗਈ, ਨਾਲੇ ਤੂੰ ਸੰਤ ਕਹਿਨੈ, ਨਾਲੇ ਤੂੰ ਕਹਿੰਦੈਂ, ਝੂਠ ਬੋਲਦੇ ਓ। ਦੋਹਾਂ 'ਚੋਂ ਇਕ ਗੱਲ ਤਾਂ ਮੰਨ ਲੈ ਕਿ ਜਾਂ ਸੰਤ ਕਹਿ ਲੈ, ਜਾਂ ਝੂਠ ਬੋਲਦੇ ਕਹਿ ਲੈ; ਸੰਤ ਤਾਂ ਕਦੀ ਨਹੀਂ ਝੂਠ ਬੋਲਦੇ। ਚਲੋ ਖੈਰ ਤੁਸੀਂ ਦੱਸਦੇ ਨਹੀਂ; ਛੁਪਾਉਂਦੇ ਪਏ ਓ -

*ਜਿਨਿ ਹਰਿ ਪਾਇਓ ਤਿਨਹਿ ਛਪਾਇਓ॥* *ਪੰਨਾ - 718*

ਮੈਂ ਕਿਹਾ, ਨਹੀਂ ਬਈ, ਛਿਪਦਾ ਕਿਥੇ ਐ। ਕੋਈ ਜਤਨ ਵੀ ਕਰੀਏ ਛੁਪਾਣ ਦਾ, ਜੇ ਹੋ ਜਾਏ ਫੇਰ ਛਿਪਦਾ ਕਿਥੇ? ਖੈਰ ਉਹ ਮੈਨੂੰ ਕਹੀ ਜਾਏ ਬਾਰ-ਬਾਰ। ਮੈਂ ਕਿਹਾ ਕਿ ਅੱਗੇ ਤੇ ਮੈਂ ਝੂਠ ਨਹੀਂ ਸੀ ਬੋਲਦਾ, ਮੈਨੂੰ ਜਿਹੜੀ ਗੱਲ ਦਾ ਪਤਾ ਹੀ ਨਹੀਂ, ਮੈਂ ਤੈਨੂੰ ਦੱਸਾਂ ਕਿਵੇਂ? ਪੜ੍ਹਿਆ ਜ਼ਰੂਰ ਐ ਮੈਂ ਵੀ। ਹਾਂ, ਅਜੇ ਯਾਤਰੂ ਹਾਂ; ਮਿਲ ਜਾਏ ਤੇ ਬੜੀ ਗੱਲ ਨਹੀਂ, ਤੈਨੂੰ ਵੀ ਦੱਸ ਦਿਆਂਗਾ, ਆ ਜਾਈਂ; ਪਰ ਅਜੇ ਤੇ ਮੈਨੂੰ ਪਤਾ ਨਹੀਂ। ਉਹ ਫੇਰ ਵੀ ਮੇਰਾ ਖਹਿੜਾ ਈ ਨਾ ਛੱਡੇ। ਕਈ ਗੱਲਾਂ ਫੇਰ ਮੰਨਣੀਆਂ ਵੀ ਪੈਂਦੀਐਂ। ਮੈਂ ਕਿਹਾ, ਮੰਨ ਲਓ ਕਿ ਮੈਨੂੰ ਪਤਾ ਹੀ ਸਈ, ਮੈਂ ਤੇਰੀ ਗੱਲ ਮੰਨ ਲੈਨਾਂ, ਪਰ ਤੂੰ ਮੈਨੂੰ ਦੱਸ - ਤੂੰ ਪੁੱਛਦਾ ਕਿਉਂ ਹੈਂ? ਤੂੰ ਇਹ ਗੱਲ ਕਿਉਂ ਪੁੱਛਦੈਂ? ਤੇ ਸਾਧਸੰਗਤ ਜੀ, ਮੈਨੂੰ ਕਹਿਣ ਲੱਗਾ, ਮੈਂ ਤੁਹਾਨੂੰ ਤਾਂ ਪੁੱਛਦਾਂ ਕਿ ਮੈਂ ਕਿਤੇ ਗਹਾਂ ਹੀ ਨਾ ਲੰਘ ਜਾਵਾਂ। ਮੈਂ ਕਿਹਾ, ਤਰ ਗਈਆਂ ਕੁਲਾਂ - ਤੇਰੀਆਂ ਵੀ ਤੇ ਮੇਰੀਆਂ ਵੀ। ਗਹਾਂ ਹੀ ਲੰਘ ਜਾਏਂਗਾ? ਅਜੇ ਪਹਿਲਿਆਂ 'ਚ ਈ ਤੁਰੇ ਫਿਰਦੇ ਹਾਂ, ਪਾਠ ਸਾਨੂੰ 'ਜਪੁਜੀ ਸਾਹਿਬ' ਦਾ ਨਹੀਂ ਕਰਨ ਦੀ ਜਾਂਚ ਅਜੇ, ਤੇ ਕਹਿੰਦੇ, ਦਸਮ ਦੁਆਰ ਨਾ ਖੁਲ੍ਹ ਜਾਏ ਕਿਤੇ। ਸਾਧਸੰਗਤ ਜੀ, ਏਸ ਤਰ੍ਹਾਂ ਦਾ ਨਾ ਕੰਮ ਹੋਏ - ਤੁਹਾਡਾ ਤੇ ਮੇਰਾ।

ਮਹਾਂਪੁਰਖਾਂ ਨੇ ਵਿਸ਼ਾ ਤਾਂ ਮੈਨੂੰ ਦੇ ਦਿਤਾ - ਦਸਵੇਂ ਦੁਆਰ ਦਾ, ਪਰ ਮੈਨੂੰ ਪਤਾ ਏਹਦੇ ਬਾਰੇ ਕੱਖ ਨਹੀਂ। ਏਸ ਕਰਕੇ ਸਾਧਸੰਗਤ ਜੀ! ਜਦੋਂ ਦਸਮ ਦੁਆਰ ਦੀ ਗੱਲ ਗੁਰੂ ਬਾਬਾ ਜੀ ਨੇ ਦੱਸੀ - ਬਾਣੀ 'ਚ, ਉਥੇ ਅਫੁਰ ਹੈ, ਉਥੇ ਸੁੰਨ ਹੈ। ਮਹਾਰਾਜ ਕਹਿੰਦੇ ਨੇ, ਦਸਮ ਦੁਆਰ ਦੀ ਕੁੰਜੀ ਜੇ ਮਿਲ ਜਾਏ, ਫੇਰ ਦਿਆਲ ਦੇ ਦਰਸ਼ਨ ਹੋ ਜਾਂਦੇ ਨੇ, ਪ੍ਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਨੇ; ਉਥੇ ਤੇ ਕਸਰ ਈ ਕੋਈ ਨਹੀਂ ਰਹਿੰਦੀ। ਔਰ ਸਾਧਸੰਗਤ, ਜਿਤਨੀ ਦੇਰ ਤੱਕ ਮਨ ਅਫੁਰ ਵਿਚ ਨਹੀਂ ਹੁੰਦਾ, ਸੁੰਨ ਵਿਚ ਨਹੀਂ ਜਾਂਦਾ - ਧਿਆਨ ਦੀ ਸਾਧਨਾ ਨਾਲ, ਉਤਨੀ ਦੇਰ ਤੱਕ ਗੱਲ ਏਥੇ ਪਹੁੰਚਣੀ ਨਹੀਂ ਭਾਵੇਂ ਲੱਖ ਯਤਨ ਕਰ ਲਓ, ਲੱਖ ਫੇਰਾ ਫੇਰੀਆਂ ਕਰ ਲਓ, ਲੱਖ ਕੋਸ਼ਿਸ਼ ਕਰ ਲਓ। ਤੇ ਫੇਰ ਇਹ ਦੌੜਦਾ ਹੋਇਆ, ਇਹ ਸੁਰਤਿ ਜਿਹੜੀ ਹੈ ਸਾਡੀ, ਸਿਮਰਨ ਕਰਦਿਆਂ-ਕਰਦਿਆਂ, ਧਿਆਨ ਦੀ ਸਾਧਨਾ ਕਰਦਿਆਂ-ਕਰਦਿਆਂ, ਜਪਦਿਆਂ-ਜਪਦਿਆਂ ਇਹ ਸੁਤੇ ਸਿਧ ਕੀਰਤਨ ਸੁਣਦਿਆਂ, ਕਥਾ ਸੁਣਦਿਆਂ, ਮਹਾਂਪੁਰਖਾਂ ਦੀ ਸੰਗਤ ਕਰਦਿਆਂ, ਔਰ ਸਾਧਸੰਗਤ! ਮਹਾਂਪੁਰਖਾਂ ਦੀ ਸੰਗਤ - ਇਤਨੀ ਸ਼ਕਤੀ ਹੁੰਦੀ ਐ ਕਿ ਉਨ੍ਹਾਂ ਦੀ ਅਮਿਓ ਦ੍ਰਿਸ਼ਟ ਵਿਚੋਂ, ਉਨ੍ਹਾਂ ਦੇ ਰੋਮ-ਰੋਮ ਵਿਚੋਂ - ਅੱਜ ਤੇ ਸਾਇੰਸ ਦਾ ਯੁਗ ਏ, ਵਿਗਿਆਨਕਾਂ ਦਾ ਯੁਗ ਏ, ਅੱਜ ਤੇ ਸਾਰੇ ਲੋਕ ਕਹਿੰਦੇ ਨੇ ਕਿ ਹਰ ਬੰਦੇ ਦੇ ਸਰੀਰ 'ਚੋਂ waves ਨਿਕਲਦੀਐਂ, ਤਰੰਗਾਂ ਨਿਕਲਦੀਆਂ ਨੇ, ਹਰ ਬੰਦੇ ਦੇ ਸਰੀਰ 'ਚੋਂ ਨਿਕਲਦੀਆਂ ਨੇ ਤਰੰਗਾਂ - ਭਾਵੇਂ ਕੋਈ ਬੁਰੇ ਤੇ ਭਾਵੇਂ ਕੋਈ ਚੰਗੇ। ਔਰ ਸਾਧਸੰਗਤ, ਮਹਾਂਪੁਰਖ ਜਿਹੜੇ ਨੇ - ਨਾਮ ਦੇ ਰਸੀਏ, ਨਾਮ ਦੇ ਜਪੀਏ, ਨਾਮ ਦੇ ਤਪੀਏ, ਨਾਮ ਵਿਚ ਰੰਗੇ ਹੋਏ; ਉਹਨਾਂ ਦੇ ਨੇਤਰਾਂ ਵਿਚੋਂ ਤੇ ਅੰਮ੍ਰਿਤ ਝਰਦੇ, ਉਨ੍ਹਾਂ ਦੀ ਰਸਨਾਂ ਤੋਂ ਤੇ ਅੰਮ੍ਰਿਤ ਝਰਦੇ, ਉਨ੍ਹਾਂ ਦੇ ਰੋਮ-ਰੋਮ ਵਿਚੋਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਤੇ ਜਿਹੜੇ ਉਹਨਾਂ ਦੀ ਸੰਗਤ ਕਰਨ ਵਾਲੇ ਹੁੰਦੇ ਨੇ, ਉਸ ਅੰਮ੍ਰਿਤ ਦੀ ਵਰਖਾ ਤੋਂ ਨਹੀਂ ਬਚ ਸਕਦੇ - ਸਰਸ਼ਾਰ ਹੋ ਜਾਣਗੇ। ਉਹਨਾਂ ਤੇ ਉਸ ਅੰਮ੍ਰਿਤ ਦੀ ਵਰਖਾ ਦਾ ਅਸਰ ਹੋਏਗਾ। ਜਿਸ ਵਕਤ ਉਹ ਸੰਗਤ ਕਰਦੇ ਰਹਿਣਗੇ - ਕਰਦੇ ਰਹਿਣਗੇ, ਸੁਤੇ ਸਿਧ, ਸੁਭਾਵਕ ਹੀ ਉਹਨਾਂ ਦੀ ਆਤਮਾ ਉਚੀ ਹੁੰਦੀ ਜਾਏਗੀ। ਸਾਇਕਲ ਤੇ ਚੜ੍ਹ ਜਾਓਗੇ, ਸਕੂਟਰ ਤੇ ਚੜ੍ਹ ਜਾਓਗੇ; ਜਿਵੇਂ ਬੰਦਾ ਅੱਗੇ-ਅੱਗੇ ਜਾਈ ਜਾਂਦੈ, ਤੇ ਕਦੀ ਗੁਰ ਕ੍ਰਿਪਾ ਕਰੇਗਾ, ਫੇਰ ਹਵਾਈ ਜਹਾਜ਼ ਤੇ ਚੜ੍ਹ ਜਾਓਗੇ, ਫਿਰ ਰਾਕਟ ਤੇ ਚੜ੍ਹ ਜਾਓਗੇ। ਪਰ ਇਕ ਗੱਲ ਹੈ - ਸਤਿਸੰਗਤ ਨਾ ਛੱਡਣਾ। ਇਹ ਗੱਲ ਧਿਆਨ ਵਿਚ ਰੱਖਣੀ, ਮਹਾਂਪੁਰਖਾਂ ਦੀ ਸੰਗਤ ਦਾ ਕਿਤੇ ਤਿਆਗ ਨਾ ਕਰ ਦੇਣਾ।

ਇਕ ਗੱਲ ਹੋਰ ਮੈਂ ਚੇਤੇ ਕਰਾ ਦਿਆਂ ਕਿ ਜਿਸ ਮਹਾਂਪੁਰਖ ਦੀ ਸੰਗਤ ਕਰਨ ਨਾਲ ਤੁਹਾਡੇ ਜੀਵਨ ਵਿਚ ਤਬਦੀਲੀ ਨਹੀਂ ਆਉਂਦੀ, ਉਹ ਸੰਤ ਨਹੀਂ ਹੋਏਗਾ। ਤੇ ਜੇ ਤਬਦੀਲੀ ਨਹੀਂ ਆਉਂਦੀ; ਜੇ ਸੰਤ ਹੈ, ਤਾਂ ਫਿਰ ਸਿੱਖ ਬਾਂਸ ਵਰਗਾ ਹੋਏਗਾ, ਤਾਂ ਨਹੀਂ ਆਉਂਦੀ। ਜੇ ਸੰਤ ਐ ਤੇ ਫੇਰ ਤਬਦੀਲੀ ਆਉਣੀ ਚਾਹੀਦੀ ਹੈ, ਤੇ ਜੇ ਨਹੀਂ ਆ ਰਹੀ ਤਾਂ ਇਹ ਸਮਝ ਲੈਣਾ ਕਿ ਅਸੀਂ ਬਾਂਸ ਵਰਗੇ ਤਾਂ ਨਹੀਂ ਕਿਤੇ? ਬਾਂਸ ਵਿਚ ਨਹੀਂ ਆਉਂਦੀ ਤਬਦੀਲੀ, ਇਹ ਗੱਲ ਸਮਝ ਲੈਣੀ। ਸੰਤ ਦੇ ਕੋਲ ਆਉਂਦਿਆਂ, ਸੰਤਾਂ ਦੀ ਸੰਗਤ ਕਰਦਿਆਂ, ਮਹਾਂਪੁਰਖਾਂ ਦੀ ਸੰਗਤ ਕਰਦਿਆਂ; ਤੇ ਸੰਤਾਂ ਦਾ ਜੀਵਨ ਤੇ ਮਿਕਨਾਤੀਸ਼ੀ ਜੀਵਨ, ਚੁੰਬਕੀ ਜੀਵਨ ਹੈ, ਪਾਰਸੀ ਜੀਵਨ ਹੈ; ਉਹਨਾਂ ਦੀ ਸੰਗਤ ਕਰਦਿਆਂ ਤੇ ਅਵੱਸ਼ ਤਬਦੀਲੀ ਆਏਗੀ। ਸਵਾਲ ਹੀ ਨਹੀਂ ਪੈਦਾ ਹੁੰਦਾ, ਕਿਉਂ ਨਾ ਤਬਦੀਲੀ ਆਏਗੀ ਭਲਾ। ਉਹ ਫੇਰ ਸਾਧੂ ਕਾਹਦੇ, ਜਿਹਦੀ ਸੰਗਤ ਕਰਦਿਆਂ ਤਬਦੀਲੀ ਨਾ ਆਏ। ਫੇਰ ਆਪਣੇ 'ਚ ਕੋਈ ਕਸਰ ਹੋਏਗੀ, ਆਪਣੇ 'ਚ ਕੋਈ ਫਰਕ ਹੋਏਗਾ, ਆਪਣੀ ਤਬੀਅਤ ਵਿਚ ਕੋਈ ਫਰਕ ਹੋਏਗਾ, ਮੰਨਣ 'ਚ ਕੋਈ ਫਰਕ ਹੋਏਗਾ।

ਏਸ ਕਰਕੇ ਸਾਧਸੰਗਤ ਜੀ, ਜਦੋਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਬਚਨ ਮੰਨਦਿਆਂ-ਮੰਨਦਿਆਂ, ਸੰਤਾਂ ਦੇ ਬਚਨ ਮੰਨਦਿਆਂ-ਮੰਨਦਿਆਂ ਇਹ ਮਨ ਦੇ ਸੰਕਲਪ ਵਿਕਲਪ ਤੋਂ ਸੁਰਤੀ ਬਿਰਤੀ ਉਪਰ ਚਲੀ ਗਈ, ਨੌਵਾਂ 'ਚੋਂ ਇਹ ਧਿਆਨ ਨਿਕਲ ਗਿਆ ਤੇ ਸਾਹਿਬ ਕਹਿੰਦੇ ਨੇ, ਧਿਆਨ ਦੀ ਸਾਧਨਾ ਕਰਦਿਆਂ-ਕਰਦਿਆਂ ਜਦੋਂ ਏਸ ਦੇ ਅੰਦਰ ਇਹ ਤਰੰਗਾਂ, ਇਹ ਲਹਿਰਾਂ ਉਠਣੀਆਂ ਬੰਦ ਹੋ ਗਈਆਂ; ਸੁੰਨ ਜਿਸਨੂੰ ਕਿਹੈ - ਗੁਰੂ ਬਾਬਾ ਜੀ ਨੇ, ਸਹਿਜ ਜਿਸਨੂੰ ਕਿਹੈ ਤੇ ਗਰੀਬ ਨਿਵਾਜ ਪਾਤਸ਼ਾਹ ਕਹਿੰਦੇ ਨੇ, ਸਾਧਸੰਗਤ ਜੀ, ਦਰਅਸਲ ਤਾਂ ਓਥੇ ਅਰਦਾਸ ਹੋ ਰਹੀ ਐ। ਅਰਦਾਸ - ਆਹ ਜਾਪ ਹੈ ਨਾ, ਅਜਪਾ ਜਾਪ ਜਿਹਨੂੰ ਕਹਿੰਦੇ ਨੇ, ਫਿਰ ਜਾਪ ਦੇ ਨਾਲ ਵੈਰਾਗ ਸ਼ੁਰੂ ਹੋ ਗਿਆ - ਵਿਛੋੜੇ ਦਾ; ਜਦੋਂ ਨਹੀਂ ਮਿਲਦਾ, ਉਸ

ਵਿਛੋੜੇ ਦੇ ਵੈਰਾਗ ਵਿਚ ਅੰਤਰ ਆਤਮੇ ਕੋਈ ਹੂਕ ਪੈਦਾ ਹੁੰਦੀ ਏ, ਇਕ ਅੰਦਰੋਂ ਐਸੀ ਆਵਾਜ਼ ਪੈਦਾ ਹੁੰਦੀ ਏ, ਇਕ ਤੜਫ ਪੈਦਾ ਹੁੰਦੀ ਏ, ਜਿਸਨੂੰ ਅਸੀਂ ਅਰਦਾਸ ਆਖਦੇ ਆਂ। ਉਹ ਅਰਦਾਸ ਐਥੇ ਨਹੀਂ; ਅੰਤਰ ਆਤਮੇ ਪੈਦਾ ਹੋ ਰਹੀ ਏ, ਸੁਰਤਿ ਵਿਚ ਪੈਦਾ ਹੋ ਰਹੀ ਏ, ਧਿਆਨ ਵਿਚ ਪੈਦਾ ਹੋ ਰਹੀ ਏ, ਨੌਂਵਾਂ ਵਿਚੋਂ ਨਿਕਲ ਕੇ ਪੈਦਾ ਹੋ ਰਹੀ ਏ। ਉਸ ਅਰਦਾਸ ਵਿਚ, ਜਿਥੇ ਜਾ ਕੇ ਬਾਬਾ ਜੀ ਨੇ ਬਾਣੀ ਵਿਚ ਲਿਖਿਐ-

***ਦਰਮਾਦੇ ਠਾਢੇ ਦਰਬਾਰਿ॥***
***ਤੁਝ ਬਿਨੁ ਸੁਰਤਿ ਕਰੈ ਕੋ ਮੇਰੀ***
***ਦਰਸਨੁ ਦੀਜੈ ਖੋਲਿ ਕਿਵਾਰ॥*** *ਪੰਨਾ - 856*

ਮਹਾਰਾਜ ਮੈਂ ਆ ਗਿਐਂ, ਮੈਂ ਚਲਦਾ-ਚਲਦਾ ਆ ਗਿਐਂ, ਸਾਧਨ ਕਰਦਾ-ਕਰਦਾ ਆ ਗਿਐਂ, ਯਾਤਰਾ ਕਰਦਾ-ਕਰਦਾ ਆਂ ਗਿਐਂ; ਬਾਬਾ ਜੀ! ਥੱਕ ਵੀ ਗਿਐਂ। ਯਾਤਰਾ ਕਰਦਿਆਂ-ਕਰਦਿਆਂ, ਵੈਰਾਗ ਕਰਦਿਆਂ-ਕਰਦਿਆਂ, ਜਾਪ ਕਰਦਿਆਂ-ਕਰਦਿਆਂ, ਸਿਮਰਨ ਕਰਦਿਆਂ-ਕਰਦਿਆਂ, ਧਿਆਨ ਨੌਂਵਾਂ 'ਚੋਂ ਨਿਕਲ ਕੇ ਦਸਵੇਂ ਦਰਵਾਜ਼ੇ ਅੱਗੇ ਚਲਾ ਗਿਐਂ, ਓਥੇ ਅੰਤਰ ਆਤਮੇ ਦਸਮ ਦੇ ਦਰਵਾਜ਼ੇ ਅੱਗੇ ਅਰਦਾਸ ਹੋ ਰਹੀ ਏ। ਸੱਚੇ ਪਾਤਸ਼ਾਹ - *'ਦਰਮਾਦੇ ਠਾਢੇ ਦਰਬਾਰਿ॥'* ਮੈਂ ਤੇਰੇ ਦਰਵਾਜ਼ੇ ਅੱਗੇ ਆ ਗਿਐਂ - *'ਤੁਝ ਬਿਨੁ ਸੁਰਤਿ ਕਰੈ ਕੋ ਮੇਰੀ'* ਤੇਰੇ ਬਗੈਰ ਕੌਣ ਕਰ ਸਕਦੈ? *'ਦਰਸਨੁ ਦੀਜੈ ਖੋਲਿ ਕਿਵਾਰ॥'* ਹੇ ਨਿਰੰਕਾਰ! ਐਨੀ ਯਾਤਰਾ ਕਰਦਾ-ਕਰਦਾ ਮੈਂ ਆ ਗਿਐਂ, ਮੈਂ ਪਹੁੰਚ ਤੇ ਗਿਐਂ, ਪਰ ਸਤਿਗੁਰੂ ਗਰੀਬ ਨਿਵਾਜ ਪਾਤਸ਼ਾਹ! ਹੁਣ ਕਿਉਂ ਦੇਰ ਲਾਈ ਹੈ? ਹੁਣ ਕੀ ਕਾਰਨ ਹੈ? ਤੇ ਸਤਿਗੁਰੂ ਗਰੀਬ ਨਿਵਾਜ ਪਾਤਸ਼ਾਹ ਜੀ ਕਹਿੰਦੇ ਨੇ, ਇਹ ਜਿਹੜੀ ਏਥੇ ਅਰਦਾਸ ਹੋ ਰਹੀ ਐ ਨਾ ਸਾਧਸੰਗਤ! ਇਸਨੂੰ ਦਸਮ ਦੇ ਦਰਵਾਜ਼ੇ ਅੱਗੇ ਕਹਿ ਲਓ - ਐਥੇ ਅੰਤਰ ਆਤਮੇ, ਜਿਸਨੂੰ ਸਤਿਗੁਰੂ ਨੇ ਆਖਿਐ -

***ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ॥***
*ਪੰਨਾ - 819*

ਉਹ ਅਰਦਾਸ ਜਦੋਂ ਕਬੂਲ ਹੋ ਗਈ - *'ਦਰਮਾਦੇ ਠਾਢੇ ਦਰਬਾਰਿ।'* ਕਿਉਂ ਨਹੀਂ ਮਹਾਰਾਜ ਦਰਵਾਜਾ ਖੋਲ੍ਹਦੇ? ਕਿਉਂ ਨਹੀਂ ਦਰਸ਼ਨ ਹੁੰਦੇ? ਕਿਉਂ ਨਹੀਂ ਮਿਲ ਰਿਹਾ? ਕੀ ਕਾਰਨ ਹੈ? ਕੀ ਕਮੀ ਹੈ? ਮਹਾਰਾਜ! ਹੁਣ ਤੇ ਮੈਂ ਆ ਗਿਐਂ - ਯਾਤਰਾ ਕਰਦਾ-ਕਰਦਾ, ਹੁਣ ਤੇ ਮੈਂ ਨੌਂਵਾਂ ਵਿਚੋਂ ਨਿਕਲ ਕੇ ਤੁਹਾਡੇ ਕੋਲ ਪੁੱਜ ਗਿਐਂ। ਤੇ ਸੱਚੇ ਪਾਤਸ਼ਾਹ! ਹੁਣ ਕਿਉਂ ਨਹੀਂ ਦਰਸ਼ਨ ਹੁੰਦੇ? ਤੇ ਸਾਧਸੰਗਤ ਜੀ, ਉਹ ਅਰਦਾਸ ਜਦੋਂ ਕਬੂਲ ਹੋਈ ਤੇ ਉਹ ਦਸਵਾ ਦੁਆਰ ਕਪਾਟ ਖੁਲ੍ਹਿਆ ਤੇ ਉਥੇ ਐ -

***ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥***
*ਪੰਨਾ - 917*

ਇਹ ਹੈ - *'ਸਤਿਗੁਰੂ ਮੈ ਪਾਇਆ॥'* ਇਹ ਹੈ *'ਧਾਵਤ ਥੰਮਿਆ॥'* ਏਥੇ ਜਾ ਕੇ ਇਹ ਧਾਵਤ ਥੰਮਿਆ ਹੈ, ਏਥੇ ਜਾ ਕੇ ਇਹ ਖਲੋਏਗਾ, ਐਥੇ ਹੈ - *ਸਤਿਗੁਰੂ ਮੈ ਪਾਇਆ।* ਅਸੀਂ ਪਹਿਲੇ step 'ਚ ਈ ਲੜੀ ਜਾਨੇ ਆਂ, ਅਸੀਂ ਪਹਿਲੀ ਕਲਾਸ 'ਚ ਹੀ ਲੜੀ ਜਾਨੇ ਆਂ - ਤੂੰ ਨਿਗੁਰੈਂ; ਦੂਜੇ ਨੂੰ ਗਾਲ੍ਹਾਂ ਕੱਢੀ ਜਾਨੇ ਆਂ - ਤੂੰ ਨਿਗੁਰੈਂ। ਅਸੀਂ ਗੁਰੂ ਵਾਲੇ ਆਂ? ਅਸੀਂ ਯਾਤਰਾ ਅਜੇ ਅਰੰਭ ਕੀਤੀ ਐ। ਪਤਾ ਨਹੀਂ ਕਿ ਕਿਹੜੇ ਵੇਲੇ ਪੈਰ ਫਿਸਲ ਜਾਏ ਤੇ ਡਿਗ ਜਾਈਏ, ਪਤਾ ਨਹੀਂ ਅਜੇ ਕਿੰਨੇ ਜਨਮ ਲਗ ਜਾਣ। ਅਰਦਾਸ ਕਰੋ, ਸਤਿਗੁਰੂ ਕ੍ਰਿਪਾ ਕਰਨ, ਬਖਸ਼ਿਸ਼ ਕਰਨ, ਰਹਿਮਤ ਕਰਨ; ਇਹ ਜਨਮ ਜਿਸ ਵਾਸਤੇ ਸਾਨੂੰ ਮਿਲਿਐ, ਜਿਹੜੀ ਯਾਤਰਾ ਦੀ ਅਰੰਭਤਾ ਵਿਚ ਅਸੀਂ ਕਦਮ ਰੱਖਿਐ, ਉਸ ਯਾਤਰਾ ਦੀ ਮੁਕੰਮਲਤਾ ਵਾਸਤੇ ਸਤਿਗੁਰੂ ਜੀ ਕੋਲ ਅਰਦਾਸ ਕਰੀਏ, ਸੱਚੇ ਪਾਤਸ਼ਾਹ!

***ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ***
***ਹਰਿ ਬਾਂਹ ਪ੍ਰਭੂ ਪਕਰਾਇ ਜੀਉ॥*** *ਪੰਨਾ - 447*

ਸਾਹਿਬ, ਅਸੀਂ ਕਿਥੇ ਯਾਤਰਾ ਕਰਨ ਜੋਗੇ ਆਂ? ਉਥੇ ਜਾਣ ਜੋਗੇ ਨਹੀਂ। ਅਸੀਂ ਤਾਂ ਅੰਨ੍ਹੇ ਆਂ, ਡਿਗ ਰਹੇ ਆਂ, ਫਸ ਰਹੇ ਹਾਂ; ਕ੍ਰਿਪਾ ਕਰਕੇ ਸਾਨੂੰ ਬਾਂਹ ਤੋਂ ਫੜ ਕੇ ਕੱਢ ਲਓ, ਤੇ ਤਾਂ ਅਸੀਂ ਨਿਕਲ ਸਕਦੇ ਹਾਂ।

*(ਪੰਜਵੇਂ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਦੇ ਸਨਮੁਖ ਕੀਤੇ ਗਏ ਪ੍ਰਵਚਨ)*

---

(ਪੰਨਾ 6 ਦੀ ਬਾਕੀ)

ਕਰ ਦਿਤਾ ਕਿ ਇਥੇ ਤੁਸੀਂ ਸੰਗਤਾਂ ਲਈ ਵੱਡਾ ਹਾਲ ਬਣਾਉ।

ਇਸ ਤਰ੍ਹਾਂ ਅਫਰੀਕਾ, ਇੰਗਲੈਂਡ ਆਦਿ ਦੂਰ ਇਲਾਕਿਆਂ ਵਿਚ ਗੁਰੂ ਨਾਨਕ ਗੁਰਮਤਿ ਸੰਦੇਸ਼ ਦਿਤਾ ਅਤੇ ਨਾਮ ਨਾਲ ਲੱਖਾਂ ਪ੍ਰੇਮੀ ਜੋੜੇ।

ਅੰਤ ਉਹ ਸਮੇਂ ਭੀ ਆ ਗਏ ਜਦੋਂ ਲੱਖਾਂ ਪ੍ਰੇਮੀਆਂ ਲਈ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਦੇ ਜਾਣਾ ਸਹਿਣਾ ਅਤਿ ਅਉਖਾ ਹੋ ਗਿਆ। ਆਪ ਜੀ 4 ਅਗਸਤ 1905 ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ 27 ਅਗਸਤ 1975 ਵਿਚ ਪੰਜ ਭੂਤਕ ਚੋਲਾ ਛੱਡ ਕੇ ਪ੍ਰੇਮੀਆਂ ਲਈ ਅਸਹਿ ਵਿਛੋੜਾ ਦੇ ਗਏ, ਜੋ ਅਜ ਭੀ ਸਹਿਨ ਨਹੀਂ ਕੀਤਾ ਜਾ ਸਕਦਾ, ਅਜੇ ਭੀ ਹੰਝੂ ਵਹਿ ਤੁਰਦੇ ਹਨ।

ਆਪ ਨੇ ਇਥੇ ਕੀ ਉਪਕਾਰ ਕੀਤੇ - ਕੌਣ ਗਿਣੇ, ਕੌਣ ਕਹੇ; ਅਕਹਿ ਹਨ। ਆਪ ਗਿਆਨ ਦੇ ਸੂਰਜ, ਪ੍ਰੇਮ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਮ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਸਨ - ਆਪ ਸਦੀਵੀ ਅਮਰ ਹਨ।

ਆਪ ਦੇ ਜੀਵਨ ਨਾਦ ਦੀ ਯਾਦ ਅੱਜ ਭੀ ਉਵੇਂ ਹੀ ਪ੍ਰੇਰਨਾ ਦੇ ਰਹੀ ਹੈ ਜਿਵੇਂ ਆਪ ਦੇ ਸਰੀਰਧਾਰੀ ਹੋਣ ਦੇ ਸਮੇਂ ਸੀ। ਆਪ ਤੋਂ ਵਰੋਸਾਏ ਹੋਏ ਆਪ ਦੇ ਪਿਆਰ ਰਸ ਮਾਣਦੇ ਭੌਰੇ ਉਸੇ ਚਾਲੀ ਤੇ ਚਲ ਕੇ, ਆਪ ਦੇ ਦਰਸਾਏ ਮਾਰਗ ਤੇ ਚਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ। ਇਕ ਫੁਲਾਂ ਦੇ ਗੁਲਦਸਤੇ ਦੇ ਰੂਪ ਵਿਚ ਸੰਸਾਰ ਨੂੰ ਸੁਗੰਧੀ ਪ੍ਰਦਾਨ ਕਰ ਰਹੇ ਹਨ। ਇਕ ਰਾੜਾ ਸਾਹਿਬ ਤੋਂ ਹੋਰ ਕਈ ਆਸ਼ਰਮ ਬਣ ਕੇ ਆਪ ਤੋਂ ਗੁਰਮਤਿ ਪ੍ਰਕਾਸ਼ ਪ੍ਰਾਪਤ ਕੀਤੇ ਨੂਰ ਨੂੰ, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁਪ ਅਨ੍ਹੇਰੀਆਂ ਕੋਠੜੀਆਂ ਵਿਚ, ਨਿਰਮਲ ਜੋਤਿ ਦੇ ਪ੍ਰਕਾਸ਼ ਨੂੰ ਸਮੋ ਕੇ ਪ੍ਰਕਾਸ਼ਿਤ ਕਰ ਰਹੇ ਹਨ।

ਉਹਨਾਂ ਦੀ ਯਾਦ, ਸਮੇਂ ਦੀ ਚਾਲ ਨਾਲ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਵਾਹਿਗੁਰੂ ਜੀ ਉਹਨਾਂ ਦੀ ਪਿਆਰੀ ਯਾਦ ਦਾ ਇਕ ਕਿਣਕਾ ਅਸਾਨੂੰ ਭੀ ਬਖਸ਼ਣ ਅਤੇ ਗੁਰੂ ਮੇਹਰ ਨਾਲ ਅਸਾਡਾ ਜੀਵਨ ਸਫਲ ਹੋਵੇ - ਇਹੋ ਤੀਬਰ ਕਾਮਨਾ ਹੈ।

# ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ।।
# ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ।।

*ਸੰਤ ਵਰਿਆਮ ਸਿੰਘ ਜੀ*
*ਮੁਖੀ ਤੇ ਬਾਨੀ ਵਿ. ਗੁ. ਰੂ. ਮਿਸ਼ਨ।*

ਜਦ ਤੋਂ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕੀਤੀ ਹੈ, ਜੀਵਨ ਦੇ ਅਨੇਕਾਂ ਰੰਗਾਂ ਦੇ ਵਿਚ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ, ਉਸ ਸਮੇਂ ਤੋਂ ਹੀ ਇਸ ਸ੍ਰਿਸ਼ਟੀ ਦਾ ਅਨੰਤ ਪ੍ਰਵਾਹ ਚਲ ਰਿਹਾ ਹੈ। ਇਸ earth planet ਦੇ ਉਤੇ ਜੋ ਰਚਨਾ ਰਚੀ ਗਈ ਹੈ, ਉਸਨੂੰ ਸਿਆਣਿਆਂ ਨੇ 84 ਲੱਖ ਰੰਗਾਂ, ਰੂਪਾਂ, ਜੂਨਾਂ ਵਿਚ ਵੰਡਿਆ ਹੈ, ਜਿਸ ਉਪਰ ਸਾਰੇ ਪੂਰਬੀ ਮਤ ਸਹਿਮਤ ਹਨ ਅਤੇ ਇਹ ਵੀ ਮੰਨਦੇ ਹਨ ਕਿ ਰਚਨਾ ਵਿਚ ਦੋ ਪ੍ਰਵਾਹ ਵੱਖੋ-ਵੱਖਰੇ ਚਲ ਰਹੇ ਹਨ ਅਤੇ ਦੋਵੇਂ ਗਤੀਸ਼ੀਲ ਹਨ। ਇਕ ਦਾ ਨਾਮ ਪ੍ਰਕ੍ਰਿਤੀ (matter) ਹੈ ਅਤੇ ਦੂਜੇ ਦਾ ਨਾਮ ਜੀਵ ਤੱਤ ਹੈ। ਇਨ੍ਹਾਂ ਵਿਚੋਂ ਜਦੋਂ ਪ੍ਰਕ੍ਰਿਤੀ ਦਾ ਨਾਸ਼ ਹੁੰਦਾ ਹੈ ਤਾਂ ਇਹ ਆਪਣੇ ਪੰਜਾਂ ਤੱਤਾਂ ਦੇ ਵਿਚ ਸਮਾ ਜਾਇਆ ਕਰਦੀ ਹੈ। ਨਾ ਕੁਛ ਘਟਦਾ ਹੈ ਅਤੇ ਨਾ ਹੀ ਕੁਛ ਵਧਦਾ ਹੈ, ਕੇਵਲ ਬਣਿਆ ਹੋਇਆ ਰੂਪ ਨਸ਼ਟ ਹੋ ਜਾਂਦਾ ਹੈ ਪਰ ਇਸਦੇ ਸੂਖਸ਼ਮ ਤੱਤ, ਪਉਣ: ਪਉਣ ਵਿਚ, ਅਕਾਸ਼: ਅਕਾਸ਼ ਵਿਚ, ਅਗਨ: ਅਗਨ ਵਿਚ, ਪਾਣੀ: ਪਾਣੀ ਵਿਚ ਅਤੇ ਮਿੱਟੀ: ਮਿੱਟੀ ਵਿਚ ਸਮਾ ਜਾਂਦੇ ਹਨ। ਪਰ ਦੂਜਾ ਜੋ ਜੀਵ ਤੱਤ ਹੈ, ਇਹ ਹੌਲੀ-ਹੌਲੀ ਤਰੱਕੀ ਕਰਕੇ ਅਨੇਕਾਂ ਰੂਪਾਂ ਰੰਗਾਂ ਵਿਚੀਂ ਹੁੰਦਾ ਹੋਇਆ, ਪ੍ਰਕ੍ਰਿਤੀ ਨਾਲ ਮਿਲਕੇ ਨਵੀਆਂ ਅਨੇਕ ਕਿਸਮ ਦੀਆਂ ਸ਼ਕਲਾਂ ਧਾਰਦਾ ਹੋਇਆ, ਕਿਸੇ ਉਚੀ ਅਵਸਥਾ ਵੱਲ ਨੂੰ ਵਧਦਾ ਜਾਂਦਾ ਹੈ। ਇਨ੍ਹਾਂ ਵੱਖੋ-ਵੱਖਰੇ ਰੂਪਾਂ ਰੰਗਾਂ ਵਾਲੀਆਂ ਜੂਨਾਂ ਦੀ ਗਿਣਤੀ ਅਨੁਭਵੀ ਮਹਾਂਪੁਰਸ਼ਾਂ ਨੇ 84 ਲੱਖ ਗਿਣੀ ਹੈ ਪਰ ਇਕ-ਇਕ ਜੂਨ ਦੀ ਗਿਣਤੀ ਵਿਚ ਮਤਭੇਦ ਹੈ। ਸਾਰੇ ਇਕ ਗਿਣਤੀ ਉਪਰ ਸਹਿਮਤ ਨਹੀਂ ਹਨ ਪਰ ਜੋੜ ਉਪਰ ਸਹਿਮਤ ਹਨ। ਇਕ ਦਸਦੇ ਹਨ -

> ***ਬੀਸ ਸੌ ਸਥਾਵਰ ਜਾਨੋ।।***
> ***ਨੌ ਲਾਖ ਸਤ ਜਲਚਰ ਜਾਨੋ।।***
> ***ਗਿਆਰਾਂ ਲਾਖ ਪੁਰਨ ਕਵੀ ਗਾਏ।।***
> ***ਪੰਖੀ ਗਣ ਦਸ ਲਾਖ ਬਤਾਏ।।***
> ***ਤੀਸ ਲਾਖ ਪਸੂ ਜਾਨੋ ਭਾਈ।।***
> ***ਚਾਰ ਲਾਖ ਬਾਨਰ ਦੁਖ ਦਾਈ।।***
> ***ਜਬ ਇਹ ਚਉਰਾਸੀ ਮਿਟ ਜਾਏ***
> ***ਤਬ ਮਾਨੁਖ ਕੇ ਤਨ ਕੋ ਪਾਵੈ।।***

ਜੈਨ ਮਤ ਦੀ ਗਿਣਤੀ ਅਨੁਸਾਰ -

ਸੱਤ ਲੱਖ ਪ੍ਰਿਥਵੀ ਵਿਚ
ਸੱਤ ਲੱਖ ਜਲ ਵਿਚ
ਸੱਤ ਲੱਖ ਪਉਣ ਵਿਚ
ਸੱਤ ਲੱਖ ਅਗਨ ਵਿਚ
ਦੱਸ ਲੱਖ ਸ਼ਬਜ਼ੀਆਂ-ਭਾਜੀਆਂ ਵਿਚ
ਚੌਦਾਂ ਲੱਖ ਝਾੜੀਆਂ, ਬ੍ਰਿਛਾਂ ਆਦਿ
ਦੋ ਲੱਖ ਤੁਚਾ ਦੋ ਇੰਦ੍ਰੀਆਂ ਵਾਲੇ
ਦੋ ਲੱਖ ਤਿੰਨ ਇੰਦ੍ਰੀਆਂ ਵਾਲੇ
ਦੋ ਲੱਖ ਚਾਰ ਇੰਦ੍ਰੀਆਂ ਵਾਲੇ ਜਿਹੜੇ ਤਵਚਾ, ਨੱਕ, ਮੁੱਖ, ਨੇਤਰ ਵਾਲੇ ਹਨ
ਚਾਰ ਲੱਖ ਕਿਸਮ ਦੇ ਦੇਵਤਾ ਸਵਰਗ ਵਿਚ
ਚਾਰ ਲੱਖ ਕਿਸਮ ਦੇ ਜੀਵ ਨਰਕ ਵਾਸੀ
ਚੌਦਾਂ ਲੱਖ ਮਨੁੱਖ ਵਰਗੇ ਇਕ ਟੰਗੇ, ਦੋ ਟੰਗੇ ਆਦਿ
ਚਾਰ ਲੱਖ ਚਾਰ ਪੈਰਾਂ ਵਾਲੇ = 84

ਗੁਰੂ ਮਹਾਰਾਜ ਜੀ ਨੇ ਭਾਵੇਂ ਕਿਸੇ ਕਿਸਮ ਦਾ ਵੇਰਵਾ ਗੁਰਬਾਣੀ ਵਿਚ ਨਹੀਂ ਦਿਤਾ ਪਰ ਇਸ਼ਾਰੇ ਮਾਤਰ ਆਪ ਫੁਰਮਾਨ ਕਰਦੇ ਹਨ-

> ***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।***
> ***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।***
> ***ਪੰਨਾ - 156***

ਅਤੇ ਇਹ ਵੀ ਫੁਰਮਾਨ ਕੀਤਾ ਹੈ -

> ***ਕਈ ਜਨਮ ਭਏ ਕੀਟ ਪਤੰਗਾ।।***
> ***ਕਈ ਜਨਮ ਗਜ ਮੀਨ ਕੁਰੰਗਾ।।***
> ***ਕਈ ਜਨਮ ਪੰਖੀ ਸਰਪ ਹੋਇਓ।।***
> ***ਕਈ ਜਨਮ ਹੈਵਰ ਬ੍ਰਿਖ ਜੋਇਓ।।***
> ***ਮਿਲੁ ਜਗਦੀਸ ਮਿਲਨ ਕੀ ਬਰੀਆ।।***
> ***ਚਿਰੰਕਾਲ ਇਹ ਦੇਹ ਸੰਜਰੀਆ।।***
> ***ਕਈ ਜਨਮ ਸੈਲ ਗਿਰਿ ਕਰਿਆ।।***
> ***ਕਈ ਜਨਮ ਗਰਭ ਹਿਰਿ ਖਰਿਆ।।***
> ***ਕਈ ਜਨਮ ਸਾਖ ਕਰਿ ਉਪਾਇਆ।।***
> ***ਲਖ ਚਉਰਾਸੀਹ ਜੋਨਿ ਭ੍ਰਮਾਇਆ।। ਪੰਨਾ - 176***

ਸੋ ਐਸੇ ਤੱਤ ਬਚਨ ਪੜ੍ਹ ਕੇ, ਅਤੇ ਮੰਨ ਕੇ ਪਤਾ ਲਗਦਾ ਹੈ ਕਿ ਜੀਵ ਦਾ ਸਫਰ ਬਹੁਤ ਹੀ ਦੁਖਾਂ ਭਰਿਆ ਹੋਣ ਕਰਕੇ ਇਹ ਮਹਾਂਦੁਖ ਦੇ ਵਿਚ ਪਇਆ ਭਟਕਦਾ ਹੈ।

ਪ੍ਰਕ੍ਰਿਤੀ ਤਾਂ ਆਪਣੇ ਤੱਤਾਂ ਵਿਚ ਸਮਾ ਜਾਂਦੀ ਹੈ ਪਰ ਇਹ ਜੀਵ ਮਰਦਾ ਨਹੀਂ ਹੈ। ਪ੍ਰਕ੍ਰਿਤੀ ਦੀ ਸਮੁੱਚੀ ਹੋਂਦ ਦੇ ਕੁਝ ਅੰਸ਼ ਲੈ ਕੇ ਇਸਨੂੰ ਨਵਾਂ ਸਰੀਰ ਮਿਲ ਜਾਂਦਾ ਹੈ। ਇਹ ਹਰ ਸਰੀਰ ਵਿਚੋਂ ਦੂਜੇ ਸਰੀਰ ਨੂੰ ਪ੍ਰਾਪਤ ਕਰਨ ਵੇਲੇ ਪਹਿਲੇ ਨਾਲੋਂ ਜ਼ਿਆਦਾ ਚੇਤਨਾ ਵਾਲਾ ਸਰੀਰ ਪ੍ਰਾਪਤ ਕਰਦਾ ਹੈ ਅਤੇ ਸਰੀਰ ਬਦਲਣ ਵੇਲੇ ਐਉਂ ਹੀ ਹੁੰਦਾ ਹੈ ਜਿਵੇਂ ਇਕ ਕਪੜਾ ਲਾਹ ਕੇ ਦੂਜਾ ਮਿਲ ਗਿਆ ਪਰ ਇਹ ਕਪੜਾ ਆਪਣੇ ਮਨ ਪਸੰਦ ਦਾ ਨਹੀਂ ਹੁੰਦਾ; ਜਿਹੋ ਜਿਹਾ ਸਰੀਰ ਰੂਪੀ ਕਪੜਾ ਪੁਆ ਦਿਤਾ, ਉਹੋ ਜਿਹਾ ਹੀ ਪਹਿਨਣਾ ਪੈਂਦਾ ਹੈ। ਸੋ ਇਸ ਤਰ੍ਹਾਂ ਇਹ ਜੀਵ ਹੌਲੀ-ਹੌਲੀ ਤਰੱਕੀ ਕਰਦਾ ਬੜੇ ਲੰਮੇ ਸਮੇਂ ਤੋਂ ਪਿਛੋਂ ਮਨੁੱਖ ਜਾਮਾ ਪ੍ਰਾਪਤ ਕਰਦਾ ਹੈ, ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਸੰਕੇਤ ਕੀਤਾ ਹੈ।

> ***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।***
> ***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।***
> ***ਪੰਨਾ - 631***

ਇਸ ਤਰ੍ਹਾਂ ਨਾਲ ਇਸ ਪ੍ਰਿਥਵੀ ਨੂੰ ਸਾਜਣ ਵਾਲੇ ਪ੍ਰਭੂ ਦੀ ਮਹਾਂਪੁਰਖਾਂ ਰਾਹੀਂ ਦਿਤੀ ਸਤਿ ਦੀ ਅਵਾਜ਼ ਹੈ, ਜਿਸ ਬਾਰੇ ਫੁਰਮਾਨ ਕਰਦੇ ਹਨ ਕਿ –

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12**

ਅਤੇ ਇਸਨੂੰ ਸੁਚੇਤ ਕਰਦੇ ਹਨ ਕਿ ਇਸ ਦੇਹੀ ਦੇ ਅੰਦਰ ਹੀ ਪ੍ਰਭੂ ਦਾ ਨਿਵਾਸ ਹੈ ਜਿਸ ਨੂੰ ਮਿਲਣ ਲਈ ਹੇ ਜੀਵ! ਤੂੰ ਬਹੁਤ ਲੰਮਾ ਸਫਰ ਕਰਕੇ ਇਸ ਅਵਸਥਾ ਤਕ ਪਹੁੰਚਿਆ ਹੈਂ। ਕੁਝ ਹੋਸ਼ ਵਿਚ ਆ, ਕੁਝ ਸੁਰਤ ਵਿਚ ਆ; ਤੇਰੇ ਅੰਦਰ ਜਿਥੇ ਪ੍ਰਭੂ ਦਾ ਵਾਸਾ ਹੈ, ਉਥੇ ਤੇਰੇ ਅੰਤਸ਼ਕਰਣ ਵਿਚ ਜਨਮਾਂ ਜਨਮਾਤਰਾਂ ਦੀਆਂ ਲੱਗੀਆਂ ਹੋਈਆਂ ਮੈਲਾਂ ਅਤੇ ਉਨ੍ਹਾਂ ਦੇ ਘਟੀਆ ਸੰਸਕਾਰ ਐਉਂ ਭਰੇ ਪਏ ਹਨ ਜਿਵੇਂ ਇਕ ਵੱਡਾ ਚੁਬੱਚਾ ਬਹੁਤ ਹੀ ਬਦਬੂਦਾਰ ਗੰਦ-ਮੰਦ ਨਾਲ ਭਰਿਆ ਪਿਆ ਹੋਵੇ। ਪਸ਼ੂ ਬਿਰਤੀ ਦੇ ਭੋਗਾਂ ਦੀਆਂ ਰੁਚੀਆਂ ਵੈਰ, ਵਿਰੋਧ, ਕਾਮ ਵਾਸ਼ਨਾਵਾਂ, ਲੋਭ ਲਹਿਰਾਂ, ਕ੍ਰੋਧ ਦੇ ਭਿਆਨਕ ਅਸਰ, ਮੋਹ ਦਾ ਪੱਕਾ ਜਾਲ ਅਤੇ ਅਭਿਮਾਨ ਦੀਆਂ ਛੱਲਾਂ, ਤ੍ਰਿਸ਼ਨਾ ਦੇ ਭਾਂਬੜ, ਆਸਾ ਤੇ ਅੰਦੇਸ਼ਾ ਦੀਆਂ ਡੈਣਾਂ ਆਪਣੇ ਮੈਲੇ ਸੁਭਾਅ ਲੈ ਕੇ ਅੰਤਸ਼ਕਰਣ ਵਿਚ ਸੜਿਆਂਦ ਦਿੰਦੀਆਂ ਕੁਰਬਲ-ਕੁਰਬਲ ਕਰਦੀਆਂ ਅੰਸਾਂ ਹਨ ਜੋ ਇਸ ਜੀਵ ਨੂੰ ਆਪਣੇ ਵਲਗਣਾਂ ਵਿਚੋਂ ਕਿਸੇ ਤਰ੍ਹਾਂ ਵੀ ਨਿਕਲਣ ਨਹੀਂ ਦਿੰਦੀਆਂ। ਇਹ ਜੀਵ ਇਨ੍ਹਾਂ ਮੈਲਾਂ ਦੇ ਅਧੀਨ ਫਸਿਆ ਹੋਇਆ ਸਤਿ ਦੀ ਅਵਾਜ਼ ਨੂੰ ਸੁਣਦਾ ਹੀ ਨਹੀਂ ਅਤੇ ਅਜਿਹੇ ਕਰਮ ਕਰਦਾ ਹੈ ਜਿਨ੍ਹਾਂ ਦਾ ਫਲ ਭੋਗਣ ਲਈ ਇਸਨੂੰ ਨਰਕ ਮੰਡਲ ਵਿਚ ਜਾ ਕੇ ਮਹਾਂ ਦੁਖਦਾਈ ਫਲ ਭੋਗਣੇ ਪੈਂਦੇ ਹਨ ਅਤੇ ਉਸ ਥਾਂ ਤੋਂ ਫੇਰ ਹੇਠਾਂ ਨਖਿੱਧ ਜੂਨੀਆਂ ਵਿਚ ਸੁਟ ਦਿਤਾ ਜਾਂਦਾ ਹੈ ਅਤੇ ਲੰਮਾ ਚੱਕਰ ਇਸ ਦੇ ਗਲੇ ਪੈ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

**ਸੰਗਿ ਸਹਾਈ ਸੁ ਆਵੈ ਨ ਚੀਤਿ॥**
**ਜੋ ਬੈਰਾਈ ਤਾ ਸਿਉ ਪ੍ਰੀਤਿ॥**
**ਬਲੂਆ ਕੇ ਗ੍ਰਿਹ ਭੀਤਰਿ ਬਸੈ॥**
**ਅਨਦ ਕੇਲ ਮਾਇਆ ਰੰਗਿ ਰਸੈ॥**
**ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥**
**ਕਾਲੁ ਨ ਆਵੈ ਮੂੜੇ ਚੀਤਿ॥**
**ਬੈਰ ਬਿਰੋਧ ਕਾਮ ਕ੍ਰੋਧ ਮੋਹ॥**
**ਝੂਠ ਬਿਕਾਰ ਮਹਾ ਲੋਭ ਧ੍ਰੋਹ॥**
**ਇਆਹੂ ਜੁਗਤਿ ਬਿਹਾਨੇ ਕਈ ਜਨਮ॥**
**ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267**

ਇਸ ਤਰ੍ਹਾਂ ਨਾਲ ਇਹ ਜੀਵ ਅਣਗਿਣਤ ਸਮੇਂ ਤੋਂ ਭਟਕਦਾ ਮਹਾਨ ਦੁਖ ਭੋਗ ਰਿਹਾ ਹੈ ਪਰ ਜਦੋਂ ਫੇਰ ਮਨੁੱਖਾ ਜਨਮ ਦੀ ਵਾਰੀ ਆਉਂਦੀ ਹੈ ਤਾਂ ਇਹ ਫੇਰ ਠੱਗਿਆ ਜਾਂਦਾ ਹੈ ਕਿਉਂਕਿ ਇਸਦੀਆਂ ਚੇਤਨ ਇੰਦ੍ਰੀਆਂ ਜਿਨ੍ਹਾਂ ਨੇ ਇਸਦੀ ਰਾਖੀ ਕਰਨੀ ਸੀ, ਉਹ ਸਾਰੀਆਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਸਰ ਅਧੀਨ ਆਪ ਵੀ ਸੁੱਤੀਆਂ ਪਈਆਂ ਹਨ ਅਤੇ ਇਹ ਜੀਵ ਭੀ ਸੁਤਾ ਪਿਆ ਹੈ ਜਿਵੇਂ ਕਿ ਫੁਰਮਾਨ ਹੈ –

**ਤ੍ਰਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥**
**ਗੁਰ ਕਿਰਪਾ ਤੇ ਸੇ ਜਨ ਜਾਗੇ**
**ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥**
**ਪੰਨਾ - 920**

ਜਦੋਂ ਇਹ ਮਾਤਾ ਦੇ ਪੇਟ ਵਿਚ ਪੁੱਠਾ ਲਟਕ ਕੇ ਆਪਣੇ ਪ੍ਰਾਣਾਂ ਦੀ ਗਤੀ ਸੁਖਮਨਾ ਨਾੜੀ ਵਿਚ ਪ੍ਰਵੇਸ਼ ਹੋਣ ਕਰਕੇ ਰਹਿੰਦਾ ਹੈ ਤਾਂ ਇਸਨੂੰ ਪਿਛਲੇ ਸੈਂਕੜੇ ਜਨਮਾਂ ਦਾ ਗਿਆਨ ਪ੍ਰਾਪਤ ਹੋ ਜਾਇਆ ਕਰਦਾ ਹੈ। ਉਸ ਥਾਂ ਤੇ ਨਾਮ ਧੁਨ ਵਿਚ ਮਸਤ ਹੋ ਕੇ ਫੁਰਨਾ ਕਰਦਾ ਹੈ ਕਿ ਮੈਂ ਹੁਣ ਨਾਮ ਜਪਾਂਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੁਖਾਂ ਤੋਂ ਬਰੀ ਕਰ ਲਵਾਂਗਾ ਪਰ ਜਦੋਂ ਸੰਸਾਰ ਦੀ ਹਵਾ ਲਗਦੀ ਹੈ ਤਾਂ ਭੁੱਲ ਜਾਇਆ ਕਰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ –

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
**ਏਹ ਮਾਇਆ ਜਿਤੁ ਹਰਿ ਵਿਸਰੈ**
**ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921**

ਅਤੇ ਫਿਰ ਫਸ ਜਾਂਦਾ ਹੈ –

**ਪਹਿਲੈ ਪਿਆਰਿ ਲਗਾ ਥਣ ਦੁਧਿ॥**
**ਦੂਜੈ ਮਾਇ ਬਾਪ ਕੀ ਸੁਧਿ॥**
**ਤੀਜੈ ਭਯਾ ਭਾਭੀ ਬੇਬ॥**
**ਚਉਥੈ ਪਿਆਰਿ ਉਪੰਨੀ ਖੇਡ॥**
**ਪੰਜਵੈ ਖਾਣ ਪੀਅਣ ਕੀ ਧਾਤੁ॥**
**ਛਿਵੈ ਕਾਮੁ ਨ ਪੁਛੈ ਜਾਤਿ॥**
**ਸਤਵੈ ਸੰਜਿ ਕੀਆ ਘਰ ਵਾਸੁ॥**
**ਅਠਵੈ ਕ੍ਰੋਧੁ ਹੋਆ ਤਨ ਨਾਸੁ॥**
**ਨਾਵੈ ਧਉਲੇ ਉਭੇ ਸਾਹ॥**
**ਦਸਵੈ ਦਧਾ ਹੋਆ ਸੁਆਹ॥ ਪੰਨਾ - 137**

ਇਸਨੂੰ ਜਾਗ ਨਹੀਂ ਆਉਂਦੀ ਕਿਉਂਕਿ ਪੰਜ ਚੋਰਾਂ ਨੇ ਇਸ ਜੀਵ ਨੂੰ ਮਾਇਆ ਰੂਪੀ ਠਗਮੂਰੀ ਬੂਟੀ ਸੁੰਘਾ ਕੇ ਬੇਹੋਸ਼ ਕਰ ਰੱਖਿਆ ਹੈ। ਇਸ ਮਾਇਆ ਦਾ ਇਸ ਦੇ ਉਤੇ ਸਦਾ ਹੀ ਅਸਰ ਰਹਿੰਦਾ ਹੈ ਅਤੇ ਸੁੱਤਾ ਰਹਿੰਦਾ ਹੈ –

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ**
**ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥**
**ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ**
**ਕੋਇ ਨ ਸੁਣੈ ਪੂਕਾਰਾ॥**
**ਅੰਧਾ ਜਗਤੁ ਅੰਧੁ ਵਰਤਾਰਾ**
**ਬਾਝੁ ਗੁਰੂ ਗੁਬਾਰਾ॥ ਪੰਨਾ - 600**

ਇਸ ਦੇ ਸਾਰੇ ਰਾਖੇ ਸੁੱਤੇ ਪਏ ਹਨ –

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥**
**ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥**
**ਰਸਨਾ ਸੋਈ ਲੋਭਿ ਮੀਠੈ ਸਾਦਿ॥**
**ਮਨੁ ਸੋਇਆ ਮਾਇਆ ਬਿਸਮਾਦਿ॥**
**ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥**

ਸਾਬਤੁ ਵਸਤੁ ਓਹੁ ਅਪਨੀ ਲਹੈ॥
ਸਗਲ ਸਹੇਲੀ ਅਪਨੈ ਰਸ ਮਾਤੀ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥
ਸੂਨੇ ਨਗਰਿ ਪਰੇ ਠਗਹਾਰੇ॥
ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥
ਸਾਧਸੰਗਿ ਓਇ ਦੁਸਟ ਵਸਿ ਹੋਤੇ॥ ਪੰਨਾ - 182

ਇਸੇ ਤਰ੍ਹਾਂ ਦੇ ਨਾਲ ਇਹ ਜੀਵ ਅਨੇਕ ਜੂਨਾਂ ਦੇ ਚੱਕਰ ਵਿਚ ਪਿਆ ਦੁਖੀ ਹੁੰਦਾ, ਵਿਰਲਾਪ ਕਰਦਾ ਰਹਿੰਦਾ ਹੈ ਪਰ ਇਸਨੂੰ ਕੁਝ ਨਹੀਂ ਸੁੱਝਦਾ ਕਿ ਕਿਸ ਤਰ੍ਹਾਂ ਇਸ ਪਰਮ ਦੁੱਖ ਦੇ ਵਿਚੋਂ ਛੁਟਕਾਰਾ ਪਾਵਾਂ। ਇਸ ਦੇ ਵਾਸਤੇ ਸ਼ੁਰੂ ਤੋਂ ਹੀ ਬਹੁਤ ਸਾਧਨ ਕਰਦਾ ਆਇਆ ਹੈ। ਬਹੁਤ ਸਾਰੇ ਸਾਧਨ ਅਤਿ ਕਠਨ ਹਨ ਜਿਵੇਂ ਕਿ ਹੱਠ ਯੋਗ ਵਿਚ ਨੇਤੀ, ਧੋਤੀ, ਬਸਤੀ, ਕਪਾਲੀ, ਤ੍ਰਾਟਕ ਆਦਿ ਅਨੇਕ ਸਾਧਨ ਹਨ ਤੇ ਪੰਜ ਮੁਦਰਾ ਖੇਚਰੀ, ਭੂਚਰੀ, ਚਰਚਰੀ, ਅਗੋਚਰੀ, ਉਨਮਨੀ ਆਦਿ ਕਰਨੀਆਂ, ਜੰਗਲਾਂ ਵਿਚ ਰਹਿਣਾ, ਭੁੱਖਾਂ, ਪਿਆਸਾਂ ਕੱਟਣੀਆਂ; ਦੂਸਰੇ ਹੋਰ ਸਾਧਨ ਹਨ ਜਿਵੇਂ ਕਿ ਪ੍ਰਾਣਾਯਾਮ ਕਰਕੇ, ਪ੍ਰਾਣਾਂ ਦੀ ਗਰਮੀ ਨਾਲ ਭੁਜੰਗਾ ਨਾੜੀ ਨੂੰ ਮੂਲਧਾਰ ਚੱਕਰ ਤੋਂ ਹਟਾਉਣਾ ਅਤੇ ਇਸ ਚੱਕਰ ਦੇ ਛਿਦ੍ਰ ਰਾਹੀਂ ਪ੍ਰਾਣ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਕੇ ਸਵਾਧਿਸ਼ਠਾਨ ਚੱਕਰ, ਮਣਿਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁਧ ਚੱਕਰ ਵਿਚੀਂ ਹੁੰਦਾ ਹੋਇਆ ਪ੍ਰਾਣ ਆਗਿਆ ਚੱਕਰ ਵਿਚ ਲੈ ਕੇ ਜਾਣਾ। ਇਸ ਥਾਂ ਉਪਰ ਦੋ ਹੋਰ ਨਾੜੀਆਂ ਇੜਾ ਤੇ ਪਿੰਗਲਾ, ਸੁਖਮਨਾ ਦੇ ਨਾਲ ਮਿਲਦੀਆਂ ਹਨ ਜਿਸਨੂੰ ਤ੍ਰਿਵੇਣੀ ਕਹਿੰਦੇ ਹਨ ਅਤੇ ਇਥੋਂ ਪ੍ਰਾਣਾਂ ਨੂੰ ਤ੍ਰਿਕੁਟੀ ਦੇ ਵਿਚੋਂ ਲੰਘਾ ਕੇ ਸਹੰਸਰ ਦਲ ਕਮਲ ਦੇ ਮੰਡਲ, ਦਸਮ ਦੁਆਰ ਵਿਚ ਪ੍ਰਾਣ ਸਥਿਤ ਕਰਨੇ ਅਤੇ ਬਹੁਤ ਲੰਮੇ ਸਮੇਂ ਤਕ ਸਮਾਧੀ ਵਿਚ ਬੈਠੇ ਰਹਿਣਾ, ਉਮਰ ਵਧਾ ਲੈਣੀ ਜਿਵੇਂ ਕਿ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਵੇਲੇ ਇਕ ਯੋਗੀ ਨੂੰ ਸਰੋਵਰ ਪੁੱਟਣ ਵੇਲੇ ਮੱਠ ਵਿਚੋਂ ਕੱਢਿਆ ਗਿਆ, ਜੋ ਲੱਖਾਂ ਸਾਲਾਂ ਦਾ ਇਥੇ ਬੰਦ ਕੀਤੇ ਹੋਏ ਮੱਠ ਵਿਚ ਸਮਾਧਿਸ਼ਠ ਰਿਹਾ ਅਤੇ ਹੌਲੀ-ਹੌਲੀ ਉਸ ਦੇ ਉਪਰ ਇਤਨੀ ਮਿਟੀ ਉਚੀ ਹੋ ਗਈ ਕਿ ਉਹ ਸਰੋਵਰ ਪੁੱਟਣ ਵੇਲੇ ਹੀ ਹੇਠਾਂ ਤੋਂ ਕੱਢਿਆ। ਗੁਰੂ ਮਹਾਰਾਜ ਜੀ ਦੇ ਤੱਤ ਗਿਆਨ, ਉਪਦੇਸ਼ ਰਾਹੀਂ ਉਸ ਦੀ ਕਲਿਆਣ ਹੋਈ। ਇਸੇ ਤਰ੍ਹਾਂ ਦੇ ਨਾਲ ਗੁਰੂ ਦਸਵੇਂ ਪਾਤਸ਼ਾਹ ਵੇਲੇ ਮੁਕਤਸਰ ਦੇ ਨੇੜੇ ਪਿੰਡ ਜੋਗੀਪੁਰ ਵਿਚ 5100 ਸਾਲ ਤੋਂ ਵੱਧ ਉਮਰ ਦਾ ਇਕ ਯੋਗੀ ਗੁਰੂ ਮਹਾਰਾਜ ਜੀ ਦੀ ਚਰਨ ਸ਼ਰਨ ਆਇਆ ਅਤੇ ਗਿਆਨ ਪ੍ਰਾਪਤ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਹਾਸਿਲ ਕੀਤੀ।

ਬਹੁਤ ਸਾਰੇ, ਸਾਰੀ ਉਮਰ ਚੁੱਪ ਕਰਕੇ ਅਤੇ ਕਲਪਾਤੀ ਬਿਰਤੀ ਧਾਰ ਕੇ, ਵਸਤਰਾਂ ਤੋਂ ਬਿਨਾਂ ਜੰਗਲਾਂ ਵਿਚ ਜੰਗਲੀ ਜਾਨਵਰਾਂ ਵਾਂਗੂੰ ਘੁੰਮਦੇ ਰਹਿੰਦੇ ਸਨ ਤੇ ਇਸੇ ਭਾਵਨਾ ਨਾਲ ਬਹੁਤ ਜਗਿਆਸੂ ਧਰਤੀ ਦੇ ਉਤੇ ਭ੍ਰਮਣ ਕਰਦੇ ਰਹਿੰਦੇ ਸਨ ਅਤੇ ਸਾਰੇ ਤੀਰਥਾਂ ਦੇ ਇਸ਼ਨਾਨ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਦੀ ਲੋਚਾ ਰਖਦੇ ਸਨ। ਬਹੁਤ ਸਾਰੇ ਪਵਿੱਤਰ ਤੀਰਥਾਂ ਦੇ ਕੰਢਿਆਂ ਤੇ ਜਾ ਕੇ ਵਸਣਾ ਸ਼ੁਰੂ ਕਰ ਦਿੰਦੇ ਸਨ ਤੇ ਤੀਰਥਾਂ ਦਾ ਜਲ ਪਵਿੱਤਰ ਜਾਣ ਕੇ ਪਾਨ ਕਰਦੇ ਸਨ ਅਤੇ ਦਿਨ ਵਿਚ ਕਈ ਕਈ ਵਾਰੀ ਇਸ਼ਨਾਨ ਕਰਦੇ ਸਨ। ਬਹੁਤ ਸਾਰੇ ਐਸੇ ਜਗਿਆਸੂ ਸਨ ਜਿਨ੍ਹਾਂ ਦੇ ਮਨ ਵਿਚ ਇਹ ਭਾਵਨਾ ਹੁੰਦੀ ਕਿ ਦਾਨ ਕਰਕੇ ਪ੍ਰਭੂ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਇਸੇ ਹੀ ਸਿਧਾਂਤ ਦੇ ਮੁਤਾਬਿਕ ਸੋਨਾ, ਹਾਥੀ, ਘੋੜੇ, ਜ਼ਮੀਨ, ਇਥੋਂ ਤੱਕ ਕਿ ਆਪਣੀ ਇਸਤ੍ਰੀ ਨੂੰ ਪੂਰੇ ਗਹਿਣੇ ਪਾ ਕੇ ਦਾਨ ਕਰ ਦਿਆ ਕਰਦੇ ਸਨ ਅਤੇ ਬਹੁਤ ਵੱਡੀ ਕੀਮਤ ਦੇ ਕੇ ਇਸਤ੍ਰੀ ਨੂੰ ਵਾਪਿਸ ਲਿਆ ਕਰਦੇ ਸਨ। ਬਹੁਤ ਸਾਰੇ ਪ੍ਰੇਮੀ, ਪੂਜਾ, ਅਰਚਾ, ਡੰਡਉਤ ਅਤੇ ਖਟ ਕਰਮ ਵਿਚ ਪ੍ਰਵਿਰਤ ਰਹਿ ਕੇ ਪ੍ਰਭੂ ਦੇ ਮਿਲਾਪ ਦੀ ਪ੍ਰਬਲ ਇੱਛਾ ਮਨ ਵਿਚ ਰੱਖਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਜੋਗੀਆਂ ਵਾਲੇ 84 ਆਸਨ ਕਰਦੇ ਸਨ, ਉਮਰਾਂ ਵਧਾ ਲੈਂਦੇ ਸਨ ਅਤੇ ਇਸ ਆਸ਼ਾ ਵਿਚ ਰਹਿੰਦੇ ਸਨ ਕਿ ਅਸਾਨੂੰ 84 ਦੇ ਚੱਕਰ ਵਿਚੋਂ ਛੁਟਕਾਰਾ ਮਿਲੇ।

ਇਨ੍ਹਾਂ ਸਾਰੀਆਂ ਸਾਧਨਾਵਾਂ ਦਾ ਫਲ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਤਾਂ ਹੋ ਜਾਇਆ ਕਰਦੀ ਸੀ ਪਰ ਨਾਮ ਦੀ ਸ਼ਾਂਤੀ ਰੰਚਕ ਮਾਤ੍ਰ ਵੀ ਪ੍ਰਾਪਤ ਨਹੀਂ ਹੋਇਆ ਕਰਦੀ ਸੀ।

ਇਸ ਜੀਵ ਦੇ ਅੰਤਸ਼ਕਰਣ ਵਿਚ ਜਨਮਾਂ ਜਨਮਾਤਰਾਂ ਦੇ ਸੁਭਾਵਾਂ, ਵਰਤਾਰਿਆਂ ਤੇ ਪਕੜਾਂ ਦੀ ਮੈਲ ਐਨੀ ਲਗ ਚੁੱਕੀ ਸੀ ਕਿ ਇਸ ਦਾ ਅੰਤਸ਼ਕਰਣ, ਕਾਲਾ ਸਿਆਹ ਹੋ ਚੁਕਿਆ ਸੀ। ਜਦੋਂ ਤਕ ਇਸ ਮੈਲ ਦੀ ਅੰਸ਼ ਇਸਦੇ ਅੰਤਸ਼ਕਰਣ ਵਿਚ ਰਹਿੰਦੀ ਹੈ, ਉਸ ਸਮੇਂ ਤਕ ਇਸਨੂੰ ਪ੍ਰਮ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ।

ਉਪਰ ਕਥੇ ਸਾਧਨ ਜਨ ਸਮੂੰਹ ਲਈ ਨਹੀਂ ਸਨ। ਕੋਈ ਵਿਰਲਾ-ਵਿਰਲਾ ਜਗਿਆਸੂ ਇਹ ਸਾਧਨ ਕਰਿਆ ਕਰਦਾ ਸੀ। ਬਾਕੀ ਜਨਤਾ ਲਈ ਸਤਿ ਨੂੰ ਅਪਨਾਉਣਾ, ਸਤਿ ਬੋਲਣਾ, ਸਤਿ ਸੋਚਣਾ, ਸਤਿ ਕਰਮ ਕਰਨੇ, ਸਤਿ ਦੇ ਆਧਾਰ ਤੇ ਜੀਵਨ ਜੀਉਣਾ ਅਤੇ ਯੱਗ, ਪੂਜਾ ਵਿਧੀ ਪੂਰਵਕ ਕਰਮ ਕਰਨੇ ਆਦਿ, ਵਿਧਾਨ ਸੀ। ਸਤਿਜੁਗ ਵਿਚ ਸਾਰੇ ਸਤਿ ਬੋਲਿਆ ਕਰਦੇ ਸਨ। ਤ੍ਰੇਤੇ ਜੁਗ ਵਿਚ ਬਹੁਤ ਕਿਸਮ ਦੇ ਯੱਗ ਕਰਕੇ ਸਵਰਗ ਮੰਡਲ ਵਿਚ, ਇੰਦ੍ਰ ਲੋਕ ਤੋਂ ਲੈ ਕਰ ਬੈਕੁੰਠ ਧਾਮ ਦੀ ਇੱਛਾ ਕਰਿਆ ਕਰਦੇ ਸਨ। ਦੁਆਪਰ ਯੁੱਗ ਦੇ ਵਿਚ ਅਨੇਕ ਕਿਸਮ ਦੀ ਪੂਜਾ ਕਰਕੇ ਆਪਣੇ ਧੇਅ ਨੂੰ ਪ੍ਰਾਪਤ ਕਰਨ ਲਈ ਜਤਨ ਕਰਦੇ ਸਨ ਪਰ ਕਲਜੁਗ ਦੇ ਆਉਣ ਨਾਲ ਮਨੁੱਖ ਦੇ ਆਚਾਰ, ਵਿਉਹਾਰ, ਆਹਾਰ ਉਪਰ ਇਕ ਦਮ ਅਸਰ ਹੋਣ ਕਰਕੇ ਉਪਰ ਕਥੇ ਕਰਮ ਕੇਵਲ ਦਿਖਾਵੇ ਮਾਤਰ ਰਹਿ ਗਏ, ਇਨ੍ਹਾਂ ਦੇ ਵਿਚੋਂ ਪੂਰੀ ਲਗਨ ਭਰੀ ਜਗਿਆਸਾ ਦਾ ਅਭਾਵ ਹੋ ਕੇ ਇਕ ਦਿਖਾਵਾ ਹੀ ਰਹਿ ਗਿਆ। ਇਨ੍ਹਾਂ ਹਾਲਾਤਾਂ ਨੂੰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਬਹੁਤ ਹੀ ਸੁਖੈਨ ਮਾਰਗ ਜੀਵ ਦੇ ਉਧਾਰ ਲਈ ਪ੍ਰਗਟ ਕੀਤਾ। ਇਕ ਕਥਾ ਦੀ ਵਿਚਾਰ ਕਰਕੇ ਸਾਨੂੰ ਇਹ ਸਿਧਾਂਤ ਅਪਨਾਉਣਾ ਹੋਰ ਵੀ ਸੁਖਾਲਾ ਹੋ ਜਾਂਦਾ ਹੈ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਪਾਂਡਵਾਂ ਸਮੇਤ ਸ਼ਸ਼ੋਭਤ ਸਨ ਕਿ ਅਚਾਨਕ ਆਪ ਦੇ ਮੁਖ ਤੋਂ ਨਿਕਲਿਆ ਕਿ ਹੁਣ ਕਲਜੁਗ ਆ ਗਿਆ ਹੈ। ਪਾਂਡਵ, ਕਲਜੁਗ ਦਾ ਨਾਮ ਸੁਣ ਕੇ ਕੁਛ ਠਠੰਬਰ ਗਏ ਕਿਉਂਕਿ ਕਲਜੁਗ ਨੂੰ ਬਹੁਤ ਹੀ ਭਿਆਨਕ ਜੁਗ ਗਿਣਿਆ ਗਿਆ ਸੀ। ਉਸ ਵੇਲੇ ਸਾਰਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਕਲਜੁਗ ਦਾ ਵਰਤਾਰਾ ਕਿਵੇਂ ਦਾ ਹੋਵੇਗਾ? ਤਾਂ ਆਪ ਨੇ ਫੁਰਮਾਨ ਕੀਤਾ ਕਿ ਕੱਲ ਨੂੰ ਜਦੋਂ ਚਿਤ ਨੂੰ ਇਕਾਗਰ ਕਰਕੇ ਯੋਗ ਸਾਧਨ ਵਿਚ ਪ੍ਰਵਿਰਤ ਹੋਵੋਂਗੇ, ਉਸ ਵੇਲੇ ਤੁਹਾਨੂੰ ਕੁਝ ਭਵਿੱਖਤ ਦੇ ਦ੍ਰਿਸ਼ ਅਨੁਭਵ ਹੋਣਗੇ। ਉਨ੍ਹਾਂ ਤੋਂ ਕੁਝ ਸੰਕੇਤ ਆਪ ਨੂੰ ਕਲਜੁਗ ਦੇ

ਵਰਤਾਰੇ ਬਾਰੇ ਪ੍ਰਗਟ ਹੋਣਗੇ।

ਦੂਸਰੇ ਦਿਨ ਸਾਰਿਆਂ ਨੇ ਅਜੀਬ ਦ੍ਰਿਸ਼ ਅਨੁਭਵ ਕੀਤੇ ਅਤੇ ਉਸਦਾ ਅਸਲੀ ਭਾਵ ਜਾਨਣ ਲਈ ਕ੍ਰਿਸ਼ਨ ਮਹਾਰਾਜ ਕੋਲ ਬੇਨਤੀ ਕੀਤੀ।

ਨਕੁਲ ਨੇ ਕਿਹਾ ਕਿ ਮੈਂ ਦੇਖਿਆ, ਇਕ ਖੇਤ ਹਰਿਆ ਭਰਿਆ, ਫਲ ਤੇ ਆਇਆ ਲਹਿਲਹਾ ਰਿਹਾ ਹੈ। ਮੇਰੇ ਵੇਖਦੇ-ਵੇਖਦੇ ਜੋ ਖੇਤ ਦੀ ਰਾਖੀ ਲਈ ਬਾੜ ਕੀਤੀ ਗਈ ਸੀ, ਉਸਨੂੰ ਮੂੰਹ ਲਗ ਗਏ। ਉਸ ਬਾੜ ਨੇ ਚਲ ਕੇ ਸਾਰੇ ਖੇਤ ਨੂੰ ਖਾ ਲਿਆ ਅਤੇ ਖੇਤ ਰੁੰਡ-ਮੁੰਡ ਹੋ ਗਿਆ। ਇਸ ਦਾ ਤਾਤਪ੍ਰਜ ਕੀ ਹੋਇਆ?

ਤਾਂ ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕਲਜੁਗ ਦੇ ਅੰਦਰ ਜੋ ਰਾਜੇ ਹੋਣਗੇ, ਉਹ ਕਸਾਈਆਂ ਦਾ ਰੂਪ ਧਾਰ ਕੇ ਪ੍ਰਜਾ ਨੂੰ ਕੋਹਣਗੇ ਅਤੇ ਲੁਟਣਗੇ। ਪ੍ਰਜਾ ਉਪਰ ਅਨੇਕ ਕਿਸਮ ਦੇ ਟੈਕਸ ਲਗਾ ਕੇ ਆਪਣੇ ਖਜ਼ਾਨੇ ਭਰਨਗੇ ਅਤੇ ਜਦੋਂ ਪ੍ਰਜਾ ਵਾਸਤੇ ਖਰਚ ਕਰਨਗੇ ਤਾਂ ਉਸ ਵਿਚੋਂ ਬਹੁਤ ਵੱਡਾ ਹਿੱਸਾ ਆਪਣੇ ਨਿੱਜ ਦੇ ਖਰਚਾਂ ਲਈ ਕੱਢ ਲੈਣਗੇ। ਇਥੇ ਹੀ ਬਸ ਨਹੀਂ, ਆਪਣੇ ਹਿਤ ਪੂਰੇ ਕਰਨ ਲਈ, ਆਪਣੇ ਧੜੇ ਨੂੰ ਤਾਕਤ ਵਿਚ ਰੱਖਣ ਲਈ ਪ੍ਰਜਾ ਦੇ ਖ਼ੂਨ ਦੀ ਹੋਲੀ ਖੇਡਣਗੇ। ਰਾਜੇ ਦਾ ਧਰਮ ਨਿਆਂ ਕਰਨਾ ਹੋਇਆ ਕਰਦਾ ਹੈ ਪਰ ਨਿਆਂ ਕਰਨ ਦੀ ਥਾਂ ਉਹ ਆਪਣੇ ਹਿਤ ਪੂਰੇ ਕਰਨਗੇ, ਪ੍ਰਜਾ ਦੇ ਹੱਕਾਂ ਦਾ ਘਾਤ ਕਰਨਗੇ, ਇਕ ਤਰ੍ਹਾਂ ਦੇ ਨਾਲ ਕਸਾਈਆਂ ਦੇ ਰੂਪ ਵਿਚ ਹੀ ਵਰਤਣਗੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥* *ਪੰਨਾ - 145*

*ਕਲਿ ਆਈ ਕੁੱਤੇ ਮੁਹੀ*
*ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ,*
*ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ,*
*ਕੂੜ ਕੁਸਤਿ ਮੁਖਹੁ ਆਲਾਈ।*
*ਭਾਈ ਗੁਰਦਾਸ ਜੀ, ਵਾਰ - 1/30*

ਸੋ ਐਸੀ ਹਾਲਤ ਵਿਚ ਪ੍ਰਜਾ ਗਿਆਨਹੀਨ ਹੋ ਕੇ ਸਾਰੇ ਜੀਵਨ ਵਿਚ, ਸਾਰੇ ਸਮਾਜ ਵਿਚ, ਸਾਰੇ ਦੇਸ਼ ਵਿਚ ਅਧਰਮ ਦੀ ਜੈ-ਜੈਕਾਰ ਹੋਵੇਗੀ ਅਤੇ ਧਰਮ ਦਾ ਹਾਮੀ ਕੋਈ ਵਿਰਲਾ-ਵਿਰਲਾ ਹੀ ਨਜ਼ਰ ਆਵੇਗਾ।

ਸਹਦੇਵ ਨੇ ਕਿਹਾ ਕਿ ਮੈਂ ਇਕ ਗਊ ਦੇਖੀ। ਜਦੋਂ ਉਹ ਸੂਈ ਤਾਂ ਉਸਨੇ ਇਕ ਬੱਛੀ ਦਿਤੀ। ਮੈਂ ਹੈਰਾਨ ਹੋ ਗਿਆ ਕਿ ਗਊ ਬੱਛੀ ਨੂੰ ਚੁੰਘਣ ਲਗ ਗਈ। ਇਸ ਦਾ ਕੀ ਨਿਰਣਾ ਹੋਇਆ?

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪਿਛਲੇ ਜੁਗਾਂ ਦੇ ਅੰਦਰ ਕੰਨਿਆਂ ਦਾਨ ਕੀਤੇ ਜਾਂਦੇ ਸਨ ਅਤੇ ਕੰਨਿਆ ਦਾ ਧਨ ਕਿਸੇ ਤਰੀਕੇ ਨਾਲ ਵੀ ਨਹੀਂ ਲਿਆ ਜਾਂਦਾ ਸੀ ਪਰ ਕਲਜੁਗੀ ਜੀਵ ਕੰਨਿਆ ਤੋਂ ਨੌਕਰੀਆਂ, ਚਾਕਰੀਆਂ, ਅਨੇਕ ਤਰ੍ਹਾਂ ਦੀ ਕਿਰਤ ਕਰਾ ਕੇ ਉਸ ਦੀ ਕਮਾਈ ਖਾਣਗੇ ਜਿਸ ਨਾਲ ਇਨ੍ਹਾਂ ਜੀਵਾਂ ਦੀ ਬੁੱਧੀ ਭਰਿਸ਼ਟ ਹੋ ਜਾਏਗੀ ਅਤੇ ਅਗਿਆਨਮਈ ਕਰਮਾਂ ਦੇ ਵਿਚ ਪ੍ਰਵਿਰਤ ਹੋ ਜਾਣਗੇ।

ਅਰਜਨ ਨੇ ਕਿਹਾ ਕਿ ਉਸਨੇ ਇਕ ਹਾਥੀ ਵੇਖਿਆ ਜਿਸਦੇ ਦੋ ਸੁੰਡਾਂ ਲਗੀਆਂ ਹੋਈਆਂ ਸਨ। ਇਕ ਨਾਲ ਉਹ ਘਾਹ ਖਾ ਰਿਹਾ ਸੀ ਤੇ ਦੂਸਰੀ ਸੁੰਡ ਦੇ ਨਾਲ ਮਾਸ ਖਾ ਰਿਹਾ ਸੀ। ਕਹਿਣ ਲੱਗਿਆ ਕਿ ਮਹਾਰਾਜ! ਇਸ ਦਾ ਰਹੱਸ ਮੇਰੀ ਸਮਝ ਤੋਂ ਬਾਹਰ ਹੈ, ਕ੍ਰਿਪਾ ਕਰਕੇ ਪ੍ਰਗਟ ਕਰੋ।

ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ ਹੇ ਅਰਜਨ! ਕਲਜੁਗ ਦੇ ਜੋ ਸ਼ਾਸ਼ਕ (Officer,Administrator, Employee) ਹੋਣਗੇ, ਉਨ੍ਹਾਂ ਤੋਂ ਕਿਸੇ ਤੋਂ ਵੀ ਇਨਸਾਫ ਪ੍ਰਾਪਤ ਨਹੀਂ ਹੋਇਆ ਕਰੇਗਾ। ਉਹ ਝੂਠੇ ਤੇ ਸੱਚੇ, ਦੋਹਾਂ ਪਾਸੋਂ, ਆਪਣੇ ਫਰਜ਼ਾਂ ਨੂੰ ਭੁੱਲ ਕੇ, ਰਿਸ਼ਵਤਾਂ ਲੈ ਕੇ ਇਨਸਾਫ ਤੋਂ ਦੋਹਾਂ ਨੂੰ ਵਾਂਝਾ ਰਖਿਆ ਕਰਨਗੇ। ਕਿਸੇ ਦਾ ਹੱਕ ਸਲਾਮਤ ਨਹੀਂ ਹੋਵੇਗਾ -

*ਕਾਜੀ ਹੋਏ ਰਿਸ਼ਵਤੀ, ਵਢੀ ਲੈ ਕੇ ਹਕ ਗਵਾਈ।*
*ਭਾਈ ਗੁਰਦਾਸ ਜੀ, ਵਾਰ - 1/30*

ਭੀਮਸੈਨ ਨੇ ਕਿਹਾ ਕਿ ਮਹਾਰਾਜ ਮੈਂ ਇਕ ਐਸਾ ਹੰਸ ਦੇਖਿਆ ਜਿਸ ਦੇ ਫੰਘਾਂ ਦੇ ਉਪਰ ਵੇਦਾਂ ਦੇ ਸਲੋਕ ਲਿਖੇ ਹੋਏ ਸਨ। ਮੈਂ ਹੈਰਾਨ ਹੋ ਗਿਆ ਕਿ ਉਸਦੇ ਸਾਹਮਣੇ ਮੋਤੀਆਂ ਦਾ ਚੋਗਾ ਪਿਆ ਸੀ ਪਰ ਉਹ ਮੋਤੀਆਂ ਨੂੰ ਛੱਡ ਕੇ ਕੋਲ ਪਏ ਇਕ ਕਰੰਗ ਨੂੰ ਚੂੰਡ ਰਿਹਾ ਸੀ। ਇਸ ਦਾ ਤਾਤਪ੍ਰਜ ਮੇਰੀ ਸਮਝ ਤੋਂ ਬਾਹਰ ਹੈ, ਕ੍ਰਿਪਾ ਕਰਕੇ ਆਪ ਪ੍ਰਕਾਸ਼ ਪਾਓ।

ਤਾਂ ਆਪ ਨੇ ਫੁਰਮਾਇਆ ਕਿ ਭੀਮਸੈਨ! ਸਤਿਜੁਗ, ਤ੍ਰੇਤੇ, ਦੁਆਪਰ ਦੇ ਅਚਾਰੀਆ, ਰਿਸ਼ੀ-ਮੁਨੀ, ਜੀਵਨ ਵਿਚ ਬਹੁਤ ਹੀ ਸੋਧ ਨਾਲ ਵਰਤ ਰਹੇ ਸਨ ਅਤੇ ਧਰਮ ਗ੍ਰੰਥਾਂ ਦੇ ਅਨੁਕੂਲ ਵਰਤ ਰਹੇ ਸਨ। ਇਨ੍ਹਾਂ ਦੇ ਆਚਾਰ, ਵਿਉਹਾਰ, ਵਿਚਾਰ ਸਤੋ ਗੁਣੀ ਹੁੰਦੇ ਸਨ ਪਰ ਕਲਜੁਗ ਦੇ ਵਿਦਵਾਨ, ਧਰਮ ਗ੍ਰੰਥਾਂ ਦੇ ਸਿਧਾਂਤਾਂ ਦਾ ਅਨਰਥ, ਸੰਸਾਰ ਵਿਚ ਬੜੇ ਮਾਣ ਨਾਲ ਪ੍ਰਗਟ ਕਰਨਗੇ। ਉਨ੍ਹਾਂ ਦੇ ਬਹੁਤ ਹੀ ਪ੍ਰਮਾਣ ਯਾਦ ਹੋਣਗੇ, ਸਤਿ ਬਾਣੀ ਮੁਖ ਤੋਂ ਬੋਲਣਗੇ ਪਰ ਆਪ ਆਪਣੇ ਜੀਵਨ ਬਹੁਤ ਹੀ ਨਿੰਦਨੀ ਢੰਗ ਨਾਲ ਬਤੀਤ ਕਰਨਗੇ। ਸਤੋ ਗੁਣੀ ਭੋਜਨ, ਸਤੋਗੁਣੀ ਵਿਚਾਰ ਛੱਡ ਕੇ ਮਧਰਾ, ਮਾਸ, ਮੈਥੁਨ ਆਦਿ ਵਿਚ ਪੂਰੀ ਤਰ੍ਹਾਂ ਨਾਲ ਪ੍ਰਵਿਰਤ ਹੋ ਕੇ ਸਰੋਤਿਆਂ ਨੂੰ ਵੀ ਅਸ਼ੁਭ ਮਤ ਦਿਆ ਕਰਨਗੇ। ਆਪਣੇ ਕਰਮਾਂ ਧਰਮਾਂ ਤੋਂ ਗਿਰ ਜਾਣਗੇ ਅਤੇ ਆਪਣੀ ਮਤ ਦੇ ਮੁਤਾਬਿਕ ਮਹਾਂਪੁਰਸ਼ਾਂ ਦੇ ਬਚਨਾਂ ਦੇ ਅਰਥ ਕਰਿਆ ਕਰਨਗੇ। ਸਿਫਤ ਸਲਾਹਨ ਨੂੰ ਛੱਡ ਕੇ ਵਿਸ਼ੇ ਵਿਕਾਰਾਂ, ਮਧਰਾ, ਮਾਸ, ਵਿਭਚਾਰ ਰੂਪੀ ਕਰੰਗ ਚੂੰਡਣਗੇ। ਆਪ ਵੀ ਇਨ੍ਹਾਂ ਨਿੰਦਨੀ ਕੰਮਾਂ ਦੇ ਵਿਚ ਪ੍ਰਵਿਰਤ ਹੋਣਗੇ ਅਤੇ ਸੰਸਾਰ ਨੂੰ ਵੀ ਪ੍ਰਵਿਰਤ ਕਰਾ ਦੇਣਗੇ -

*ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥*
*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*
*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥* *ਪੰਨਾ-790*

ਇਸ ਤਰ੍ਹਾਂ ਨਾਲ ਕਲਜੁਗ ਦੇ ਪ੍ਰਚਾਰਕ ਕਰਮ ਧਰਮ ਤੋਂ ਗਿਰ ਜਾਣਗੇ ਅਤੇ ਪਾਪ ਦਾ ਵਰਤਾਰਾ ਸੰਸਾਰ ਵਿਚ ਫੈਲ ਜਾਵੇਗਾ, ਜਿਸ ਨਾਲ ਪਹਿਲੇ ਜੁਗਾਂ ਦੇ ਪਵਿੱਤਰ ਕਰਮਾਂ ਧਰਮਾਂ ਤੋਂ ਆਪਣੇ ਆਪ ਨੂੰ ਅਤੇ ਸੰਸਾਰ ਨੂੰ ਦੂਰ ਲੈ ਜਾਣਗੇ। ਏਥੋਂ ਤੱਕ ਕਿ ਅਖਾਉਤੀ ਸਾਧੂ ਸੰਤਾਂ ਉਪਰ ਮਾਇਆ ਦਾ ਪ੍ਰਭਾਵ ਪੂਰੀ ਤਰ੍ਹਾਂ ਨਾਲ ਹੋ ਜਾਵੇਗਾ ਅਤੇ ਉਹ ਵੈਰਾਗ ਦੀ ਬਿਰਤੀ 'ਚੋਂ ਹਟ ਕੇ ਵੱਡੇ-ਵੱਡੇ ਆਸ਼ਰਮ ਬਣਾਉਣ ਵਿਚ ਪ੍ਰਵਿਰਤ ਹੋ ਜਾਣਗੇ। ਆਪਣੀ ਉਚਤਾ ਭਰੀ ਬਿਰਤੀ ਨੂੰ ਛੱਡ ਕੇ ਚੇਲਿਆਂ ਦੀ ਤਲਾਸ਼ ਵਿਚ ਭਟਕਦੇ ਫਿਰਨਗੇ। ਚੇਲੇ ਘਰਾਂ ਵਿਚ ਬੈਠਣਗੇ ਤੇ ਗੁਰੂ ਜਾ ਕੇ ਅਨੇਕ ਅਡੰਬਰ ਉਨ੍ਹਾਂ ਨੂੰ ਫਸਾਉਣ ਲਈ ਕਰਨਗੇ –

***ਚੇਲੇ ਸਾਜ ਵਜਾਇੰਦੇ, ਨਚਨਿ ਗੁਰੂ ਬਹੁਤੁ ਬਿਧਿ ਭਾਈ।***
***ਸੇਵਕ ਬੈਠਨਿ ਘਰਾਂ ਵਿਚਿ,***
***ਗੁਰ ਉਠਿ ਘਰੀਂ ਤਿਨਾੜੇ ਜਾਈ।***

***ਭਾਈ ਗੁਰਦਾਸ ਜੀ, ਵਾਰ 1/30***

ਸੋ ਇਸ ਤਰ੍ਹਾਂ ਨਾਲ ਕਲਜੁਗ ਵਿਚ ਪਾਪ ਦਾ ਪਸਾਰਾ ਸਾਰੇ ਸੰਸਾਰ ਵਿਚ ਹੋ ਜਾਵੇਗਾ। *'ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨ ਰੋਆ'* ਦੀ ਹਾਲਤ ਵਰਤ ਜਾਵੇਗੀ। ਇਹ ਪ੍ਰਚਾਰਕ ਇਕ ਧਰਮ ਨੂੰ ਦੂਸਰੇ ਨਾਲ ਲੜਾਈਆਂ ਕਰਾਉਣ ਦਾ ਕੰਮ ਕਰਨਗੇ। ਕੋਈ ਮੰਦਰ ਨੂੰ ਢਾਹੁਣਗੇ, ਤਾਂ ਦੂਸਰੇ ਮਸਜਿਦ ਨੂੰ ਢਾਹ ਦੇਣਗੇ। ਧਾਰਮਿਕ ਅਸਥਾਨਾਂ ਦੀ ਬੇਪਤੀ ਹੋਵੇਗੀ ਅਤੇ *'ਪਾਪੈ ਦਾ ਵਰਤਿਆ ਵਰਤਾਰਾ'* ਪ੍ਰਤੱਖ ਰੂਪ ਵਿਚ ਹੋ ਜਾਵੇਗਾ।

ਯੁਧਿਸ਼ਟਰ ਨੇ ਕਿਹਾ ਕਿ ਮਹਾਰਾਜ! ਮੇਰੇ ਅਨੁਭਵ ਵਿਚ ਵੀ ਇਕ ਬਹੁਤ ਹੀ ਵਚਿੱਤਰ ਦ੍ਰਿਸ਼ ਆਇਆ ਹੈ, ਕ੍ਰਿਪਾ ਕਰਕੇ ਉਸਦਾ ਵੀ ਨਿਰਣਾ ਕਰੋ। ਉਹ ਇਉਂ ਹੈ ਕਿ ਇਕ ਬਹੁਤ ਵੱਡਾ ਪਹਾੜ, ਪ੍ਰਬਤ ਦੀ ਟੀਸੀ ਤੋਂ ਰੁੜ੍ਹਿਆ, ਜਿਸਨੇ ਆਪਣੇ ਰਸਤੇ ਵਿਚ ਆਉਣ ਵਾਲੇ ਸਾਰੇ ਦਰਖਤਾਂ ਨੂੰ ਤਰੋੜ-ਮਰੋੜ ਦਿਤਾ ਪਰ ਜਦੋਂ ਖੱਡ ਵਿਚ ਗਿਰਨ ਲੱਗਿਆ ਤਾਂ ਇਕ ਘਾਹ ਦੇ ਤਿਣਕੇ ਨੇ ਉਸਨੂੰ ਪੂਰੀ ਤਰ੍ਹਾਂ ਨਾਲ ਰੋਕ ਲਿਆ। ਮੈਂ ਹੈਰਾਨ ਹਾਂ ਕਿ ਉਸ ਘਾਹ ਦੇ ਤਿਣਕੇ ਵਿਚ ਕੀ ਸ਼ਕਤੀ ਸੀ?

ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ ਕਲਜੁਗ ਨੇ ਭਲੀਭਾਂਤ ਪ੍ਰਗਟ ਕਰ ਦਿਤਾ ਕਿ ਮੇਰੇ ਜੁਗ ਦੇ ਅੰਦਰ ਜਿਥੇ ਪਾਪਾਂ ਦਾ ਹੀ ਪਸਾਰਾ ਹੈ, ਉਥੇ ਜੀਵ ਦੇ ਕਲਿਆਣ ਲਈ ਨਾਮ ਦੀ ਸ਼ਕਤੀ ਅਕੱਥ ਹੈ, ਅਗਾਧ ਬੋਧ ਹੈ। ਸਾਰੀ ਜ਼ਿੰਦਗੀ ਦਾ ਪਾਪੀ, ਜੇ ਚਿਤ ਬਿਰਤੀ ਇਕਾਗਰ ਕਰਕੇ ਇਕ ਛਿਨ ਮਾਤਰ ਵੀ ਪ੍ਰਭੂ ਦੀ ਯਾਦ ਵਿਚ ਲੀਨ ਹੋ ਜਾਵੇ ਤਾਂ ਉਸ ਦੇ ਪਾਪਾਂ ਦਾ ਨਾਸ਼ ਹੋ ਕੇ, ਇਹ ਨਾਮ ਉਸਦੇ ਸਾਰੇ ਔਗੁਣਾਂ ਨੂੰ ਕੱਟ ਦੇਵੇਗਾ। ਜਿਸ ਬਾਰੇ ਫੁਰਮਾਨ ਹੈ ਕਿ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ॥* ਅਕਾਲ ਉਸਤਤਿ

ਇਸ ਸਾਰੀ ਵਿਚਾਰ ਤੋਂ ਗੁਰਮਤਿ ਦੀ ਰੋਸ਼ਨੀ ਦੇ ਅੰਦਰ ਸਿਧਾਂਤ ਪ੍ਰਗਟ ਹੈ ਕਿ –

*ਅਬ ਕਲੂ ਆਇਓ ਰੇ॥*
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥* ਪੰਨਾ - 1185

ਸੋ ਕਲਜੁਗ ਦੀ ਮੁੱਖ ਸਾਧਨਾ ਪ੍ਰਭੂ ਦਾ ਨਾਮ ਜਪਣ ਵਿਚ ਹੈ –

***ਕਲਿਜੁਗ ਕੀ ਸੁਣ ਸਾਧਨਾ,***
***ਕਰਮ ਕਿਰਤ ਕੀ ਚਲੈ ਨ ਕਾਈ।***
***ਬਿਨਾ ਭਜਨ ਭਗਵਾਨ ਕੇ,***
***ਭਾਉ ਭਗਤਿ ਬਿਨ ਠਉਰ ਨ ਥਾਈ।***
***ਲਹੇ ਕਮਾਣਾ ਏਤ ਜੁਗਿ,***
***ਪਿਛਲੀ ਜੁਗੀ ਕਰੀ ਕਮਾਈ।***
***ਪਾਇਆ ਮਾਨਸ ਦੇਹਿ ਕਉ,***
***ਐਥੋਂ ਚੁਕਿਆ ਠਉਰ ਨ ਠਾਈ।***
***ਕਲਿਜੁਗ ਕੇ ਉਪਕਾਰ ਸੁਣਿ,***
***ਜੈਸੇ ਬੇਦ ਅਥਰਬਣ ਗਾਈ।***
***ਭਾਉ ਭਗਤਿ ਪਰਵਾਣ ਹੈ,***
***ਜਗ ਹੋਮ ਤੇ ਪੁਰਬ ਕਮਾਈ।***
***ਕਰਕੇ ਨੀਚ ਸਦਾਵਣਾ,***
***ਤਾ ਪ੍ਰਭੁ ਲੇਖੈ ਅੰਦਰਿ ਪਾਈ।***
***ਕਲਿਜੁਗਿ ਨਾਵੈ ਕੀ ਵਡਿਆਈ।***

***ਭਾਈ ਗੁਰਦਾਸ ਜੀ - ਵਾਰ - 1/16***

ਸੋ ਕਲਜੁਗ ਦੇ ਅੰਦਰ ਨਾਮ ਦੀ ਵਡਿਆਈ ਹੈ। ਨਾਮ ਤੋਂ ਬਗੈਰ ਦੂਸਰੇ ਸਾਧਨਾਂ ਬਾਰੇ ਐਸਾ ਫੁਰਮਾਨ ਹੈ –

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ॥*
*ਮੋਨਿ ਭਇਓ ਕਰ ਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ*
*ਦੁਬਿਧਾ ਛੁਟਕੈ ਨਾਹੀ॥*
*ਮਨ ਕਾਮਨਾ ਤੀਰਥ ਜਾਇ ਬਸਿਓ*
*ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ*
*ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ*
*ਬਹੁ ਬਿਧਿ ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ॥*
*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ॥*

*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ*
*ਨਰਕ ਘੋਰ ਕਾ ਦੁਆਰਾ॥* ਪੰਨਾ - 641-42

ਉਪਰ ਕਥੇ ਮਹਾਂਵਾਕ ਦੇ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* ਪੰਨਾ - 642

ਇਸ ਮਹਾਂਵਾਕ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਾਧੂ ਦੀ ਸੰਗਤ ਅਤੇ ਹਰਿ ਕੀਰਤ ਦੀ ਪ੍ਰਾਪਤੀ ਸਾਰੇ ਕਰਮਾਂ ਤੋਂ ਸ਼੍ਰੋਮਣੀ ਹੈ, ਪਰ ਮਿਲਦੀ ਉਸਨੂੰ ਹੈ ਜਿਸਦੇ ਮਸਤਕ ਵਿਚ ਧੁਰ ਦਰਗਾਹ ਤੋਂ ਲੇਖ ਲਿਖੇ ਹੋਣ।

ਜਿੰਨੇ ਕਰਮ ਉਪਰ ਕਥੇ ਮਹਾਂਵਾਕ ਵਿਚ ਅੰਕਿਤ ਕੀਤੇ ਹਨ, ਇਹ ਨਾਮ ਤੋਂ ਬਗੈਰ ਕੋਈ ਮਹੱਤਤਾ ਨਹੀਂ ਰਖਦੇ। ਸੋ ਜੋ ਪ੍ਰਮੁੱਖ ਸਾਧਨ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ, ਉਸਦੀ ਵਿਚਾਰ ਕਰਨੀ ਅਵੱਸ਼ਕ ਹੈ। ਇਸ ਸੰਸਾਰ ਦੀ ਰਚਨਾ, ਹਉਮੈ ਤੱਤ ਕਰਕੇ ਪ੍ਰਤੀਤ ਦਿੰਦੀ ਹੈ। ਇਹ ਹਉਮੈ, ਸਾਰੀ ਦ੍ਵੈਤ ਦੀ ਜਨਮਦਾਤੀ ਹੈ ਅਤੇ ਇਸਨੇ ਪਰਿਪੂਰਨ ਬ੍ਰਹਮ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਦਿਖਾ ਦਿਤਾ ਹੈ। ਇਕ ਈਸ਼ਵਰ, ਦੂਜਾ ਜੀਵ ਅਤੇ ਤੀਸਰਾ ਸੰਸਾਰ; ਪਰ ਗੁਰੂ ਸਿਧਾਂਤ ਅਨੁਸਾਰ ਅਸਲੀਅਤ ਹੈ ਕਿ -

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥*
*ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ*
*ਬਿਚਰਤ ਆਨ ਨ ਹੋਈ॥* ਪੰਨਾ - 485

ਸਿੱਧਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਿਆ ਕਿ ਬ੍ਰਹਮ ਤੋਂ ਹੋਇਆ ਪਸਾਰਾ ਕਿਵੇਂ ਜਗਤ ਦੇ ਰੂਪ ਵਿਚ ਪ੍ਰਗਟ ਹੋਇਆ? ਤਾਂ ਗੁਰੂ ਮਹਾਰਾਜ ਜੀ ਨੇ ਇਸ ਦਾ ਕਾਰਨ ਹਉਮੈ ਤੱਤ ਦੇ ਅਧਾਰ ਤੇ ਹੋਇਆ ਦੱਸਿਆ ਹੈ, ਜਿਵੇਂ ਕਿ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* ਪੰਨਾ - 946

ਹਉਮੈ ਇਕ ਅਧਿਆਤਮਕ ਰੋਗ ਹੈ ਜੋ ਮਨੁੱਖ ਦੇ ਹਿੱਸੇ ਵਿਚ ਆਇਆ।

*ਹਉਮੈ ਰੋਗੁ ਮਾਨੁਖ ਕਉ ਦੀਨਾ॥* ਪੰਨਾ - 1140

ਇਸ ਹਉਮੈ ਨੇ ਇਸ ਜੀਵ ਨੂੰ ਦੁਖਾਂ ਵਿਚ ਪ੍ਰਵਿਰਤ ਕਰ ਦਿਤਾ ਕਿਉਂਕਿ ਇਹ ਹਉਮੈ ਅਧੀਨ ਸ਼ੁਭ ਤੇ ਅਸ਼ੁਭ ਕਰਮ ਕਰਦਾ ਹੈ ਅਤੇ ਕਰਮਾਂ ਦਾ ਫਲ ਭੋਗਣ ਲਈ ਬੰਨ੍ਹਿਆ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਅਨੰਤ ਕਾਲ ਤੋਂ ਅਨੇਕਾਂ ਰੂਪਾਂ, ਅਨੇਕਾਂ ਸਰੀਰਾਂ ਨੂੰ ਧਾਰਨ ਕਰਦਾ, ਪ੍ਰਮ ਦੁਖੀ ਹੋ ਰਿਹਾ ਹੈ। ਜਦੋਂ ਤੱਕ ਇਸਨੂੰ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਓਨੀਂ ਦੇਰ ਤੱਕ ਇਸਨੂੰ ਸਮਝ ਨਹੀਂ ਪੈਂਦੀ। ਗੁਰੂ ਸਿਧਾਂਤ ਅਨੁਸਾਰ, ਜਦੋਂ ਤਕ ਇਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੀ ਵਿਧੀ ਸਹਿਤ ਗੁਰੂ ਨਹੀਂ ਧਾਰਦਾ ਅਤੇ ਬਾਣੀ ਦੇ ਸਿਧਾਂਤਾਂ ਨੂੰ ਨਹੀਂ ਮੰਨਦਾ, ਉਦੋਂ ਤਕ ਇਸਦੀ ਕਲਿਆਣ ਨਹੀਂ ਹੁੰਦੀ। ਗੁਰਬਾਣੀ ਨੇ ਸੰਕੇਤ ਦਿਤਾ ਹੈ ਕਿ ਸਾਧੂ ਦੀ ਸੰਗਤ ਅਤੇ ਹਰੀ ਦਾ ਜਸ, ਪੂਰਬਲੇ ਕਰਮਾਂ ਤੋਂ ਬਗੈਰ ਮਿਲਿਆ ਨਹੀਂ ਕਰਦਾ। ਸਾਧੂ ਦੀ ਸੰਗਤ ਵਿਚ ਪੰਜ ਪਿਆਰਿਆਂ ਤੋਂ ਪ੍ਰਾਪਤ ਕੀਤਾ ਹੋਇਆ ਨਾਮ ਫਲੀਭੂਤ ਹੁੰਦਾ ਹੈ ਕਿਉਂਕਿ ਉਥੇ ਕੇਵਲ ਨਾਮ ਦਾ ਹੀ ਵਰਣਨ ਹੋਇਆ ਕਰਦਾ ਹੈ। ਨਾਮ ਅਤੇ ਹਉਮੈ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥* ਪੰਨਾ - 560

ਨਾਮ ਜਪਣਾ, ਨਾਮ ਹਿਰਦੇ ਵਿਚ ਵਸਾਉਣਾ, ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਨਾ ਅਤੇ ਹਰ ਥਾਂ ਤੇ ਪਸਰੀ ਹੋਈ ਇਸ ਨਾਮ ਸ਼ਕਤੀ ਨੂੰ ਅਨੁਭਵ ਕਰਕੇ ਨਾਮ ਦੇ ਪ੍ਰਕਾਸ਼ ਵਿਚ ਇਕੋ ਪ੍ਰਭੂ ਨੂੰ ਘਟ-ਘਟ ਵਿਚ ਵੇਖ ਲੈਣਾ, ਇਹ ਨਾਮ ਦੀਆਂ ਵੱਖੋ-ਵੱਖ ਅਵਸਥਾਵਾਂ ਹੋਇਆ ਕਰਦੀਆਂ ਹਨ। ਨਾਮ, ਗੁਰਮੰਤ੍ਰ ਦੇ ਜਾਪ ਤੋਂ ਲੈ ਕੇ ਅੰਤਰੀਵੀ ਤਰੱਕੀ ਕਰਦਿਆਂ ਨਾਮ ਸੁਆਸ ਨਾਲ ਜਪਣਾ, ਕੰਠ ਵਿਚ ਜਪਣਾ, ਹਿਰਦੇ ਵਿਚ ਜਪਣਾ, ਨਾਭੀ ਵਿਚ ਅਤੇ ਫਿਰ ਆਗਿਆ ਚੱਕਰ ਤ੍ਰਿਕੁਟੀ ਦੇ ਵਿਚੋਂ ਸ਼ਬਦ ਦੇ ਨਾਲ ਚੜ੍ਹਾਈ ਕਰਕੇ ਵਿਵੇਕ ਮੰਡਲ ਵਿਚ ਪ੍ਰਵੇਸ਼ ਕਰਨਾ ਅਤੇ ਅੰਤਰੀਵੀ ਨੇਤ੍ਰ, ਦਿਬ ਸ੍ਰਵਣ, ਦਿਬ ਨਾਸਕਾ, ਦਿਬ ਸਪਰਸ਼, ਦਿਬ ਜਿਹਬਾ ਨੂੰ ਅਨੁਭਵ ਕਰਕੇ ਆਤਮਕ ਸੰਗੀਤ ਦੇ ਮਹਾਂਅਨੰਦ ਨੂੰ ਅਨਹਦ ਸ਼ਬਦਾਂ ਰਾਹੀਂ ਅਨੁਭਵ ਕਰਨਾ, ਇਹ ਸਭ ਸਾਧਨ ਨਾਮ ਹੀ ਕਹਾਇਆ ਕਰਦੇ ਹਨ, ਅਤੇ ਨਾਮ ਦੀ ਸਮਾਈ ਉਸ ਮੰਡਲ ਵਿਚ ਹੈ ਜਿਥੇ ਗੁਰੂ ਮਹਾਰਾਜ ਜੀ ਨੇ ਸੰਕੇਤ ਦਿੰਦਿਆਂ ਦੱਸਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* ਪੰਨਾ - 293

ਜਦੋਂ ਬਿਰਤੀ ਇਸ ਮੰਡਲ ਵਿਚ ਪ੍ਰਵੇਸ਼ ਕਰਦੀ ਹੈ ਤਾਂ ਆਪਣਾ ਬਿਰਤੀ-ਪੁਣਾ ਗੁਆ ਕੇ ਨਾਮ ਰੂਪ ਹੀ ਹੋ ਜਾਇਆ ਕਰਦੀ ਹੈ। ਸੋ ਇਸ ਕਰਕੇ ਨਾਮ ਦਾ ਸਾਧਨ ਸਰਵ ਸਰੇਸ਼ਟ ਹੈ ਕਿਉਂਕਿ ਨਾਮ ਨੇ ਹਉਮੈ ਤੱਤ ਨੂੰ ਪੂਰੀ ਤਰ੍ਹਾਂ ਨਾਲ ਨਾਸ਼ ਕਰਕੇ ਅਸਲੀਅਤ ਨੂੰ ਸ਼ਾਖਸ਼ਾਤ ਕਰ ਲੈਣਾ ਹੈ ਅਤੇ ਪ੍ਰਤੱਖ ਵੇਖ ਲੈਣਾ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
ਪੰਨਾ - 846

ਇਸ ਅਵਸਥਾ ਦੀ ਪ੍ਰਾਪਤੀ ਲਈ ਸਾਧੂ ਦੀ ਸੰਗਤ ਅਤਿ ਜ਼ਰੂਰੀ ਹੈ ਕਿਉਂਕਿ ਸਾਧੂ ਦੀ ਸੰਗਤ ਵਿਚ ਨਾਮ ਜਪਿਆ ਜਾਂਦਾ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
ਪੰਨਾ - 1373

ਇਹ ਮਾਰਗ, ਜਿਸਨੂੰ 'ਨਾਮ ਮਾਰਗ' ਅਤੇ 'ਸਬਦਿ ਸੁਰਤਿ ਦਾ ਮਾਰਗ' ਕਿਹਾ ਜਾਂਦਾ ਹੈ, ਕਲਜੁਗੀ ਜੀਵਾਂ ਦੇ ਉਧਾਰ ਲਈ

(ਬਾਕੀ ਪੰਨਾ 35 ਤੇ)

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

(ਇਹ ਬਚਨ 121 ਸਾਲ ਪੁਰਾਣੀ ਹੱਥ ਲਿਖਤ ਪੋਥੀ ਵਿਚੋਂ ਸੂਝਵਾਨ ਪਾਠਕਾਂ ਦੀ ਵਿਚਾਰ ਹਿਤ ਲਿਖੇ ਗਏ ਹਨ, ਬੋਲੀ ਪੁਰਾਣੀ ਹੋਣ ਕਰਕੇ ਜ਼ਿਆਦਾ ਧਿਆਨ ਮੰਗਦੀ ਹੈ। ਇਹ ਹੱਥ ਲਿਖਤ ਪੋਥੀ ਇਕ ਰੱਦੀ ਦੇ ਢੇਰ ਵਿਚੋਂ ਪ੍ਰਾਪਤ ਹੋਈ ਸੀ।)

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-26)*

ਨੋਟ - ਬਹੁਤੇ ਪਾਠਕਾਂ ਦੇ ਪਾਸ ਸਮਾਂ ਨਾ ਹੋਣ ਕਰਕੇ ਅਤੇ ਅਤਿ ਦੇ ਰੁਝੇਵਿਆਂ ਕਰਕੇ ਅੰਤਰਮੁਖ ਜਾ ਕੇ ਇਸ ਵਿਸ਼ੇ ਨੂੰ ਵਿਚਾਰ ਅਧੀਨ ਲਿਆਉਣਾ ਬਹੁਤ ਹੀ ਕਠਿਨ ਹੈ। ਇਸ ਵਿਚ ਜੋ ਖਿਆਲ ਹਨ, ਉਹ ਚਿਤ ਦੀ ਇਕਾਗਰਤਾ ਪੂਰੀ ਤਰ੍ਹਾਂ ਮੰਗਦੇ ਹਨ। ਫੁਰਨੇ ਰੁਕਣ, ਤਾਂ ਇਹ ਗਹਿਣ ਵਿਸ਼ਾ ਹਿਰਦੇ ਪੱਟ ਤੇ ਮੂਰਤੀਮਾਨ ਹੋਵੇ ਅਤੇ ਆਪਣਾ ਅਸਲੀ ਭਾਵ, ਅਨੁਭਵ ਮੰਡਲ ਦੇ ਪ੍ਰਕਾਸ਼ ਰਾਹੀਂ ਸਪਸ਼ਟ ਕਰੇ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਇਹ ਅਤਿ ਗਹਿਣ ਵਿਸ਼ਾ, ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਅਤੇ ਜੀਵਨ ਦੀ ਨਈਆ ਕਿਨਾਰੇ ਲਾਉਣ ਵਾਸਤੇ ਬਹੁਤ ਹੀ ਪ੍ਰਸੰਸਨੀਅ ਹੈ। ਇਸਨੂੰ ਪੜ੍ਹਨ ਲਈ ਚਿਤ ਨੂੰ ਇਕਾਗਰ ਕਰੋ, ਮਨ ਨੂੰ ਫੁਰਨਿਆਂ ਤੋਂ ਰੋਕ ਕੇ ਸੁਰਤਿ ਨੂੰ ਇਕ ਧੇਅ ਉਪਰ ਕੇਂਦਰਿਤ ਕਰਕੇ, ਜਦੋਂ ਪੜ੍ਹੋਂਗੇ ਤਾਂ ਇਸ ਸੂਖਸ਼ਮ ਵਿਦਿਆ (ਪਰਾ ਵਿਦਿਆ) ਬਾਰੇ ਕੁਛ ਜਾਣ ਕੇ ਅਨੰਦਿਤ ਹੋ ਉਠੋਂਗੇ।

ਸੋ, ਇਹ ਬਾਰਤਾ ਨ੍ਰਿਸੰਦੇਹ ਹੈ ਜੋ ਰੂਪੇ ਅਰੁ ਸੁਵਰਨ ਤੇ ਰਸਾਇਣ ਕਾ ਪਾਵਣਾ ਬਿਸੇਖ ਹੈ, ਤੈਸੇ ਹੀ ਸੰਤ ਜਨਹੁ ਕੀ ਅਵਸਥਾ ਬਿਦਯਾਵਾਨਹੁ ਤੇ ਬਿਸੇਖ ਹੈ। ਬਹੁੜਿ ਇਸ ਵਿਖੇ ਇਕ ਅਵਰ ਭੇਦੁ ਹੈ; ਜੋ ਜੈਸੇ ਕਿਸੀ ਕੇ ਪਾਸ ਇਤਨਾਂ ਹੀ ਰਸਾਇਣ ਹੋਵੈ ਜੋ ਸੌ ਮੁਹਰ ਜਿਤਨਾਂ ਸੁਵਰਨੁ ਉਸ ਤੇ ਹੋ ਸਕੈ। ਅਰੁ ਕਿਸੀ ਅਵਰ ਪੁਰਖ ਕੇ ਪਾਸ ਸਹੰਸ੍ਰ ਹੋਵੈ, ਤਬ ਉਸ ਸਹੰਸ੍ਰ ਮੁਹਰ ਵਾਲੇ ਪੁਰਖ ਤੇ ਸੌ ਮੁਹਰ ਵਾਲਾ ਰਸਾਇਣੀ ਪੁਰਖ ਵਿਸੇਖ ਨਹੀ ਹੋਤਾ; ਕਾਹੇ ਤੇ ਜੋ ਰਸਾਇਣ ਕੀ ਬਿਦਯਾ ਅਰੁ ਉਸ ਕੀ ਢੂੰਢ ਕਰਨੇਹਾਰੇ ਪੁਰਖ, ਜਗਤ ਵਿਖੇ ਬਹੁਤ ਹੈਂ ਪਰੁ ਰਸਾਇਣ ਕਾ ਪ੍ਰਾਪਤਿ ਹੋਣਾ ਕਠਨ ਹੈ। ਇਸੀ ਕਾਰਨ ਤੇ ਚਿਰੰਕਾਲ ਪ੍ਰਜੰਤ ਕਿਸੀ ਬਿਰਲੇ ਕੂੰ ਪ੍ਰਾਪਤਿ ਹੋਤਾ ਹੈ। ਤੈਸੇ ਹੀ ਰਿਦੇ ਕੇ ਅਭਯਾਸ ਕਾ ਜੋ ਮਾਰਗ ਹੈ ਸੋ ਜਦਪ ਮਹਾਂ ਉਤਮ ਹੈ। ਪਰ ਇਸ ਕੀ ਪੂਰਨਤਾਈ ਕੂੰ ਪਹੁਚਣਾ ਮਹਾ ਦੁਰਲੰਭ ਹੈ। ਤਾਂ ਤੇ ਯਿਉ ਭੀ ਪਛਾਨਯਾ ਚਾਹੀਤਾ ਹੈ ਜੋ ਜਿਸ ਪੁਰਖ ਕੂੰ ਧੁਨ ਧਯਾਨ ਅਥਵਾ ਕਛੁ ਮੰਤ੍ਰ ਜੋਤਕ (ਜੋਤਿਸ਼) ਕਾ ਪਰਚਾ ਹੋਵੈ ਤਉ ਭੀ ਯਹ ਪੁਰਖ ਸਰਬ ਬਿਦਯਾਵਾਨਹੁ ਤੇ ਵਿਸੇਖ ਨਹੀਂ ਹੋਤਾ, ਕਾਹੇ ਤੇ ਜੋ ਜਬ ਕਿਸੀ ਕੂੰ ਪ੍ਰਿਥਮੇ ਸਾਧਨਾ ਕਰਕੈ ਕਛੁਕ ਇਕਤ੍ਰਤਾ (ਇਕਾਗ੍ਰਤਾ) ਭੀ ਹੋਤੀ ਹੈ ਤਉ ਭੀ ਬਹੁਤੇ ਪੁਰਖ ਪੀਛੇ ਪਸਰ ਜਾਤੇ ਹੈਂ ਅਥਵਾ ਕਿਸੀ ਸੰਕਲਪ ਕਰਕੈ ਬਾਵਰੇ ਹੋ ਜਾਤੇ ਹੈਂ ਅਰੁ ਵਹੁ ਜਾਨਤੇ ਹੈਂ ਜੋ ਹਮ ਬਡੀ ਅਵਸਥਾ ਕੂੰ ਪ੍ਰਾਪਤਿ ਹੂਏ ਹੈਂ। ਤਾਂ ਤੇ ਐਸਾ ਕੋਈ ਬਿਰਲਾ ਹੋਤਾ ਹੈ ਜੋ ਅਪਨੇ ਰਿਦੇ ਕੀ ਸੁਧਤਾ ਕਰਕੈ ਪੂਰਨ ਪਦ ਕੂੰ ਪਹੁੰਚੈ ਅਰ ਬਹੁਤੇ ਤੋ ਬਿਛੇਪਤਾ (ਬਿਖਸ਼ੇਪਤਾ) ਕੂੰ ਪ੍ਰਾਪਤਿ ਹੋਤੇ ਹੈਂ। ਜੈਸੇ ਸਾਚਾ ਸੁਪਨਾ ਭੀ ਕੋਈ ਕੋਈ ਬਿਰਲਾ ਹੋਤਾ ਹੈ ਅਰੁ ਅਧਿਕ ਤਉ ਚਿਤ ਕਾ ਭਰਮ ਹੀ ਹੋਤਾ ਹੈ। ਤਾਂ ਤੇ ਬਿਦਯਾਵਾਨਹੁ ਤੇ ਵਹੁ ਪੁਰਖ ਵਿਸੇਖ ਕਹੀਤਾ ਹੈ ਜਿਸ ਕੀ ਅਵਸਥਾ ਐਸੇ ਹੋਵੈ ਜੋ ਜਿਸ ਬਿਦਯਾ ਕੂੰ ਅਵਰ ਜੀਵ ਪੜ ਕਰਿ ਸਮਝਹਿ, ਸੋ ਤਿਸ ਕੂੰ ਪੜੇ ਬਿਨਾਂ ਹੀ ਭਾਸ ਆਵੈ। (ਵਿਦਿਆ ਪੜ੍ਹਨ ਵਾਲੇ ਮਿਹਨਤ ਕਰ-ਕਰ ਵਿਦਿਆ ਪੜ੍ਹਦੇ ਹਨ ਪਰ ਮਹਾਂਪੁਰਸ਼ਾਂ ਨੂੰ ਆਪਣੇ ਸਾਧਨ ਤੇ ਅਨੁਭਵੀ ਬਲ ਨਾਲ ਉਹ ਵਿਦਿਆ ਬਿਨਾਂ ਪੜ੍ਹੇ ਹੀ ਪ੍ਰਾਪਤ ਹੋ ਜਾਂਦੀ ਹੈ) ਸੋ, ਇਹ ਅਵਸਥਾ ਮਹਾਂ ਦੁਲੰਭ (ਦੁਰਲੱਭ) ਹੈ। ਤਾਂਤੇ ਤੁਝ ਕੂੰ ਚਾਹੀਤਾ ਹੈ ਜੋ ਸੰਤ ਜਨਹੁ ਕੀ ਅਵਸਥਾ ਅਰੁ ਉਨ ਕੀ ਵਿਸੇਖਤਾ ਪਰ ਭੀ ਤੇਰੀ ਪ੍ਰਤੀਤ ਹੋਵੈ ਅਰੁ ਪਾਖੰਡੀ ਮਾਨੁਖਹੁ ਕੇ ਬਚਨ ਕਰਕੈ ਬਿਦਯਾਵਾਨਹੁ ਕਾ ਨਿਰਾਦਰ ਨ ਕਰਹਿ, ਤਬ ਤੇਰਾ ਧਰਮ ਨਿਸਟ (ਨਸ਼ਟ) ਨ ਹੋਵੈ।

ਬਹੁੜਿ ਤੂੰ ਇਸ ਪ੍ਰਕਾਰ ਪ੍ਰਸ਼ਨ ਕਹਾ ਜੋ ਇਸ ਮਾਨੁਖ ਕੀ ਭਲਾਈ ਅਰੁ ਉਤਮ ਭਾਗ ਜੋ ਭਗਵੰਤ ਕੀ ਪਛਾਨ ਕਰਕੈ ਕਹੇ ਹੈਂ, ਸੋ ਇਸ ਭੇਦ ਕੂੰ ਕਯੋਂ ਕਰ ਪਛਾਨੀਏ? ਇਸ ਕਾ ਉਤਰ ਇਹ ਹੈ ਕਿ ਜੋ ਜਿਸ ਪਦਾਰਥ ਕਰਕੈ ਕਿਸੀ ਕੂੰ ਪ੍ਰਸੰਨਤਾ ਅਰੁ ਅਨੰਦ ਪ੍ਰਾਪਤ ਹੈ, ਤਬ ਵਹੀ ਪਦਾਰਥ ਉਸ ਪੁਰਖ ਕੀ ਭਲਾਈ ਕਹੀਤੀ ਹੈ। ਬਹੁੜ, ਪ੍ਰਸੰਨਤਾ ਅਰ ਅਨੰਦ ਉਸ ਪਦਾਰਥ ਵਿਖੇ ਪ੍ਰਾਪਤ ਹੋਤਾ ਹੈ ਜੋ ਪਦਾਰਥ ਇਸ ਕੇ ਸੁਤਹ-ਸੁਭਾਵ ਅਨਸਾਰ ਹੋਤਾ ਹੈ। ਅਰੁ ਸੁਤਹੁ ਸੁਭਾਵ ਅਨੁਸਾਰ ਪਦਾਰਥ ਉਹੀ ਕਹੀਤਾ ਹੈ ਜੋ ਜਿਸ ਪਦਾਰਥ ਕੇ ਨਿਮਤ ਇਸ ਜੀਵ ਕੂੰ ਭਗਵੰਤ ਨੇ ਉਤਪਤ ਕੀਆ ਹੈ। ਜੈਸੇ ਕਾਮ ਕੀ ਪ੍ਰਸੰਨਤਾ ਇਹ ਹੈ ਜੋ ਅਪਣੀ ਇਸਟ ਵਸਤੁ ਕੂੰ ਪ੍ਰਾਪਤ ਹੋਵੈ; ਅਰੁ ਕ੍ਰੋਧ ਕੀ ਪ੍ਰਸੰਨਤਾ ਇਹ ਹੈ ਜੋ ਅਪਣੇ ਸਤ੍ਰੂ ਕੂੰ ਜੀਤੇ। ਬਹੁੜਿ ਸਰਵਨਹੁ ਕੂੰ ਸੁਖ, ਸੁੰਦਰ ਸਬਦੁ ਅਰੁ ਰਾਗ ਵਿਖੇ ਹੋਤਾ ਹੈ ਤੈਸੇ ਹੀ ਬੁਧ ਕੀ ਪ੍ਰਸੰਨਤਾ ਅਰੁ ਭਲਾਈ ਇਹੁ ਹੈ ਜੋ ਕਾਰਜਹੁ ਕੇ ਭੇਦ ਕੂੰ ਪਛਾਣੈ; ਕਾਹੇ ਤੇ, ਜੋ ਇਸ ਕਾ ਆਪਣਾ ਸੁਭਾਵ ਭੀ ਇਹੀ ਹੈ ਅਰੁ ਭਗਵੰਤ ਨੇ ਭੀ ਇਸ ਬੁਧ ਕੂੰ ਇਸੀ ਨਿਮਤ ਉਤਪਤ ਕੀਆ ਹੈ। ਬਹੁੜਿ ਕਾਮ ਅਰੁ ਕ੍ਰੋਧ ਅਰੁ ਪਾਂਚ ਇੰਦ੍ਰੀਅਹੁ ਕੇ ਭੋਗ ਤਉ ਪਸੂਹੁ ਵਿਖੇ ਭੀ ਪਾਏ ਜਾਤੇ ਹੈਂ ਅਰੁ ਇਹ ਸੁਭਾਵ ਮਾਨੁਖ ਵਿਖੇ ਪਸੂਹੁ ਤੇ ਅਧਕ ਹੈ। ਜੋ ਜਿਸ ਪਦਾਰਥ ਕੇ ਭੇਦ ਕੂੰ ਨਹੀ ਜਾਨਤਾ ਤਬ ਨ੍ਰਿਸੰਦੇਹ ਉਸ ਕੀ ਢੂੰਢ ਕਰਤਾ ਹੈ ਅਰ ਜਾਨਿਆ ਚਾਹਤਾ ਹੈ। ਬਹੁੜਿ ਜਬ ਉਸ ਭੇਦ ਕੂੰ ਸਮਝਤਾ ਹੈ ਤਬ ਪ੍ਰਸੰਨ ਹੋ ਕਰ ਉਸ ਪਰ ਬਡਾਈ ਕਰਤਾ ਹੈ। ਅਰ ਜਦਪ ਵਹੁ ਪਦਾਰਥ ਨੀਚ ਹੋਵੈ ਤੌ ਭੀ ਉਸ ਕੀ ਜਾਣ ਵਿਖੇ ਐਸਾ ਪ੍ਰਸੰਨ ਹੋਤਾ ਹੈ ਜੋ ਉਸ ਪ੍ਰਸੰਨਤਾ ਕੂੰ ਰੋਕ ਨਹੀ ਸਕਤਾ, ਜੈਸੇ ਸਤਰੰਜ ਖੇਲਣੇਹਾਰਾ ਪੁਰਖ ਸਤਰੰਜ ਕੀ ਬਿਦਯਾ ਬਤਾਵਣੇ ਤੇ ਧੀਰਜ ਨਹੀ ਕਰ ਸਕਤਾ ਅਰੁ ਯੌਹ ਸਮਝਤਾ ਹੈ ਜੋ ਮੈ ਭਲੀ ਪ੍ਰਕਾਰ ਖੇਲਤਾ ਹੌਂ, ਤਾਂ ਤੇ ਉਸ ਪ੍ਰਸੰਨਤਾ ਕੂੰ ਪ੍ਰਗਟ ਕੀਯਾ ਚਾਹਤਾ ਹੈ। ਸੋ, ਜਬ ਤੈਨੇ ਇਸ ਬਚਨ ਕੇ ਭੇਦ ਕੂੰ ਸਮਝਯਾ ਜੋ ਇਸ ਮਾਨੁਖ ਕਾ ਅਪਨਾ ਸੁਭਾਵ ਪਛਾਨਿ ਹੈ, ਤਬ ਐਸੇ ਭੀ ਜਾਨਿ ਜੋ ਜੇਤਾ ਹੀ ਜਾਨਣੈ ਜੋਗ

ਪਦਾਰਥ ਉਤਮ ਅਰ ਵਿਸੇਖ ਹੋਤਾ ਹੈ, ਤੇਤਾ ਹੀ ਉਸ ਕੀ ਪਛਾਨ ਵਿਖੇ ਅਨੰਦ ਭੀ ਅਧਿਕ ਹੋਤਾ ਹੈ। ਜੈਸੇ ਕੋਈ ਵਜੀਰ ਕੇ ਭੇਦ ਕੂੰ ਜਾਨਤਾ ਹੈ, ਤਬ ਪ੍ਰਸੰਨ ਹੋਤਾ ਹੈ; ਪਰ ਜੋ ਪੁਰਖ ਪਾਤਸ਼ਾਹ ਕੇ ਭੇਦ ਕੂੰ ਜਾਣੇ, ਤਬ ਉਸ ਤੇ ਅਧਕ ਪ੍ਰਸੰਨਤਾ ਕੂੰ ਪਾਵਤਾ ਹੈ। ਬਹੁੜ ਸਤਰੰਜ ਕੀ ਬਿਦਯਾ ਜਾਨਣੇਹਾਰੇ ਪੁਰਖ ਤੇ ਜੋਤਕ (ਜੋਤਸ਼) ਅਰ ਬੈਦਕ (ਵੈਦਕ) ਕੀ ਬਿਦਯਾ ਕਾ ਬੇਤਾ ਅਧਿਕ ਪ੍ਰਸੰਨ ਹੋਤਾ ਹੈ।

ਤਾਂ ਤੇ ਯਹ ਬਾਰਤਾ ਪ੍ਰਸਿਧ ਹੈ ਜੋ ਜਬ ਜਾਨਣੇ ਜੋਗ ਪਦਾਰਥ ਉਤਮ ਹੀ ਹੈ ਸੋ ਤਿਸ ਕੀ ਪਛਾਨ ਵਿਖੇ ਅਨੰਦ ਅਧਿਕ ਹੋਤਾ ਹੈ। ਤਾਂ ਤੇ ਕੋਈ ਪਦਾਰਥ ਭਗਵੰਤ ਕੇ ਸਮਾਨ ਉਤਮ ਨਹੀਂ, ਕਾਹੇ ਤੇ ਜੋ ਸਰਬ ਪਦਾਰਥਹੁ ਕੀ ਬਿਸੇਖਤਾ ਉਸ ਕੀ ਸਕਤ ਕਰ ਹੋਤੀ ਹੈ, ਅਰੁ ਵਹੁ ਸਰਬ ਸ੍ਰਿਸਟ ਕੀ ਈਸੁਰੁ ਹੈ ਅਰੁ ਜੇਤੇ ਕਛੁ ਜਗਤ ਬਿਖੇ ਅਸਚਰਜ ਹੈ, ਸੋ ਸਭ ਉਸ ਹੀ ਕੀ ਕਾਰੀਗਰੀ ਹੈ। ਇਸੀ ਕਾਰਨ ਤੇ ਭਗਵੰਤ ਕੀ ਪਛਾਨਿ ਕੇ ਸਮਾਨ ਅਵਰ ਪਛਾਨ ਕੋਈ ਨਹੀ ਅਰ ਉਸ ਕੇ ਦਰਸਨੁ ਸਮਾਨ ਅਵਰ ਦਰਸਨੁ ਸੁੰਦਰ ਨਹੀਂ। ਸੋ ਵਹੁ ਪਛਾਨਿ ਅਰੁ ਦਰਸਨ ਇਸ ਮਾਨੁਖ ਕਾ ਅਪਨਾ ਸੁਭਾਵ ਹੈ ਅਰੁ ਇਸ ਜੀਵ ਕੂੰ ਭਗਵੰਤ ਨੇ ਆਪਨੀ ਪਛਾਨਿ ਕੇ ਨਮਿਤ ਉਤਪਤ ਕੀਆ ਹੈ। ਤਾਂ ਤੇ ਇਸ ਮਾਨੁਖ ਕੀ ਭਲਾਈ ਅਰੁ ਪੂਰਨਤਾਈ ਭਗਵੰਤ ਕੀ ਪਛਾਨਿ ਬਿਖੇ ਹੈ। ਪਰੁ ਜਿਸ ਪੁਰਖ ਕੇ ਰਿਦੇ ਬਿਖੇ ਭਗਵੰਤ ਕੀ ਪਛਾਨਣੇ ਕੀ ਪ੍ਰੀਤ ਨ ਹੋਵੈ, ਤਬ ਜਾਣੀਏ ਜੋ ਉਸ ਕਾ ਰਿਦਾ ਰੋਗੀ ਹੈ। ਜੈਸੇ ਕਿਸੀ ਪੁਰਖ ਕੂੰ ਅਨਾਜ ਕੀ ਰੁਚੀ ਨ ਹੋਵੈ ਅਰੁ ਮਾਟੀ ਕੋ ਪ੍ਰੀਤਿ ਸੰਜੁਗਤਿ ਖਾਵੈ. ਤਬ ਵਹੁ ਰੋਗੀ ਕਹੀਤਾ ਹੈ। ਅਰੁ ਜਬ ਉਸ ਕਾ ਉਪਚਾਰ ਨ ਕਰੇਏ (ਕਰੇ) ਤਬ ਵਹੁ ਮ੍ਰਿਤ ਕੂੰ ਪਾਵਤਾ ਹੈ ਅਰੁ ਇਸ ਜੁਗਤਿ ਵਿਖੇ ਭਾਗਹੀਣ ਕਹੀਤਾ ਹੈ। ਤੈਸੇ ਹੀ ਜਿਸ ਮਾਨੁਖ ਕੂੰ ਬਿਖਹੁ ਕੀ ਪ੍ਰੀਤ ਅਧਿਕ ਹੋਤੀ ਹੈ ਅਰੁ ਭਗਵੰਤ ਕੀ ਪ੍ਰੀਤ ਤੇ ਸੁੰਨ ਹੋਵੈ, ਤਬ ਉਸ ਕਾ ਰਿਦਾ ਰੋਗੀ ਕਹੀਤਾ ਹੈ ਪਰੁ ਜਬ ਵਹੁ ਭੀ ਮਾਨਸੀ ਰੋਗ ਕਾ ਉਪਚਾਰ ਨ ਕਰੈ, ਤਬ ਪ੍ਰਲੋਕ ਵਿਖੇ ਮੰਦਭਾਗੀ ਕਹੀਤਾ (ਕਹੀਦਾ) ਹੈ ਅਰੁ ਉਸ ਕੀ ਬੁਧ ਨਿਸਟ (ਨਸ਼ਟ) ਹੋ ਜਾਤੀ ਹੈ ਅਰੁ ਮਹਾਂ ਦੁਖੀ ਹੋਤਾ ਹੈ। ਕਾਹੇ ਤੇ, ਜੋ ਇੰਦ੍ਰੀ ਆਦਿਕ ਭੋਗਹੁ ਕਾ ਸਨਬੰਧ ਇਸ ਸਰੀਰ ਕੇ ਸਾਥ ਹੈ। ਸੋ ਮ੍ਰਿਤ ਕੇ ਸਮੇਂ ਇਸ ਕਾ ਸਰੀਰ ਦੂਰ ਹੋਇ ਜਾਤਾ ਹੈ। ਤਾਂ ਤੇ ਸਰਬ ਭੋਗ ਭੀ ਨਿਸਟਤਾ ਕੂੰ ਪਾਵਤੇ ਹੈ ਅਰੁ ਵਹੁ ਜੀਵ ਭੋਗਹੁ ਕੀ ਖੈਂਚ ਵਿਖੇ ਬਡੇ ਕਸਟ ਕੂੰ ਪ੍ਰਾਪਤ ਹੋਤਾ ਹੈ। ਤਾਂ ਤੇ ਪ੍ਰਲੋਕ ਵਿਖੇ ਭਾਗਹੀਣ ਕਹੀਤਾ ਹੈ ਅਰੁ ਭਗਵੰਤ ਕੀ ਪਛਾਨ ਕਾ ਜੋ ਸੁਖ ਹੈ, ਸੋ ਤਿਸ ਕਾ ਸਨਬੰਧ ਰਿਦੇ ਕੇ ਸਾਥ ਹੈ। ਤਾਂ ਤੇ ਬਹੁ ਸੁਖ ਮ੍ਰਿਤ ਕੇ ਸਮੇਂ ਅਧਿਕ ਹੋਤਾ ਹੈ। ਕਾਹੇ ਤੇ, ਜੋ ਬਛੇਪਤਾ (ਬਿਖਸ਼ੇਪਤਾ) ਦੇਣੇਹਾਰਾ ਪਦਾਰਥ ਸਭ ਹੀ ਦੂਰ ਹੋ ਜਾਤੇ ਹੈਂ।

ਬਹੁੜਿ ਜਿਤਨੀ ਕਛੁ ਯਹੁ ਮਾਨੁਖ ਕੇ ਰਿਦੇ ਕੀ ਬਸੇਖ (ਵਿਸ਼ੇਸ਼ਤਾ) ਕਹੀ ਹੈ, ਸੋ ਇਸ ਗ੍ਰੰਥ ਬਿਖੇ ਇਤਨੀ ਹੀ ਬਹੁਤ ਹੈ। ਪਰੁ ਯਹੁ ਸਭ ਹੀ ਬਖਯਾਨ (ਵਖਿਆਣ) ਜੀਵ ਕੇ ਸੁਭਾਵਹੁ ਕਾ ਵਰਨਨ ਕੀਆ ਹੈ। ਬਹੁੜਿ ਜੋ ਇਸ ਮਾਨੁਖ ਕਾ ਸਰੀਰ ਹੈ ਸੋ ਇਸ ਬਿਖੇ ਭੀ ਭਗਵੰਤ ਬਡੇ ਅਸਚਰਜ ਉਤਪਤ ਕੀਏ ਹੈਂ ਅਰੁ ਸਰਬ ਅੰਗਹੁ ਵਿਖੇ ਅਨੰਤ ਗੁਨ ਉਪਜਾਏ ਹੈਂ। ਅਰੁ ਇਸੀ ਸਰੀਰ ਵਿਖੇ ਕੇਤੀ ਨਾੜੀਅਸਤ ਹੈ। ਸੋ ਸਭਨਹੁ ਕੇ ਅਕਾਰ ਅਰੁ ਗੁਨ, ਭਿੰਨ ਭਿੰਨ ਬਨਾਏ ਹੈਂ ਅਰੁ ਕਾਰਜਿ ਭੀ ਉਨ ਕੇ ਭਿੰਨ ਭਿੰਨ ਹੋਤੇ ਹੈਂ। ਪਰੁ ਤੂੰ ਇਨ ਸਰਬ ਅੰਗਹੁ ਤੇ ਅਚੇਤ ਹੈਂ ਅਰੁ ਜੋ ਤੂੰ ਜਾਨਤਾ ਹੈਂ, ਤਉ ਇਤਨਾ ਹੀ ਜਾਨਤਾ ਹੈਂ ਜੋ ਹਾਥ ਗ੍ਰਹਣ ਕਰਣੇ ਕੇ ਨਮਿਤ ਹੈਂ ਅਰ ਚਰਨ ਚਲਨੇ ਕੇ ਨਮਿਤ ਹੈਂ, ਰਸਨਾ ਬੋਲਣੇ ਕੇ ਨਮਿਤ ਹੈ ਅਰੁ ਯਹੁ ਜੋ ਤੇਰੇ ਨੇਤ੍ਰ ਹੈਂ ਸੋ ਤਿਨ ਕੂੰ ਸਾਤ ਪੜਦੇ ਕਰਿ ਕੈ ਬਨਾਇਆ ਹੈ। ਬਹੁੜਿ ਜਬ ਏਕ ਪੜਦਾ ਦੂਰਿ ਹੋਇ ਜਾਵੈ ਤਬ ਨੇਤ੍ਰਹੁ ਕੀ ਦ੍ਰਿਸਟ ਮੰਦ ਹੋਇ ਜਾਤੀ ਹੈ। ਸੋ, ਤੁਝ ਕੂੰ ਇਹ ਪਛਾਣ ਕਛੂ ਨਹੀ ਜੋ ਇਹ ਸਾਤ ਪੜਦੇ ਕਿਸ ਨਮਿਤ ਬਨਾਏ ਹੈਂ ਅਰ ਸਭਨਹੁ ਵਿਖੇ ਦੇਖਨੇ ਕਾ ਕਾਰਜ ਕਯੋਂਕਰ (ਕਿਉਂਕਰ) ਰਾਖਯਾ ਹੈ। ਬਹੁੜਿ ਨੇਤ੍ਰਹੁ ਕਾ ਜੋ ਅਕਾਰ ਹੈ, ਸੋ ਤੋ ਪ੍ਰਗਟ ਹੀ ਅਲਪ ਮਾਤ੍ਰ ਹੈ। ਪਰੁ ਇਨ ਕੀ ਦ੍ਰਿਸਟ ਅਰੁ ਸਰਬ ਬਿਧ ਕਾ ਬਰਨਨ ਕਰੀਏ ਤਬ ਕੇਤੇ ਅਵਰ ਗ੍ਰੰਥ ਚਾਹੀਤੇ ਹੈ। ਤਾਂ ਤੇ ਤੁਝ ਕੂੰ ਇਤਨਾ ਕਛੂ ਪਛਾਨਣੇ ਜੋਗੁ ਹੈ ਜੋ ਇਸ ਸਰੀਰ ਵਿਖੇ ਮੂਲ ਚਕ੍ਰ ਤੇ ਆਦਿ ਲੇ ਕਰ ਜੋ ਅਸਥਾਨ ਬਨਾਏ ਹੈਂ, ਸੋ ਤਿਨ ਕੇ ਬਨਾਵਣੇ ਕਾ ਪ੍ਰੋਜਨ ਕਯਾ ਹੈ!

ਪ੍ਰਿਥਮੇ ਸਰੀਰ ਵਿਖੇ ਕਲੇਜਾ ਇਸ ਨਮਿਤ ਬਨਾਯਾ ਹੈ ਜੋ ਭਿੰਨ ਭਿੰਨ ਅਹਾਰਹੁ ਕੂੰ ਪਰਪਕ ਕਰਿ (ਪਕਾ ਕਰ) ਰੁਧ੍ਰ ਬਨਾਵਤਾ ਹੈ। ਬਹੁੜਿ ਵਹੁ ਰੁਧਰ (ਖ਼ੂਨ) ਸਰਬ ਨਾੜੀ ਵਿਖੇ ਪ੍ਰਵੇਸੁ ਕਰਤਾ ਹੈ ਅਰੁ ਉਸ ਕਾ ਅਹਾਰ ਸਰਬ ਅੰਗਹੁ ਕੂੰ ਪਹੁੰਚਤਾ ਹੈ। ਬਹੁੜਿ ਏਕ ਐਸਾ ਅਸਥਾਨ ਹੈ ਜੋ ਜਬ ਵਹੁ ਰੁਧਰ ਪਰਪਕ ਹੋਤਾ ਹੈ ਤਬ ਉਸ ਕੀ ਜੋ ਮੈਲ ਸੇਖ ਰਹਤੀ ਹੈ ਸੋ ਤਿਸ ਕੂੰ ਗਿਰਾਇ ਦੇਤਾ ਹੈ। ਬਹੁੜਿ ਉਸੀ ਰੁਧਰੁ ਵਿਖੇ ਕਛੂਕ ਝਗ ਉਤਪਤ ਹੋਤੀ ਹੈ ਤਬ ਉਸ ਕੂੰ ਜੁਹ੍ਰਾ ਦੂਰ ਕਰ ਦੇਤੀ ਹੈ। ਅਰ ਜਬ ਵਹੁ ਰੁਧਰ ਪ੍ਰਥਮੇ ਪ੍ਰਪਕ ਹੋਤਾ ਹੈ ਤਬ ਉਸ ਵਿਖੇ ਜਲ ਕੀ ਅੰਸ ਹੋਤੀ ਹੈ। ਬਹੁੜਿ ਉਸ ਜਲ ਕੀ ਅੰਸ ਕੂੰ ਕੁਲੀਆ ਭਿੰਨ ਕਰਕੇ ਲਘੀ ਅਸਥਾਨ ਵਿਖੇ ਡਾਰਤਾ ਹੈ। ਤਬ ਵਹੁ ਰੁਧਰ ਮੈਲ ਅਰੁ ਝਗ ਅਰੁ ਜਲ ਕੀ ਅੰਸ ਤੇ ਸੁਧ ਹੋਇ ਕਰ ਨਾੜੀ ਬਿਖੇ ਪ੍ਰਵੇਸ ਕਰਤਾ ਹੈ। ਪਰ ਜਬ ਇਨਹੁ ਸਭਨਹੁ ਅੰਗਹੁ ਵਿਖੇ ਏਕ ਅੰਗ ਕੂੰ ਬਿਘਨੁ ਹੋਇ ਜਾਵੈ ਤਬ ਸਰੀਰ ਵਿਖੇ ਰੋਗ ਉਤਪਤ ਹੋਤਾ ਹੈ। ਤਾਂ ਤੇ ਪ੍ਰਸਿਧ ਹੂਵਾ (ਹੂਆ) ਜੋ ਸੂਖਮ ਅਸਥੂਲ ਕੇ ਜੋ ਅੰਗ ਹੈਂ ਸੋ ਸਭੀ ਅਪਣੇ-2 ਕਾਰਜ ਕੇ ਨਮਿਤ ਬਨਾਏ ਹੈਂ ਅਰੁ ਸਰੀਰ ਕੀ ਰਖਯਾ ਇਨਹੀ ਕਰ ਹੋਤੀ ਹੈ।

ਬਹੁੜਿ ਇਹ ਜੋ ਜੀਵ ਕਾ ਪਿੰਡ ਹੈ, ਸੋ ਜਦਪ ਇਸ ਕਾ ਅਲਿਪ (ਛੋਟਾ) ਜੈਸਾ ਅਕਾਰੁ ਭਾਸਤਾ ਹੈ ਪਰ ਤਉ ਭੀ ਬ੍ਰਹਿਮੰਡ ਕੀ ਨਯਾਈ ਹੈ। ਜੇਤੇ ਪਦਾਰਥ ਬ੍ਰਹਮੰਡ ਬਿਖੇ ਬਨਾਏ ਹੈਂ, ਸੋ ਤਿਸ ਕੀ ਅੰਸੁ ਪਿੰਡ ਵਿਖੇ ਭੀ ਪ੍ਰਸਿਧ ਹੈ; ਜੈਸੇ ਅਸਤ (ਹੱਡੀਆਂ) ਪਰਬਤਹੁ ਕੀ ਨਯਾਈ ਹੈਂ ਅਰੁ ਸੀਸ ਅਕਾਸ ਕੀ ਨਯਾਈ ਹੈ, ਇੰਦ੍ਰੀਆਂ ਰੂਪ ਤਾਰਾ ਮੰਡਲ ਹੈ। ਇਨ ਕਾ ਬਖਯਾਨ ਕਰਨਾ ਭੀ ਬਹੁਤ ਬਿਸਤਾਰ ਹੋਤਾ ਹੈ। ਪਰ ਤਾਤਪ੍ਰਜ ਇਹੁ ਹੈ ਜੋ ਬ੍ਰਹਮੰਡ ਵਿਖੇ ਜੇਤੇ ਪਦਾਰਥ ਅਰ ਜੀਵ ਹੈਂ, ਸੋ ਤਿਸ ਕੀ ਅੰਸ, ਪਿੰਡ ਬਿਖੇ ਸਭੀ ਪਾਈ ਜਾਤੀ ਹੈ। ਜੈਸੇ ਸੂਕਰ ਕੂਕਰ ਪਸੁ ਪ੍ਰੇਤ ਦੇਵ ਅਰੁ ਪਰੀਆਂ ਹੈਂ, ਸੋ ਤਿਨ ਕੇ ਸੁਭਾਵ ਭੀ ਇਸੀ ਮਾਨੁਖ ਕੇ ਸਰੀਰ ਵਿਖੇ ਪਾਏ ਜਾਤੇ ਹੈਂ।

ਬਹੁੜਿ ਬ੍ਰਹਮੰਡ ਵਿਖੇ ਜੇਤੇ ਬਿਵਹਾਰ ਹੈਂ, ਤਿਨ ਕੀ ਅੰਸ ਸਰੀਰ ਵਿਖੇ ਪ੍ਰਸਿਧ ਹੈ, ਜੈਸੇ ਜਠਰਾਗਨਿ ਜੋ ਅਹਾਰ ਕੂੰ ਪਚਾਵਤੀ ਹੈ, ਸੋ ਮਾਨੋ ਰਸੋਈ ਕਰਨੇਹਾਰੀ ਹੈ। ਅਰੁ ਜਿਸ ਅੰਗ ਕਰਕੈ ਅਹਾਰ ਕਾ ਰਸ ਨਿਕਸਤਾ ਹੈ ਅਰੁ ਮੈਲ ਕੂੰ ਭਿੰਨ ਕਰਤਾ ਹੈ, ਸੋ ਅਤਾਰ ਕੀ ਨਯਾਈਂ ਹੈ। ਅਰੁ ਜੋ ਅੰਗ, ਜਲ ਕੀ ਅੰਸ ਕੂੰ ਲਘੀ ਅਸਥਾਨ

ਵਿਖੇ ਡਾਰਤਾ ਹੈ, ਸੋ ਪਾਨੀਹਾਰਾ ਹੈ। ਅਰੁ ਜਿਸ ਕਰਕੈ ਅਹਾਰ ਕੀ ਮੈਲ ਬਾਹਜਿ ਨਿਕਸਤੀ ਹੈ, ਸੋ ਬਟਪਾਰੇ ਅਰੁ ਚੋਰ ਕੀ ਨਯਾਈ ਹੈ। ਬਹੁੜਿ ਜਿਸ ਕਰਿ ਕੈ ਬਾਇ ਪਿਤ ਕਫ ਨਿਰਵਰਤ ਹੋਵੈ, ਸੋ ਧਰਮਾਤਮੇ ਰਾਜੇ ਕੀ ਨਯਾਈ ਹੈ। ਪਰ ਇਸ ਕਾ ਬਖਯਾਨ ਕਰਨਾ ਭੀ ਬਹੁਤ ਬਿਸਤਾਰ ਹੋਤਾ ਹੈ। ਤਾਤਪਰਜੁ ਇਹ ਹੈ ਜੋ ਤੁਝ ਕੂੰ ਐਸੀ ਪਛਾਣਿ ਚਾਹੀਤੀ ਹੈ ਜੋ ਤੇਰੇ ਸਰੀਰ ਵਿਖੇ ਭਿੰਨ ਭਿੰਨ ਸੁਭਾਵ ਅਰੁ ਅੰਗ ਉਤਪਤਿ ਕੀਏ ਹੈਂ, ਸਭ ਹੀ ਤੇਰੀ ਟਹਲ ਵਿਖੇ ਸਾਵਧਾਨ ਹੈਂ। ਬਹੁੜਿ ਜਬ ਤੂੰ ਅਚਿੰਤਤੁ ਹੋਇ ਕਰਿ ਸੋਇ ਰਹਤਾ ਹੈਂ, ਤਉ ਭੀ ਵਹੁ ਤੇਰੀ ਸੇਵਾ ਕਾ ਤਿਆਗੁ ਨਹੀਂ ਕਰਤੇ ਅਰੁ ਤੂੰ ਉਨ ਕੂੰ ਜਾਨਤਾ ਨਹੀਂ। ਅਰੁ ਜਿਸ ਮਹਾਰਾਜ ਨੇ ਇਹ ਤੇਰੇ ਟਹਲੂਏ ਬਨਾਏ ਹੈਂ, ਸੋ ਤਿਸ ਕਾ ਤੂੰ ਉਪਕਾਰ ਭੀ ਨਹੀ ਜਾਨਤਾ। ਪਰੁ ਜੋ ਕੋਈ ਮਾਨੁਖ ਏਕ ਵਾਰ ਅਪਣੇ ਟਹਲੂਏ ਕੂੰ ਤੇਰੀ ਸੇਵਾ ਕੇ ਨਮਿਤ ਭੇਜੇ ਤਬ ਸਾਰੀ ਆਰਬਲਾ ਪ੍ਰਜੰਤ ਉਸ ਕਾ ਉਪਕਾਰ ਜਾਨਤਾ ਹੈ, ਅਰ ਜਿਸ ਭਗਵੰਤ ਨੇ ਕੇਤੇ ਸਹੰਸ੍ਰ ਟਹਲੂਏ ਤੇਰੇ ਸਰੀਰ ਕੀ ਟਹਲ ਵਿਖੇ ਲਗਾਏ ਹੈਂ ਅਰੁ ਵਹੁ ਐਸੇ ਸਾਵਧਾਨ ਹੈਂ ਜੋ ਏਕ ਪਲ ਭੀ ਤੇਰੀ ਸੇਵਾ ਤੇ ਆਲਸੁ ਨਹੀ ਕਰਤੇ। ਸੋ ਤਿਸ ਭਗਵੰਤ ਕਾ ਤੂੰ ਕਦਾਚਿਤ ਸਿਮ੍ਰਨ ਭੀ ਨਹੀ ਕਰਦਾ।

ਬਹੁੜਿ ਇਸ ਸਰੀਰ ਕੀ ਜੋ ਉਤਪਤ ਹੈ ਅਰੁ ਇਸ ਕੇ ਅੰਗਹੁ ਬਿਖੇ ਜੋ ਗੁਣ ਰਚੇ ਹੈਂ, ਸੋ ਤਿਸ ਕੀ ਬਿਦਯਾ ਭੀ ਅਪਾਰ ਹੈ ਅਰ ਸਭ ਹੀ ਲੋਕ ਇਸ ਬਿਦਯਾ ਤੇ ਅਚੇਤ ਹੈਂ। ਬਹੁੜਿ ਜਬ ਕੋਈ ਇਸ ਸਰੀਰ ਕੀ ਬਿਦਯਾ ਕੂੰ ਪੜਤਾ ਭੀ ਹੈ ਤਉ ਭੀ ਬੈਦ (ਵੈਦ) ਹੋਣੇ ਕੇ ਨਮਿਤ ਪੜਤਾ ਹੈ। ਸੋ ਇਸ ਬੈਦਕ ਕਾ ਜਾਨਣਾ ਹੀ ਤੁਛ ਮਾਤ੍ਰ ਹੈ। ਤਾਂ ਤੇ ਸਰੀਰ ਕੀ ਬਿਦਯਾ ਕੂੰ ਭੀ ਇਸ ਨਮਿਤ ਪੜਨਾ ਪ੍ਰਵਾਨ ਹੈ। ਜੋ ਇਸ ਬਿਦਯਾ ਕੂੰ ਪੜ ਕੇ ਭਗਵੰਤ ਕੀ ਕਾਰੀਗਰੀ ਕੂੰ ਪਛਾਨੈ, ਤਬ ਉਸ ਪੁਰਖ ਕੂੰ ਨ੍ਰਿਸੰਦੇਹ ਭਗਵੰਤ ਕੀ ਪਛਾਣ ਪ੍ਰਾਪਤਿ ਹੋਤੀ ਹੈ।

ਸੋ, ਭਗਵੰਤ ਕਾ ਪਛਾਨਣਾ ਇਹ ਹੈ ਜੋ ਪ੍ਰਿਥਮੇ ਸਰੀਰ ਅਰ ਜੀਵ ਕੇ ਉਤਪਤ ਕਰਨੇਹਾਰੇ ਮਹਾਰਾਜ ਕੂੰ ਐਸੇ ਸਮਰਥ ਜਾਣੈ ਜੋ ਉਸ ਕੀ ਸਮਰਥਤਾ ਵਿਖੇ ਦੀਨਤਾ ਅਰ ਪ੍ਰਾਧੀਨਤਾ ਕਾ ਅੰਸੁ ਨਹੀ ਪਾਇਆ ਜਾਤਾ। ਤਾਂ ਤੇ ਜੋ ਕੁਛ ਕੀਆ ਚਾਹਤਾ ਹੈ, ਸੋ ਤਿਸ ਕੂੰ ਕਰ ਸਕਤਾ ਹੈ। ਜੈਸੇ ਬੀਰਜ ਕੀ ਬੂੰਦ ਤੇ ਏਹ ਸਰੀਰ ਉਤਪਤ ਕੀਯਾ ਹੈ। ਸੋ, ਜਿਸ ਭਗਵੰਤ ਵਿਖੈ ਐਸੀ ਸਮਰਥਾ ਹੈ ਜੋ ਤਿਸ ਕੀ ਸਮਰਥਤਾ ਵਿਖੇ ਸਰੀਰ ਕੇ ਨਾਸ ਹੁਏ ਤੇ ਬਹੁੜਿ ਸੁਰਜੀਤ ਕਰਨਾ ਕਛੁ ਕਠਨ ਨਹੀਂ। ਇਸੀ ਕਾਰਨ ਤੇ ਪਰਲੋਕ ਕਾ ਦੁਖ ਅਰੁ ਸੁਖ ਭੀ ਪਛਾਨਿ ਸਕਤਾ ਹੈ। ਬਹੁੜਿ ਐਸੇ ਜਾਣੈ ਜੋ ਵਹੁ ਭਗਵੰਤ ਐਸਾ ਗਯਾਨ ਸਰੂਪ ਹੈ ਜੋ ਉਸ ਕਾ ਗਯਾਨ ਸਰਬ ਜਗਤ ਵਿਖੇ ਪ੍ਰਸਿਧ ਹੈ ਅਰ ਨਾਂਨਾਂ ਪ੍ਰਕਾਰ ਕੇ ਅਸਚਰਜ ਅਰੁ ਜੋ ਉਨ ਕੇ ਵਿਖੇ ਗੁਨ ਉਤਪਤ ਕੀਏ ਹੈਂ, ਸੋ ਸਭ ਹੀ ਉਸ ਕੀ ਬਿਦਯਾ ਕਰ ਕੈ ਸਿਧ ਹੂਏ ਹੈਂ। ਬਹੁੜ ਤੀਸਰਾ ਗੁਣ ਮਹਾਰਾਜ ਕਾ ਇਹੁ ਭੀ ਪਛਾਣਿਆ ਚਾਹੀਤਾ (ਚਾਹੀਦਾ) ਹੈ ਜੋ ਵਹੁ ਪਰਮ ਦਯਾਲੂ ਹੈ ਅਰੁ ਸਰਬ ਜੀਵਹੁ ਪਰ ਉਸ ਕੀ ਕਰਣਾ ਅਮਿਤ ਹੈ। ਤਾਂ ਤੇ ਜਿਸ ਜਿਸ ਜੀਵ ਕੂੰ ਜੋ ਕਛੁ ਚਾਹੀਤਾ ਥਾ, ਸੋ ਸਭ ਦੀਆ (ਦਿਤਾ) ਹੈ ਅਰ ਕ੍ਰਿਪਣਤਾ (ਕੰਜੂਸੀ) ਕਰਕੈ ਕਛੁ ਦੁਰਾਇ (ਛੁਪਾ ਕੇ) ਨਹੀ ਰਾਖਯਾ। ਜੈਸੇ ਸੀਸ ਅਰੁ ਰਿਦੇ ਅਸਥਾਨ ਤੇ। ਆਦਿ ਲੇ ਕਰ ਜੋ ਕਛੁ ਅਵਸਮੇਵ (ਜ਼ਰੂਰ ਹੀ) ਚਹੀਤਾ (ਚਾਹੀਦਾ) ਥਾ, ਸੋ ਯਹੁ ਭੀ ਦੀਆ ਹੈ ਅਰੁ ਜਿਨਹੁ ਅੰਗਹੁ ਕਰਕੈ ਇਸ ਜੀਵ ਕਾ ਪਰੋਜਨ ਅਰੁ ਕਾਰਜ ਸਿਧ ਹੋਤਾ ਹੈ, ਤੈਸੇ ਹਾਥ ਅਰੁ ਪਾਂਵ ਅਰੁ ਰਸਨਾਂ ਆਦਿਕ ਇਹੁ ਭੀ ਅੰਗ ਦੀਏ ਹੈਂ। ਬਹੁੜਿ ਜਿਸ ਵਿਖੇ ਇਸ ਜੀਵ ਕ੍ਰਾ ਪਰੋਜਨ ਭੀ ਨ ਥਾ ਅਰੁ ਉਸ ਪਦਾਰਥ ਕਾ ਹੋਣਾ ਅਵਸਮੇਵ ਚਹੀਤਾ ਨ ਥਾ, ਪਰੁ ਉਸ ਕਰਕੈ ਸੁੰਦ੍ਰਤਾਈ ਅਰੁ ਸਿੰਗਾਰ ਸਿਧ ਹੋਤਾ ਥਾ, ਵਹੁ ਅੰਗ ਭੀ ਦੀਏ ਹੈਂ; ਜੈਸੇ ਨੇਤ੍ਰਹੁ ਕੀ ਸਾਂਮਤਾ, ਅਧਰਹੁ (ਬੁਲਾਂ) ਕੀ ਲਾਲੀ, ਪਿਪਲੀਹੁ (ਪਲਕਾਂ) ਕੀ ਸਮਾਂਨਤਾ ਅਰੁ ਇਸ ਕੀ ਨਯਾਈ ਕੇਤੇ ਅੰਗ ਅਵਰ ਭੀ ਸੁੰਦ੍ਰਤਾਈ ਕੇ ਨਮਿਤ ਦੀਏ ਹੈਂ।

ਬਹੁੜਿ ਭਗਵੰਤ ਨੇ ਐਸੀ ਕਿਰਪਾ ਕੇਵਲ ਮਾਨੁਖ ਹੀ ਪਰ ਨਹੀ ਕਰੀ, ਸਰਬ ਜੀਵਹੁ ਪਰ ਉਸ ਹੀ ਦਿਆ ਸਮਾਨ ਹੈ। ਇਸੀ ਕਾਰਨ ਤੇ ਮੱਛਰ ਅਰ ਮਖੀ ਪ੍ਰਜੰਤ ਜੀਵਹੁ ਕੂੰ ਜੋ ਕਛੁ ਚਹੀਤਾ ਥਾ, ਸੋ ਸਭ ਹੀ ਦੀਆ ਹੈ। ਉਨ ਕਾ ਬਦਨ ਅਰ ਅਕਾਰੁ ਨਾਨਾ ਪ੍ਰਕਾਰ ਕੇ ਚਿਤਰਹੁ ਤੇ ਕਰਕੈ ਸੁੰਦਰ ਬਨਾਏ ਹੈਂ। ਸੋ ਇਸ ਜੀਵ ਕੇ ਸਰੀਰ ਕੀ ਉਤਪਤ ਕੂੰ ਪਛਾਨਣਾ ਭੀ ਇਸ ਪ੍ਰਕਾਰ ਭਗਵੰਤ ਕੇ ਪਛਾਨਣੇ ਕੀ ਕੁੰਜੀ ਹੈ ਜੋ ਇਸ ਕਰਿ ਕੈ ਭਗਵੰਤ ਕੀ ਬਡਾਈ ਕੂੰ ਪਛਾਣੈ। ਜੈਸੇ ਕੋਈ ਪੁਰਖ ਕਿਸੀ ਕਬੀਸਰ (ਕਵੀਸ਼ਰ) ਕੀ ਕਵਿਤ ਅਰੁ ਕਾਰੀਗਰੀ ਕੂੰ ਭਲੀ ਪ੍ਰਕਾਰ ਸਮਝਤਾ ਹੈ, ਤਬ ਨ੍ਰਿਸੰਦੇਹ ਉਸ ਕਬੀਸਰ (ਕਵੀ) ਅਰ ਕਾਰੀਗਰੀ ਕੀ ਬਡਾਈ ਕੂੰ ਪਛਾਨ ਲੇਤਾ ਹੈ, ਤੈਸੇ ਹੀ ਯਹੁ ਜੇਤੀ ਕਛੁ ਭਗਵੰਤ ਕੀ ਕਾਰੀਗਰੀ ਹੈ ਸੋ ਮਹਾਰਾਜ ਕੇ ਪਛਾਨਣੇ ਕੀ ਕੁੰਜੀ ਹੈ ਅਰੁ ਉਸ ਕੇ ਸਰਬ ਗੁਣਹੁ ਕੂੰ ਲਖਾਵਣੇਹਾਰੀ ਹੈ। ਪਰ ਤਉ ਭੀ ਸਰੀਰ ਕੀ ਉਤਪਤ ਕਾ ਪਛਾਨਣਾ ਜੋ ਹੈ, ਸੋ ਰਿਦੇ ਕੀ ਪਛਾਣਿ ਕੇ ਨਿਕਟ ਤੁਛ ਮਾਤ੍ਰ ਹੈ; ਕਾਹੇ ਤੇ, ਜੋ ਯਹੁ ਸਰੀਰ ਘੋੜੇ ਕੀ ਨਯਾਈ ਹੈ ਅਰੁ ਚਿਤ ਸਵਾਰੁ ਹੈ। ਤਾਂ ਤੇ ਉਤਪਤ ਕਾ ਜੋ ਤਾਤਪ੍ਰਜ ਹੈ, ਸੋ ਰਿਦੇ ਰੂਪੀ ਸਵਾਰ ਹੈ। ਇਸ ਕਰਕੈ ਘੋੜਾ ਸਵਾਰੁ ਕੇ ਨਮਿਤ ਹੋਤਾ ਹੈ, ਸਵਾਰ ਕਾ ਉਪਜਿਣਾ ਘੋੜੇ ਕੇ ਨਮਿਤ ਨਹੀ।

ਬਹੁੜਿ, ਇਤਨਾ ਕਛੁ ਜੋ ਵਰਨਨ ਕੀਆ ਹੈ, ਸੋ ਇਸ ਕਰਕੇ ਪ੍ਰਸਿਧ ਹੂਆ ਜੋ ਤੂੰ ਅਪਣੇ ਸਰੀਰ ਕੇ ਅੰਗਹੁ ਕੂੰ ਭਲੀ ਪ੍ਰਕਾਰ ਨਹੀ ਪਛਾਨਤਾ। ਅਰੁ ਯਹੁ ਬਾਰਤਾ ਪ੍ਰਗਟ ਹੈ ਜੋ ਤੁਝ ਕੂੰ ਤੇਰੇ ਸਰੂਪ ਕੇ ਨਿਕਟ ਅਵਰ ਕੋਈ ਪਦਾਰਥ ਨਹੀਂ। ਜਬ ਤੂ ਅਪਣੈ ਆਪ ਕੂੰ ਨ ਪਛਾਣਹਿ, ਤਬ ਅਵਰ ਕਿਸੇ ਪਦਾਰਥ ਕੇ ਪਛਾਨਣੈ ਕਾ ਅਭਮਾਨੀ ਕਯੋਂਕਰ ਹੋਤਾ ਹੈਂ। ਸੋ ਇਸ ਕਾ ਦ੍ਰਿਸਟਾਂਤ ਯਹੁ ਹੈ: ਜੈਸੇ ਕੋਈ ਪੁਰਖ ਐਸਾ ਨਿਰਧਨ ਹੋਵੈ ਜੋ ਅਪਣੇ ਸਰੀਰ ਕੇ ਅਹਾਰ ਕੂੰ ਸਮਰਥ ਨ ਹੋਵੈ ਪਰ ਇਸ ਪ੍ਰਕਾਰ ਅਭਮਾਂਨ ਕੈ ਕਹੈ ਜੋ ਸਾਰੇ ਨਗਰ ਕੇ ਅਭਯਾਗਤਿ ਮੇਰੇ ਹੀ ਗ੍ਰਿਹ ਮੈ ਭੋਜਨ ਪਾਵਤੇ ਹੈਂ। ਸੋ ਇਹ ਬਾਰਤਾ ਅਸੰਭਵ ਹੈ ਅਰੁ ਐਸਾ ਅਭਿਮਾਨ ਕਰਨੇਹਾਰਾ ਪੁਰਖ, ਮੂਰਖ ਅਰੁ ਝੂਠਾ ਕਹੀਤਾ ਹੈ।

**ਅਥ ਦਸਵੇਂ ਸਰਗ ਬਿਖੇ ਇਸ ਜੀਵ ਕੀ ਪ੍ਰਾਧੀਨਤਾ ਕਾ ਵਰਨਨ ਹੋਵੈਗਾ।**

ਤਾਂ ਤੇ ਜਾਣ ਤੂੰ ਜੋ ਜਬ ਬਡਾਈ (ਵਡਿਆਈ) ਅਰੁ ਸੋਭਾ ਬਸੇਖ (ਵਿਸ਼ੇਸ਼) ਇਸ ਮਾਨੁਖ ਕੇ ਰਿਦੇ ਰੂਪੀ ਰਤਨ ਕੀ ਤੈਨੇ ਭਲੀ ਪ੍ਰਕਾਰ ਸਮਝੀ, ਤਬ ਆਗੈ ਇਹੁ ਭੀ ਜਾਣਿਆ ਚਾਹੀਤਾ (ਚਾਹੀਦਾ) ਹੈ ਜੋ ਜਦਪ (ਭਾਵੇਂ) ਭਗਵੰਤ ਜੀ ਨੇ ਐਸਾ ਰਤਨ ਤੁਝ ਕੂੰ ਦੀਆ ਹੈ ਪਰ ਤਉ ਭੀ ਤੁਝ ਤੇ ਗੁਹਜਿ ਕਰਿ ਰਾਖਯਾ ਹੈ। ਸੋ, ਜਬਲਗ ਤੂੰ ਇਸ ਰਤਨੁ ਕੂੰ ਨ ਖੋਜਹਿ ਅਰੁ ਉਸ ਤੇ ਅਚੇਤ ਹੋਵਹ (ਹੋਵੇਂ) ਅਰ ਬ੍ਰਿਥਾ ਗਵਾਵਹਿ, ਤਬ ਇਸੀ ਕਰਕੈ ਤੇਰੀ ਪਰਮ ਹਾਣ ਹੋਤੀ

ਹੈ। ਤਾਂ ਤੇ ਤੂ ਪੁਰਖਾਰਥੁ (ਪੁਰਸ਼ਾਰਥ) ਕਰਕੈ ਅਪਣੇ ਚਿਤ ਕੂੰ ਖੋਜਿ ਅਰੁ ਮਾਇਆ ਕੇ ਜੰਜਾਲਹੁ ਤੇ ਬਿਰਕਤ ਹੋਹੁ। ਤਬ ਵਹੁ ਤੇਰਾ ਚਿਤ ਰੂਪੀ ਰਤਨ ਪੂਰਨਤਾਈ ਕੂੰ ਪਹੁੰਚੈ। ਸੋ ਉਸ ਕੀ ਬਡਾਈ ਅਰੁ ਪੂਰਨਤਾਈ ਚੈਤੰਨਤਾ ਰੂਪੀ ਸੂਖਮ ਦੇਸ ਵਿਖੇ ਪ੍ਰਗਟ ਹੋਤੀ ਹੈ; ਕਾਹੇ ਤੇ, ਜੋ ਚੈਤੰਨਤਾ ਕੇ ਦੇਸ ਵਿਖੇ ਸ਼ੋਕ ਤੇ ਰਹਤ ਅਨੰਦ ਕੂੰ ਪਾਵਤਾ ਹੈ ਅਰੁ ਨਾਸਤਾ (ਨਾਸ਼) ਰਹਤਿ ਸਰੂਪ ਕੂੰ ਦੇਖਤਾ ਹੈ ਅਰੁ ਪ੍ਰਾਧੀਨਤਾ ਤੇ ਰਹਤ ਸਮਰਥਤਾ ਕੂੰ ਪ੍ਰਾਪਤਿ ਹੋਤਾ ਹੈ ਅਰੁ ਅਸਿਦਯਾ (ਅਗਿਆਨ) ਤੇ ਰਹਤ ਗਯਾਨ ਕੂੰ ਪਾਵਤਾ ਹੈ। ਸੋ, ਭਗਵੰਤ ਕਾ ਨਿਰਮਲ ਸਰੂਪ ਇਹੀ ਹੈ ਅਰੁ ਯਹੁ ਜੀਵ ਭੀ ਸੂਖਮ ਦੇਸ ਮੈ ਇਸੀ ਸਰੂਪ ਵਿਖੇ ਲੀਨ ਹੋਤਾ ਹੈ।

ਬਹੁੜਿ ਇਸ ਅਸਥੂਲ ਦੇਸ ਵਿਖੇ ਜੋ ਜੋ ਜੀਵ ਕੀ ਬਿਸੇਖਤਾ (ਵਿਸ਼ੇਸ਼ਤਾ) ਕਹੀ ਹੈ ਸੋ ਇਸ ਨਿਮਿਤ ਕਹੀ ਹੈ ਜੋ ਉਸ ਪਰਮ ਪਦ ਪਾਵਣੇ ਕਾ ਅਧਿਕਾਰੀ ਹੈ। ਅਰੁ ਜਬ ਲਗ ਐਸੇ ਪਰਮਪਦ ਕੂੰ ਪ੍ਰਾਪਤਿ ਨਹੀ ਹੂਵਾ, (ਹੋਇਆ) ਤਬ ਲਗ ਇਹੁ ਜੀਵ ਮਹਾ ਨੀਚ ਅਰੁ ਐਸਾ ਪ੍ਰਾਧੀਨ ਹੈ ਜੋ ਇਸ ਕੀ ਨੀਚਤਾ ਵਰਨਨ ਵਿਖੇ ਨਹੀਂ ਆਵਤੀ। ਭੂਖ ਪਿਆਸ ਉਸਨ (ਗਰਮੀ) ਸੀਤ ਰੋਗ ਸੋਗ ਦੁਖ ਮੋਹ ਕ੍ਰੋਧ ਅਰ ਤ੍ਰਿਸਨਾ ਆਦਿਕ ਸਰਬ ਭਾਵਹੁ ਕਾ (ਕੇ) ਅਧੀਨ ਹੈ। ਬਹੁੜਿ ਇਸ ਜੀਵ ਕੇ ਸਰੀਰ ਕਾ ਜੋ ਸੁਖ ਹੈ ਸੋ ਭੀ ਕੜਏ (ਕੌੜੇ) ਔਖਦਹੁ ਵਿਖੇ ਰਾਖਯਾ ਹੈ। ਅਰੁ ਜੋ ਭੋਗ ਇਸ ਕੂੰ ਪ੍ਰੀਤਮ ਲਾਗਤੇ ਹੈਂ, ਸੋ ਤਿਵਹੁ (ਤਿਨਹੂ) ਕਰ ਕੈ ਰੋਗ ਕੌ ਪ੍ਰਾਪਤਿ ਹੋਤਾ ਹੈ। ਬਹੁੜਿ ਇਸ ਮਾਨੁਖ ਕੀ ਜੋ ਬਿਸੇਖਤਾ ਕਹੀ ਹੈ ਸੋ ਬਿਦਯਾ ਅਰੁ ਬਲ ਅਥਵਾ ਧੀਰਜ ਅਰੁ ਸਰਧਾ ਅਰੁ ਸੁੰਦਰਤਾਈ ਕਰ ਹੋਤੀ ਹੈ। ਸੋ ਜਬ ਤੂ ਇਸ ਮਾਨੁਖ ਕੀ ਬਿਦਯਾ ਕੀ ਓਰ ਦੇਖਹਿ ਤਬ ਜਾਨਿ ਜੋ ਐਸਾ ਮੂਰਖ ਅਵਰ ਕੌਣ ਹੈ; ਕਾਹੇ ਤੇ, ਜੋ ਜਬ ਏਕ ਨਾੜੀ ਇਸ ਕੈ ਸੀਸ ਵਿਖੇ ਬਿਪ੍ਰੀਤ ਹੋ ਜਾਵੈ, ਤਬ ਵਾਵਰਾ (ਬਉਰਾ) ਹੋ ਜਾਤਾ ਹੈ ਅਰੁ ਨਾਸਤਾ (ਨਾਸ਼ ਹੋਣ) ਕੇ ਭੈ ਕੂੰ ਪਾਵਤਾ ਹੈ। ਅਰੁ ਜਦਪਿ ਉਸ ਕਾ ਔਖਧ ਇਸ ਕੇ ਨਿਕਟ ਹੀ ਪੜਾ ਹੋਵੈ ਤੌ ਭੀ ਜਾਣ ਨਹੀ ਸਕਤਾ ਜੌ ਮੇਰਾ ਔਖਧ ਇਹੀ ਹੈ ਅਰੁ ਮੁਝ ਕੂੰ ਰੋਗ ਕਯਾ ਹੈ। ਬਹੁਰਿ ਜਬ ਤੂੰ ਇਸ ਕੇ ਬਲ ਕੀ ਓਰ ਦੇਖਹਿ ਤਬ ਇਸ ਕੇ ਸਮਾਨ ਬਲਹੀਨ ਅਰ ਪਰਾਧੀਨ ਭੀ ਕੋਈ ਨਹੀਂ; ਕਾਹੇ ਤੇ ਇਹ ਮਾਨੁਖ ਏਕ ਮੱਖੀ ਤੇ ਭੀ ਆਪ ਕੂੰ ਬਚਾਇ ਨਹੀ ਸਕਤਾ ਅਰੁ ਜਬ ਮਛਰ ਹੀ ਇਸ ਕੇ ਊਪਰ ਪ੍ਰਬਲ ਹੋਵੈ, ਤਉ ਭੀ ਉਸ ਕੇ ਡੱਸਣੇ ਕਰਿ ਮਹਾਂ ਦੁਖੀ ਹੋਤਾ ਹੈ। ਅਰੁ ਜਬ ਤੂੰ ਇਸ ਕੇ ਪੁਰਖਾਰਥ (ਉਦਮ) ਅਰੁ ਧੀਰਜ ਕੀ ਓਰ ਦੇਖਹਿ ਤਬ ਐਸਾ ਅਧੀਰ ਹੈ ਜੋ ਏਕ ਪੈਸੇ ਕੇ ਗਿੜਨੇ (ਗਿਰਨੇ) ਕਰਿ ਕੈ ਸੋਕ ਅਰੁ ਦੁਖ ਕੂੰ ਪਾਵਤਾ ਹੈ। ਅਰੁ ਜਬ ਭੂਖ ਕੇ ਸਮੇਂ ਅਹਾਰ ਕਾ ਏਕ ਗ੍ਰਾਸ ਭੀ ਇਸਕੂੰ ਘਾਟਿ ਮਿਲੇ ਤਬ ਮੂਰਛਾ ਕੂੰ ਪ੍ਰਾਪਤਿ ਹੋਤਾ ਹੈ।

ਤਾਂ ਤੇ ਇਸ ਮਾਨੁਖ ਜੈਸਾ ਅਵਰ ਨੀਚ ਕਵਨ ਹੈ? ਬਹੁੜਿ ਜਬ ਇਸ ਮਾਨੁਖ ਕੀ ਸੁੰਦ੍ਰਤਾਈ ਕਾ ਬਿਚਾਰ ਕਰੀਏ, ਤਬ ਇਸ ਕਾ ਸਰੀਰ ਐਸਾ ਮਲੀਨ ਹੈ ਜੋ ਮਾਨੋ ਮਲਮੂਤ੍ਰ ਕੇ ਭਵਨ ਪਰ ਤੁਚਾ ਲਪੇਟੀ ਹੂਈ ਹੈ ਅਰੁ ਜਬ ਏਕ ਦਿਨ ਬਿਖੇ ਦੋ ਵਾਰ ਧੋਵੈ ਨਹੀ ਤਬ ਐਸੀ ਦੁਰਗਧਿਤਾ (ਦੁਰਗੰਧਤਾ) ਉਤਪਤ ਹੋਤੀ ਹੈ ਜੋ ਅਪਣੇ ਆਪ ਹੀ ਤੇ ਗਲਯਾਨ (ਗਿਲਾਨੀ) ਕਰੇ (ਕਰਨ) ਲਾਗਤਾ ਹੈ ਅਰ ਅਵਰ ਪੁਰਖ ਭੀ ਗਲਯਾਨ ਕਰਨੇ ਲਾਗਤੇ ਹੈ। ਸੋ ਜਿਸ ਸਰੀਰ ਕਰਕੇ ਸੁੰਦ੍ਰਤਾਈ ਕਾ ਅਭਮਾਨ ਕਰਤਾ ਹੈ, ਇਸ ਕੇ ਸਰੀਰ ਕਾ ਜੋ ਅਧਾਰ ਹੈ, ਸੋ ਤਿਸ ਮੈਲ ਕੂੰ ਅਪਣੇ ਹਾਥਹੁ ਕਰਕੈ ਆਪ ਹੀ ਨਿਤਪ੍ਰਤਿ ਧੋਵਤਾ ਹੈ। ਇਸੀ ਪਰ ਏਕ ਵਾਰਤਾ ਹੈ –

ਏਕ ਮਹਾਂਪੁਰਖ, ਮਾਰਗ ਬਿਖੇ ਚਲਾ ਜਾਤਾ ਥਾ ਅਰ ਉਸ ਮਾਰਗ ਬਿਖੇ ਕਛੂਕ ਚੰਡਾਲ, ਬਿਸਟਾ ਕੂੰ ਮੇਲਤੇ ਥੇ ਤਬ ਮਹਾਂਪੁਰਖ ਕੇ ਸਾਥ ਜੋ ਪ੍ਰੀਤਵਾਨ ਥੇ, ਸੋ ਦੁਰਗੰਧਤਾ ਤੇ ਨਾਕ ਮੂੰਦਣੇ ਅਰੁ ਸੁਕਚ ਕੇ ਭਾਗਣੇ ਲਾਗੇ। ਤਬ ਮਹਾਂਪੁਰਖ ਨੇ ਕਹਾ, "ਜੋ ਹੇ ਭਾਈ! ਤੁਮ ਕੂੰ ਭੀ ਕੁਛ ਸੁਨੀਤਾ ਹੈ ਜੋ ਇਹ ਬਿਸਟਾ ਮੁਝ ਕੂੰ ਇਸ ਪਰਕਾਰ ਕਹਤੀ ਹੈ ਜੋ ਕਾਲ (ਕਲ) ਕੇ ਦਿਨ ਮੈਂ ਬਜ਼ਾਰ ਵਿਖੇ ਪੜੀ ਹੂਈ ਥੀ (ਮਿਠਾਈ) ਅਰ ਸਭ ਲੋਕਹੁ ਨੇ ਮੁਝ ਕੂੰ ਦਾਮ ਦੇ ਕਰ ਮੋਲ ਲੀਯਾ ਥਾ। ਬਹੁੜਿ ਏਕ ਰਾਤ ਪ੍ਰਜੰਤ ਮੈਨੇ ਤੁਮਾਰੀ ਸੰਗਤ ਕਰੀ ਹੈ ਤੇ ਐਸੀ ਮਲੀਨ ਮਲੀਨ ਅਵਸਥਾ ਕੂੰ ਪ੍ਰਾਪਤ ਹੁਈ ਹੂੰ ਜੋ ਸਭ ਵੀਚਾਰ ਕਰਕੈ ਦੇਖੀਏ ਤਬ ਮੁਝ ਕੂੰ ਤੁਮ ਤੇ ਭਾਗਣਾ ਚਾਹੀਤਾ ਹੈ ਕੇ ਤੁਮ ਕੂੰ ਮੁਝ ਤੇ ਭਾਗਣਾ ਪਰਵਾਨ ਹੈ!"

ਸੋ ਇਸ ਕਾ ਤਾਤਪ੍ਰਜ ਇਹ ਹੈ ਜੋ ਇਹੁ ਜੀਵ ਇਸ ਸਰੀਰ ਦੇਸ ਬਿਖੇ ਮਹਾਂ ਦੀਨ ਅਰ ਪਰਾਧੀਨੁ ਹੈ ਅਰ ਇਸ ਕੀ ਅਵਸਥਾ ਭੀ ਮਹਾਂ ਨੀਚ ਹੈ। ਤਾਂ ਤੇ ਪ੍ਰਲੋਕ ਵਿਖੇ ਇਸ ਕੀ ਹੀਣਤਾ ਅਰ ਵਿਸੇਖਤਾ ਪ੍ਰਗਟ ਹੋਵੈਗੀ। ਜੋ ਜਬ ਯਹੁ ਪੁਰਖ ਭਲੇ ਸੁਭਾਵਹੁ ਕੇ ਪਾਵਣੇ ਸਾਥ ਅਪਣੇ ਰਿਦੇ ਕੂੰ ਨਿਰਮਲ ਕਰੈ, ਤਬ ਪਸੁਵਹੁ (ਪਸ਼ੂਓਂ) ਅਰੁ ਸਿੰਘਹੁ (ਸ਼ੇਰਾਂ) ਕੇ ਸੁਭਾਵਹੁ ਤੇ ਮੁਕਤ ਕਰ ਦੇਵਤਹੁ ਕੇ ਪਦ ਕੂੰ ਪਾਵੈਗਾ, ਕਾਹੇ ਤੇ ਜੋ ਪਸਵਹੁ ਕੂੰ ਕ੍ਰਿਆ ਅਰੁ ਕਰਮ ਕਾ ਦੋਖ ਨਹੀ ਲਾਗਤਾ ਪਰ ਇਹੁ ਮਾਨੁਖ ਅਸੁਭ ਕਰਮਹੁ ਕਰਕੈ ਨਰਕਹੁ ਕੂੰ ਭੁੰਚਤਾ ਹੈ। ਤਾਂ ਤੇ ਇਸ ਪੁਰਖ ਕੂੰ ਚਾਹੀਤਾ (ਚਾਹੀਦਾ) ਹੈ ਜੋ ਜਿਸ ਪ੍ਰਕਾਰ ਅਪਣੀ ਬਿਸੇਖਤਾ (ਵਿਸ਼ੇਸ਼ਤਾ) ਕੂੰ ਪਛਾਣਤਾ ਹੈ ਤੈਸੇ ਹੀ ਅਪਣੀ ਨੀਚਤਾ ਅਰੁ ਪਰਾਧੀਨਤਾ ਭੀ ਪਛਾਨਣਾ ਭਗਵੰਤ ਕੇ ਪਛਾਨਣੇ ਕੀ ਕੁੰਜੀ ਹੈ। ਤਾਂ ਤੇ ਅਪਣੇ ਆਪ ਕੇ ਪਛਾਨਣੇ ਕਾ ਵਰਨਨ ਕਰਨਾ ਇਤਨਾ ਹੀ ਬਹੁਤ ਹੈ। ੧੦ । ਇਤ ਅਪਣੇ ਪਛਾਨਣੇ ਕਾ ਧਯਾਇ ਸੰਪੂਰਣ ਹੂਵਾ॥ ੧ ॥

'ਚਲਦਾ'

## ਦਸ਼ਮੇਸ਼ ਪਿਤਾ

ਧਰਮ ਕਰਮ ਤੇ ਕੌਮ ਦੀ ਰੱਖਿਆ ਲਈ,
ਪਹਿਲਾਂ ਪਿਤਾ ਸ਼ਹੀਦ ਕਰਵਾਈਦਾ ਏ।
ਪੰਥ ਸਾਜਣ ਦੀ ਭਰੀ ਪੰਚਾਇਤ ਅੰਦਰ,
ਪਹਿਲਾਂ ਪੁੱਤਾਂ ਦਾ ਨਿਓਂਦਰਾ ਪਾਈਦਾ ਏ।
ਸਤਿ, ਤੱਤ, ਸਮਰੱਥਿਆ ਸਭੇ ਪਾ ਕੇ,
ਅੰਮ੍ਰਿਤ ਖੰਡੇ ਦੇ ਨਾਲ ਬਣਾਈਦਾ ਏ।
ਪਹਿਲਾਂ ਸਿੰਘ ਛਕਣ, ਪਿਛੋਂ ਆਪ ਛਕਣਾ,
ਇੱਦਾਂ ਗੁਰੂ ਤੇ ਚੇਲਾ ਅਖਵਾਈਦਾ ਏ।
ਮਰਨਾ ਧਰਮ ਪਿਛੇ, ਲੜਨਾ ਕੌਮ ਪਿਛੇ,
ਬਿਨਾਂ ਪਾਨੀ ਦੇ ਪੁੱਤਰ ਲੜਾਈਦਾ ਏ।
ਮਾਤਾ ਗੁਜਰੀ ਸ਼ਹੀਦ ਵਿਚ ਬੁਰਜ ਕਰਾ ਕੇ,
ਪੁੱਤਾਂ ਤਾਈਂ ਨੀਹਾਂ ਵਿਚ ਚਿਣਵਾਈਦਾ ਏ।
ਅਦਲੀ ਕਹਿੰਦੈ, ਨਾਹੀਂ ਹੋਇਆ ਅਤੇ ਨਾ ਹੋਣਾ,
ਐਸਾ ਗੁਰੂ ਦਰਵੇਸ਼ ਖੁਦਾਈ ਦਾ ਏ।

**ਨਸੀਬ ਸਿੰਘ 'ਅਦਲੀ'**

# ਦੂਸਰੇ ਰਤਨ
# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ
## (ਗੁਰੂ ਨਾਨਕ ਅੰਸ ਵੰਸ)

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-19)*

ਅੰਮ੍ਰਿਤਪਾਨ ਕਰਕੇ ਬਾਬਾ ਸਾਹਿਬ ਸਿੰਘ ਜੀ ਗੁਰੂ ਵਾਲੇ ਹੋ ਕੇ, ਟੇਕ ਵਾਲੇ ਇਕ ਸ਼ਕਤੀਸ਼ਾਲੀ ਯੁਗ ਪੁਰਸ਼ ਦੀ ਹਸਤੀ ਦੀ ਸ਼ਕਲ ਵਿਚ ਸਿੱਖ ਸੰਸਾਰ ਪਰ ਛਾ ਗਏ। ਬਾਬਾ ਸੋਭਾ ਸਿੰਘ ਜੀ ਦੀ ਆਗਿਆ ਅਨੁਸਾਰ ਉਹ ਸਵਾ ਪਹਿਰ ਰਾਤ ਰਹਿੰਦੇ ਉਠ ਕੇ, ਇਸ਼ਨਾਨ ਕਰਕੇ, ਜਪੁਜੀ ਦਾ ਪਾਠ ਕਰਕੇ ਸਮਾਧੀ ਸਥਿਤ ਹੋ ਜਾਂਦੇ। ਸੁਰਤ ਸ਼ਬਦ ਤੇ ਭਵ ਤਾਰਨ ਸਾਧਨ ਅਰੰਭ ਹੋਏ, ਉਹ ਉਠਦੇ ਬਹਿੰਦੇ ਸੁਰਤ ਨੂੰ ਤ੍ਰਿਕੁਟੀ ਵਿਚ ਟਿਕਾ ਕੇ ਫਿਰ ਸੁਰਤੀ ਰਾਹੀਂ ਦਸਮ ਦੁਆਰ ਵਲ ਵਧਣ ਦਾ ਯਤਨ ਕਰਦੇ ਸਨ, ਜਿਥੇ ਗੁਫਾ ਅੰਦਰ ਵਾਜਾ ਪਵਨ ਵਜ ਕੇ ਅਨਹਦ ਸ਼ਬਦ ਤੇ ਅਨਹਤ ਨਾਦ ਪ੍ਰਗਟ ਕਰਦਾ ਸੀ। ਇਥੇ ਪਹਿਲਾਂ ਸੁਰਤੀ ਨੇ ਸ਼ਬਦ ਦੀ ਧੁਨ ਸੁਣੀ, ਫਿਰ ਅੱਗੇ ਜਾ ਕੇ ਸੰਸਾਰ ਦਾ ਸਾਰਾ ਬ੍ਰਹਿਮੰਡ ਪ੍ਰਤੱਖ ਅੱਖੀਂ ਇਕ ਮਹਾਨ ਸ਼ਕਤੀ ਅਗੇ ਝੁਕਿਆ, ਬੱਧਾ ਹੋਇਆ ਤੇ ਉਸਦੇ ਵੱਸ ਹੋ ਕੇ ਦੇਵੀ ਦੇਵਤੇ ਤੇ ਸਤਾਰਾ ਮੰਡਲ ਅੰਦਰ ਉਸਦੀ ਚਿਤਰਕਾਰੀ ਪ੍ਰਤੱਖ ਦਿਸੀ। ਫਿਰ ਇਕ ਐਸੀ ਅਵਸਥਾ ਆਈ ਕਿ ਅਵਤਾਰ, ਸ਼ਹੀਦ ਤੇ ਮਹਾਨ ਭਗਤ ਇਕ ਜਗ੍ਹਾ ਦਰਬਾਰੀਆਂ ਵਾਂਗ ਇਕੋ ਸਥਾਨ ਪਰ ਟਿਕੇ ਹੋਏ ਦਿਸੇ। ਆਖਿਰ ਉਹ ਸਮਾਂ ਵੀ ਆਇਆ ਜਦੋਂ ਕਿ ਇਕ ਅਤਿ ਸ਼ਾਂਤ ਸੁਖਾਵੀਂ ਮਹਾਨ ਰੌਸ਼ਨ, ਪਰ ਇਸ ਲੋਕ ਵਾਂਗਰ, ਗਰਮ ਰੌਸ਼ਨੀ ਨਹੀਂ ਸਗੋਂ ਅਤਿ ਸ਼ਾਂਤ ਨਿਰੰਤਰ ਤੇ ਪਰਮ ਸੁਖਦਾਈ ਸ਼ਕਤੀ ਅੰਦਰ ਸੁਰਤੀ ਦਾ ਪ੍ਰਵੇਸ਼ ਹੋਇਆ ਪਰ ਇਥੇ ਆ ਕੇ ਇਕ ਫਰਕ ਹੋ ਗਿਆ ਕਿ ਸੁਰਤੀ ਪਹਿਲਾਂ ਆਪਣੇ ਆਪ ਨੂੰ ਵਖਰਾ ਅਨੁਭਵ ਕਰਦੀ ਸੀ, ਫਿਰ ਉਹ ਉਸ ਰੂਪ ਅੰਦਰ ਅਭੇਦ ਹੋ ਗਈ ਤੇ ਦੂਸਰਾ ਬਾਕੀ ਹੀ ਨਾ ਰਿਹਾ; ਇਸੇ ਹੀ ਅਸਥਾਨ ਤੇ ਮਹਾਨ ਸਤਿ ਦੇ ਤਾਬਿਆਂ ਸਾਰਾ ਬ੍ਰਹਿਮੰਡ ਚੱਕਰ ਕੱਟਦਾ ਸੀ। ਹਰ ਚੀਜ਼ ਉਸੇ ਦੇ ਵਸੀ ਭੂਤ ਤੇ ਹਰ ਰੰਗ ਉਸਦਾ ਆਪਣਾ ਦਿਸਦਾ ਸੀ। ਇਸ ਜਗ੍ਹਾ ਪੁਜਣ ਦੀ ਮਸਤੀ ਤਾਂ ਮਨੁੱਖ ਨੂੰ ਮਾਣ ਨਾਲ ਅਤਿ ਉਚਾ ਬਣਾ ਦੇਂਦੀ ਹੈ। ਸ਼ਾਇਦ ਇਸੇ ਹੀ ਝਲਕ ਨੂੰ ਮੂਸਾ ਕੋਹਨੂਰ ਪਰ ਦੇਖ ਕੇ ਬੇਹਬਲ ਤੇ ਬੇਬਸ ਹੋ ਗਿਆ ਸੀ। ਬਾਬਾ ਸਾਹਿਬ ਸਿੰਘ ਜੀ ਇਸ ਅਕਹਿ ਸ਼ਕਤੀ ਦੇ ਦਰਸ਼ਨ ਕਰਕੇ ਉਸਨੂੰ ਆਪਣੇ ਅੰਦਰ ਹੀ ਰੱਖਣ ਵਿਚ ਸਾਦਕ ਸਿੱਖ ਸਾਬਤ ਹੋਏ। ਫਿਰ ਇਕ ਵਾਰ ਜਦੋਂ ਬਾਬਾ ਸੋਭਾ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ, ਤਦ ਬਾਬਾ ਸੋਭਾ ਸਿੰਘ ਜੀ ਨੇ ਫੁਰਮਾਇਆ -

"ਲਵੋ, ਬੇਦੀ ਕੁਲ ਭੂਸ਼ਨ ਇਹ ਤੁਹਾਡੀ ਦਾਤ ਹੈ, ਜੋ ਪਰਮ ਗੁਰੂ ਨਾਨਕ ਜੀ ਨੇ ਲਹਿਣਾ ਜੀ ਨੂੰ ਦਿਤੀ ਤੇ ਹੋਰ ਸਿੱਖਾਂ ਨੂੰ ਆਤਮ ਗਿਆਨ ਰਾਹੀਂ ਪ੍ਰਦਾਨ ਕੀਤੀ, ਫਿਰ ਜਿਸ ਦੀ ਚੀਜ਼ ਹੈ ਉਸੇ ਘਰ ਆਵੇ, ਇਹ ਕੋਈ ਅਲੰਕਾਰਕ ਗੱਲ ਨਹੀਂ, ਪਰ ਮੈਨੂੰ ਮਹਾਨ ਖੁਸ਼ੀ ਹੈ ਕਿ ਇਹ ਦੇਗ ਤੇਗ ਦੋਵੇਂ ਹੀ ਆਤਮ ਦਰਸੀ ਮਹਾਨ ਆਤਮਾ ਦੇ ਸਪੁਰਦ ਕੀਤਾ ਹੈ, ਜੋ ਇਸਦਾ ਹੱਕਦਾਰ ਵੀ ਹੈ ਤੇ ਚੰਗਾ ਸਥਾਨ ਵੀ, ਜਿਥੇ ਇਹ ਦਾਤ ਸੁਰਖਿਅਤ ਹੈ। ਵਾਹਿਗੁਰੂ ਜੀ ਦਾ ਕੋਟ ਕੋਟ ਧੰਨਵਾਦ ਹੈ ਕਿ ਉਸਨੇ ਆਪਣਾ ਗਿਆਨ ਤੇ ਮਹਾਨ ਪਦ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਪੁਚਾ ਦਿਤਾ ਹੈ। ਇਸ ਰਾਹੀਂ ਆਤਮ ਕਲਿਆਣ, ਲੋਕ ਸੇਵਾ ਤੇ ਮਨੁੱਖਵਾਦ ਨੂੰ ਭਾਰੀ ਸਤਾ ਮਿਲੇਗੀ, ਜੋ ਵਕਤ ਤੇ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ। ਮੇਰੇ ਪੰਜਾਬ ਤੇ ਸਿੱਖ ਪੰਥ ਨੂੰ ਐਸੇ ਮਹਾਨ ਨੇਤਾ ਦੀ ਲੋੜ ਹੈ ਜੋ ਸਿੱਖ ਰਾਸ਼ਟਰ ਨੂੰ ਪੁਖਤਾ ਨੀਹਾਂ ਪਰ ਖੜ੍ਹਾ ਕਰ ਸਕੇ।"

### ਕਠਨ ਤਪ ਤੇ ਸਾਧਨਾ

ਬਾਬਾ ਜੀ ਨੇ ਜੋ ਤਪ, ਜੀਵਨ ਦੀ ਪਹਿਲੀ ਉਮਰ ਵਿਚ ਕੀਤਾ, ਉਸਦਾ ਘੱਟ ਹੀ ਪ੍ਰਮਾਣ ਕਿਤੇ ਹੋਰ ਮਿਲਦਾ ਹੈ। ਸਵਾ ਪਹਿਰ ਰਾਤ ਰਹਿੰਦੇ ਜਾਗਣ ਦਾ ਸਾਧਨ ਤਾਂ ਪਹਿਲਾਂ ਤੋਂ ਹੀ ਸੀ ਪਰ ਫਿਰ ਹੌਲੀ-ਹੌਲੀ ਖੁਰਾਕ ਵੀ ਘਟ ਗਈ ਤੇ ਕਈ ਵਾਰੀ ਬੈਠਿਆਂ-ਬੈਠਿਆਂ ਉਠਣਾ ਹੀ ਭੁੱਲ ਜਾਂਦੇ ਤੇ ਦੁਪਹਿਰ ਚੜ੍ਹੀ ਤੇ ਉਠ ਕੇ ਆਉਂਦੇ।

ਉਹ ਰੋਜ਼ ਦਿਨ ਚੜ੍ਹੇ ਆ ਕੇ, ਰਖੇ ਹੋਏ ਰਬਾਬੀਆਂ ਪਾਸੋਂ ਕੀਰਤਨ ਵੀ ਸੁਣਦੇ ਤੇ ਗੁਰੂ ਦੀ ਹਾਜ਼ਰੀ ਰੋਜ਼ ਹੀ ਭਰਦੇ ਸਨ। ਉਹ ਗੱਲਬਾਤ ਬੜੀ ਘਟ ਕਰਦੇ, ਬਾਹਰੋਂ ਆਏ ਸੱਜਣਾਂ ਨਾਲ ਵੀ ਸਿਰਫ ਲੋੜ ਮਾਤਰ ਗੱਲ ਬਾਤ ਕਰਦੇ ਸਨ। ਡੇਰੇ ਤੇ ਘਰ ਦਾ ਵਿਵਹਾਰ ਕੇਵਲ ਮਾਤਰ ਮਾਤਾ ਜੀ ਪਰ ਹੀ ਨਿਰਭਰ ਸੀ। ਆਪ ਦੇ ਟਹਿਲੂਏ ਆਪ ਜੀ ਦਾ ਖਾਸ ਖਿਆਲ ਰਖਦੇ ਸਨ। ਇਕ ਦਿਨ ਆਪ ਸੁਬ੍ਹਾ ਬਾਹਰ ਜਾ ਕੇ ਇਉਂ ਸਮਾਧੀ ਲਗਾ ਕੇ ਬੈਠੇ, ਫਿਰ ਦਿਨ ਚੜ੍ਹੇ ਤਕ ਉਠੇ ਹੀ ਨਹੀਂ; ਫਿਰ ਦਿਨ ਚੜ੍ਹ ਗਿਆ, ਦੁਪਹਿਰ ਹੋਈ ਤੇ ਢਲ ਗਈ ਪਰ ਸਮਾਧੀ ਵਿਚ ਸੁਰਤੀ ਨੇ ਮੋੜ ਨਹੀਂ ਖਾਧਾ, ਰਾਤ ਪਈ ਤੇ ਲੰਘ ਗਈ। ਸੁਬ੍ਹਾ ਦੋ ਵਜੇ ਉਠ ਕੇ ਸੌਚ ਇਸ਼ਨਾਨ ਕਰਕੇ ਫਿਰ ਜਪੁਜੀ ਸਾਹਿਬ ਮਸਾਂ ਹੀ ਪੜ੍ਹ ਸਕੇ। ਸੁਰਤ ਬਾਹਰ ਆਇਆਂ ਦੁਖ ਤੇ ਕਲਪਨਾ ਵਧਦੀ ਸੀ, ਸੋ ਫਿਰ ਸਮਾਧੀ ਲਗਾ ਕੇ ਬੈਠ ਗਏ। ਤੀਸਰੇ ਦਿਨ ਸੁਬ੍ਹਾ ਇਕ ਜ਼ਿਮੀਦਾਰ, ਜੋ ਦੋ ਦਿਨ ਤੋਂ ਬਰਾਬਰ ਪਹਿਰੇ ਦੇ ਕੇ ਤਕਦਾ ਰਿਹਾ ਸੀ, ਤੀਸਰੇ ਦਿਨ ਇਸਨੇ ਘਰੋਂ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਉਥੇ ਚੋਅ ਦੇ ਕਿਨਾਰੇ ਪੁਜਾ ਜਿਥੇ ਬਾਬਾ ਜੀ ਬੈਠੇ ਸਨ। ਇਹ ਪੱਕਾ ਨਿਸਚਾ ਕਰ ਲਿਆ ਕਿ ਜੇ ਅੱਜ ਵੀ ਬਾਬਾ ਜੀ ਨੇ ਪ੍ਰਸ਼ਾਦਿ ਨ ਛਕਿਆ, ਤਦ ਮੈਂ ਵੀ ਉਨ੍ਹਾਂ ਦੇ ਕੋਲੋਂ ਨਹੀਂ ਜਾਵਾਂਗਾ ਤੇ ਕੋਈ ਵੀ ਪ੍ਰਸ਼ਾਦਿ ਆਹਾਰ ਨਹੀਂ ਕਰਾਂਗਾ। ਜਦੋਂ ਉਸ ਪ੍ਰੇਮੀ ਨੂੰ ਪੁਜੇ ਦੋ ਘੰਟੇ ਹੀ ਬੀਤੇ ਸਨ ਕਿ ਬਾਬਾ ਜੀ ਨੇ ਨੇਤਰ ਖੋਹਲ ਕੇ ਕਿਹਾ, 'ਲਿਆਉ ਗੁਰਮੁਖੋ ਪ੍ਰਸ਼ਾਦਿ ਛਕੀਏ।' ਅਸਾਂ ਨਿਸਚਾ ਕੀਤਾ ਸੀ ਕਿ ਬਗੈਰ ਅਨਾਜ ਤੋਂ ਹੀ ਲੰਬੇ ਸਮੇਂ ਤਕ ਨਿਰਅਹਾਰ ਸਮਾਧੀ ਦਾ ਅਨੰਦ ਮਾਣਾਂਗੇ। ਪਰ ਅੱਜ ਤੁਸੀਂ ਜਦੋਂ ਘਰ ਸ੍ਰੀ ਮਤੀ ਨੂੰ ਇਹ ਕਹਿ ਕੇ ਪ੍ਰਸ਼ਾਦਿ ਤਿਆਰ ਕਰਵਾਇਆ ਕਿ ਇਹ ਕੇਵਲ ਸਾਡੇ ਹੀ ਨਮਿੱਤ ਹੈ, ਤਦ ਉਸ ਤੁਹਾਡੇ ਪ੍ਰੇਮ ਭਾਵਨਾ ਤੇ ਪਿਆਰ ਨੇ ਹੀ ਸਾਡੀ ਭਾਵਨਾ ਵੀ ਤਬਦੀਲ ਕਰ ਦਿਤੀ। ਸੋ ਸਿਮਰਨ ਤੇ ਸਾਧਨ ਨਾਲ ਇਸ ਸਰੀਰ ਨੂੰ ਤਕੜਾ ਅਰੋਗ ਤੇ ਨਿਰ-ਆਰਥਕ ਹੀ ਕੀਤਾ ਜਾ ਸਕਦਾ ਏ। ਪ੍ਰਸ਼ਾਦਿ ਛਕਿਆ, ਤਦ ਇਸ ਨੌਜਵਾਨ ਨੇ ਹੱਥ ਬੰਨ੍ਹ ਕੇ ਕਿਹਾ, "ਹੇ

ਰੱਬ ਰੂਪ ਬਾਬਾ ਜੀ, ਮੇਰੇ ਪਰ ਮੇਹਰ ਕਰੋ; ਘਰ ਅੰਦਰ ਹਰ ਇਕ ਘਾਟ ਹੈ, ਜ਼ਮੀਨ ਥੋੜੀ ਹੈ, ਘਰ ਵਾਲੀ ਰੋਗੀ ਹੈ, ਘਰ ਕੋਈ ਸੰਤਾਨ ਨਹੀਂ, ਪੈਸੇ ਘਟ ਹੀ ਘਰ ਵੜਦੇ ਸਨ; ਇਹ ਗ੍ਰਿਹਿਸਤ ਤਾਂ ਇਸ ਤਰ੍ਹਾਂ ਨਿਰਾ ਹੀ ਦੋਜ਼ਖ ਦਾ ਘਰ ਹੈ।" ਬਾਬਾ ਜੀ ਨੇ ਤਰਸ ਕਰਕੇ ਕਿਹਾ, "ਅਸੀਂ ਤਾਂ ਬਾਬੇ ਦੇ ਦਰ ਦੇ ਟਹਿਲੂਏ ਹਾਂ। ਸੱਚਾ ਪਾਤਸ਼ਾਹ ਮੇਹਰ ਕਰੇ, ਤਦ ਸਾਡੀ ਇਹ ਅਰਦਾਸ ਪ੍ਰਵਾਨ ਕਰੇ ਕਿ ਕੋਈ ਵੀ ਦੁਖੀ ਤੇ ਕਲਪਦਾ ਹੋਇਆ ਮਨੁਖ ਸਾਡੇ ਨਜ਼ਰੀ ਨ ਪਵੇ; ਜੇਕਰ ਦੁਖੀ ਆਵੇ, ਸੁਖੀ ਹੋ ਕੇ ਘਰ ਨੂੰ ਜਾਵੇ।" ਇਹ ਰੋਗੀ ਤੇ ਦੁਖੀ ਸੰਸਾਰ ਸ਼ਾਂਤ, ਸੁੰਦਰ ਤੇ ਸੁਖੀ ਹੋਵੇ; ਇਹ ਕੋਈ ਸੱਚਾ ਸਿੱਖ ਅਰਦਾਸ ਕਰ ਤੇ ਸੋਚ ਸਕਦਾ ਹੈ। ਸਰਬ ਵਿਆਪੀ ਕਲਿਆਣ ਦਾ ਮਾਰਗ ਗੁਰੂ ਬਾਬੇ ਨੇ ਸਾਨੂੰ ਦਿਤਾ ਹੈ, ਜੋ ਗ੍ਰਹਿਣ ਕਰਕੇ ਆਪ ਤੇ ਸੰਗੀ ਸਾਥੀ ਸੁਖੀ ਰਖ ਸਕੀਦੇ ਹਨ – ਸੋ ਜਾਉ ਵਾਹਿਗੁਰੂ ਮੇਹਰ ਕਰੇਗਾ।

ਇਸ ਪਿਛੋਂ ਇਹ ਰੋਜ਼ ਹੀ ਸੇਵਾ ਕਰਦਾ ਰਿਹਾ ਤੇ ਵਾਹਿਗੁਰੂ ਜੀ ਦੀ ਮੇਹਰ ਦਾ ਸਦਕਾ ਇਸ ਦੇ ਘਰ ਕੋਈ ਘਾਟ ਦੁਧ ਤੇ ਪੁਤ ਤੇ ਧਨ ਸੰਪਤੀ ਦੀ ਨਾ ਰਹੀ। ਇਹ ਸਦਾ ਲਈ ਘਰੋਂ ਸੁਖੀ ਹੋ ਕੇ ਨਾਮ ਸਿਮਰਨ ਵਾਲਾ ਹੋ ਗਿਆ।

ਜਦੋਂ ਪ੍ਰਸ਼ਾਦਿ ਛਕਾ ਕੇ ਇਹ ਜ਼ਿਮੀਦਾਰ ਘਰ ਜਾਣ ਲਗਾ, ਤਦ ਫਿਰ ਬਾਬਾ ਜੀ ਨੇ ਕਿਹਾ, "ਜਿਸ ਤਰ੍ਹਾਂ ਤੁਹਾਡਾ ਮੇਰੀ ਤਕਲੀਫ ਤਕ ਕੇ ਮਨ ਦੁਖੀ ਹੁੰਦਾ ਸੀ, ਉਹ ਤਿੰਨ ਦਿਨ ਬਰਾਬਰ ਹੀ ਅੰਦਰਲੀਆਂ ਅੱਖਾਂ ਨਾਲ ਤਕਦਾ ਰਿਹਾਂ ਹਾਂ। ਕਿਸੇ ਦੁਖੀ ਤੇ ਆਤਰ ਨੂੰ ਸੁਖੀ ਕਰਨ ਵਿਚ ਕਿਤਨਾ ਕੁਝ ਅਨੰਦ ਹੈ, ਇਹ ਮੈਂ ਅੱਜ ਤੁਹਾਡੀ ਆਤਮਾ ਤੇ ਮਨ ਦੀ ਅਵਸਥਾ ਤਕ ਕੇ ਹੀ ਅੰਦਾਜ਼ਾ ਕਰ ਸਕਿਆ ਹਾਂ। ਸੋ ਇਸੇ ਤੁਹਾਡੇ ਦੁਖ ਦੇ ਸਦਕੇ ਹੀ ਮੇਰੀ ਸੋਚ ਧਾਰਾ ਮੁਢੋਂ ਹੀ ਬਦਲ ਗਈ ਹੈ। ਹੁਣ ਨਾਮ ਦੀ ਟੇਕ ਅੰਦਰ ਰਖ ਕੇ ਲੋਕਾਂ ਦੇ ਦੁਖ ਹਰਨ ਹਿਤ ਤੇ ਲੋਕਾਂ ਦੀਆਂ ਭਾਵਨਾਵਾਂ ਉਚੀਆਂ ਤੇ ਮਹਾਨ ਬਨਾਣ ਹਿਤ ਫਿਰ ਪੰਜਾਬ ਦਾ ਆਪਣਾ ਮਹਾਨ ਰਾਸ਼ਟਰ ਬਣਾਨ ਹਿਤ, ਸਾਰਾ ਹੀ ਜੀਵਨ ਬਤੀਤ ਕਰਾਂਗਾ। ਇਹ ਸਾਰਾ ਜੀਵਨ ਤੇ ਇਸਦਾ ਹਰ ਸਵਾਸ ਹੁਣ ਦੇਸ਼ ਤੇ ਕੌਮ ਲਈ ਹੀ ਅਰਪਨ ਕਰਾਂਗਾ।"

### ਬਾਬਾ ਖੁਦਾ ਸਿੰਘ ਜੀ

ਜੇ ਕੋਈ ਅਜ ਵੀ ਪੜਤਾਲ ਕਰੇ, ਤਦ ਇਹ ਸਾਫ ਹੀ ਦਿਸੇਗਾ ਕਿ ਜ਼ਿਲਾ ਅੰਬਾਲਾ ਤੇ ਫਿਰ ਜ਼ਿਲਾ ਕਰਨਾਲ ਤੇ ਜਗਾਧਰੀ ਆਦਿਕ ਹਲਕਿਆਂ ਅੰਦਰ ਜਿਤਨੀਆਂ ਸਰਕਾਰੀ ਜਾਗੀਰਾਂ ਹਨ ਉਹ ਸਿੰਘਾਂ ਨੇ ਬਾਰਾਂ ਮਿਸਲਾਂ ਤੇ ਬਾਬਾ ਬੰਦਾ ਸਿੰਘ ਜੀ ਦੇ ਸਮੇਂ ਹੀ "ਜਾਗੀਰ ਬਜ਼ੋਰ ਸ਼ਮਸ਼ੀਰ," ਇਹ ਗੱਲ ਮਿਸਲ ਹਕੀਕਤ ਅੰਦਰ ਮਿਸਲ ਨਿਸ਼ਾਨਚੀਆਂ ਦੇ ਮੋਢੀ ਬਾਬਾ ਕਰਮ ਸਿੰਘ ਜੀ ਨਿਰਮਲਾ ਦੀ ਜਾਗੀਰ ਬਾਰੇ ਲਿਖੀ ਹੈ ਜਿਸ ਦੇ ਵਾਰਸ ਅਜਕਲ ਵੀ ਸਰਦਾਰ ਸ਼ਮਸ਼ੇਰ ਸਿੰਘ ਜੀ ਸ਼ਾਹਬਾਦ ਹਨ। ਇਸੇ ਹੀ ਜਗ੍ਹਾ ਇਕ ਵੱਡੇ ਜਾਗੀਰਦਾਰ ਸ਼ਾਮਗੜ੍ਹ ਨਗਰ ਦੇ ਹਨ ਜੋ ਅੱਜ ਤਾਂ ਮਲਕੀਅਤੀ ਜਾਗੀਰ ਹਜ਼ਾਰਾਂ ਵਿਘੇ ਦੇ ਮਾਲਕ ਹਨ ਪਰ ਉਸ ਸਮੇਂ ਇਹ ਸਾਰਾ ਨਗਰ ਹੀ ਸਰਦਾਰ ਦੇ ਕਿਲੇ ਦੇ ਮਤੈਹਤ ਸੀ। ਨਗਰ ਦੇ ਲੋਕ ਹਰ ਤਰ੍ਹਾਂ ਨਾਲ ਸਰਦਾਰ ਦਾ ਮਾਣ ਤੇ ਸਤਿਕਾਰ ਹੀ ਨਹੀਂ ਸਗੋਂ ਇਹਨਾਂ ਦੀ ਮਹਾਰਾਜੇ ਜਾਣ ਕੇ ਸੇਵਾ ਤੇ ਪੂਜਾ ਕਰਦੇ ਸਨ। ਇਕ ਵਾਰੀ ਬਾਬਾ ਸਾਹਿਬ ਸਿੰਘ ਜੀ ਦਿੱਲੀ ਨੂੰ ਜਾਂਦੇ ਹੋਏ ਇਸ ਸ਼ਾਮਗੜ੍ਹ ਨਗਰ ਅੰਦਰ ਠਹਿਰੇ। ਸਰਦਾਰਾਂ ਨੇ ਦਿਲੋਂ ਸੇਵਾ ਕੀਤੀ,



ਰਾਤ ਸਮੇਂ ਸਤਿਸੰਗ ਦਾ ਰਸ ਲਗਾ ਰਿਹਾ। ਦੂਸਰੇ ਦਿਨ ਜਦੋਂ ਬਾਬਾ ਜੀ ਵਿਦਾ ਹੋਣ ਲਗੇ, ਤਦ ਇਥੋਂ ਦੇ ਵੱਡੇ ਸਰਦਾਰ ਨੇ ਪ੍ਰਾਰਥਨਾ ਕੀਤੀ, "ਬਾਬਾ ਜੀ, ਮੇਰੇ ਘਰ ਕੋਈ ਸੰਤਾਨ ਨਹੀਂ, ਸੋ ਮੇਹਰ ਕਰੋ ਤੇ ਬਚਨ ਕਰੋ ਤਾਂ ਕਿ ਮੇਰਾ ਇਹ ਘਰ ਵਸਦਾ ਹੋ ਜਾਏ। ਬਚੇ ਬਿਨਾਂ ਘਰ ਸੁੰਨਾ ਸੁੰਨਾ ਦਿਸਦਾ ਹੈ।" ਬਾਬਾ ਜੀ ਨੇ ਅਰਦਾਸੀਏ ਨੂੰ ਅਰਦਾਸ ਕਰਨ ਲਈ ਹੁਕਮ ਕੀਤਾ। ਸੋ ਅਰਦਾਸੀਏ ਸਿੰਘ ਨੇ ਅਰਦਾਸ ਕੀਤੀ, ਕਿ "ਸੱਚੇ ਪਾਤਸ਼ਾਹ! ਸਰਦਾਰ ਨੱਥਾ ਸਿੰਘ ਜੀ ਨੂੰ ਸਪੁਤਰ ਦੀ ਦਾਤ ਬਖਸ਼ੋ।" ਅਰਦਾਸ ਪਿਛੋਂ ਬਾਬਾ ਜੀ ਫਿਰ ਹਸ ਪਏ ਤੇ ਕਹਿਣ ਲਗੇ, "ਭਾਈ ਨੱਥਾ ਸਿੰਘ! ਸਪੁਤਰ ਤਾਂ ਹੋ ਜਾਏਗਾ ਪਰ ਹੋਊਗਾ ਸਾਡੇ ਜੋਗਾ। ਜਿੰਨਾ ਚਿਰ ਘਰ ਰਿਹਾ, ਬੜਾ ਰੁਤਬਾ ਪਾਏਗਾ, ਪਰ ਜਿਸ ਤਰ੍ਹਾਂ ਕੋਇਲ ਦੇ ਬਚੇ ਵਡੇ ਹੋ ਕੇ ਕੋਇਲ ਦੀ ਅਵਾਜ਼ ਨੂੰ ਸੁਣ ਕੇ ਪਾਲਣਹਾਰ ਮਾਂ ਕੌਣੀ ਨੂੰ ਛੱਡ ਜਾਂਦੇ ਹਨ, ਉਸੇ ਤਰ੍ਹਾਂ ਇਹ ਬੱਚਾ ਵੱਡਾ ਹੋ ਕੇ ਆਪਣੇ ਅਸਲੇ ਨੂੰ ਪਛਾਣ ਜਾਏਗਾ। ਫਿਰ ਇਹ ਸਦਾ ਲਈ ਹੀ ਸਾਡੇ ਜੋਗਾ ਹੋ ਕੇ ਰਹਿ ਜਾਏਗਾ। ਇਹ ਇਕ ਐਸਾ ਉਤਮ ਪੁਰਸ਼ ਤੇ ਕਰਣੀ ਦਾ ਪ੍ਰਧਾਨ ਰੱਬ ਲੋਕ ਹੋਵੇਗਾ ਕਿ ਹਰ ਪਾਸੇ ਵਿਜਈ ਹੋ ਕੇ ਆਵੇਗਾ। ਇਸ ਬੱਚੇ ਰਾਹੀਂ ਤੁਹਾਡੀ ਕੁਲ ਦਾ ਉਧਾਰ ਹੋਵੇਗਾ। ਸਾਡੀ ਸੰਪਰਦਾਏ ਵੀ ਉਸਦੀ ਮਹਾਨ ਸ਼ਖਸ਼ੀਅਤ ਪਰ ਮਾਨ ਕਰਕੇ ਗਰਦਨ ਉਚੀ ਕਰਕੇ ਤੁਰ ਸਕੇਗੀ।"

ਇਸ ਸੁਭਾਗ ਟੱਬਰ ਵਿਚੋਂ ਕਰਮਵਾਨ ਬਚਾ ਪੈਦਾ ਹੋਇਆ, ਵਿਦਿਆ ਪ੍ਰਾਪਤ ਕੀਤੀ, ਥਾਨੇ ਇੰਦ੍ਰੀ ਦਾ ਥਾਨੇਦਾਰ ਬਣਿਆ, ਫਿਰ ਬਾਬਾ ਬੀਰ ਸਿੰਘ ਸਾਹਿਬ ਦਾ ਸੇਵਕ ਬਣ ਕੇ ਊਨੇ ਬਾਬਾ ਜੀ ਪਾਸ ਵੀ ਰਿਹਾ ਤੇ ਘਰ ਬਾਰ ਤਿਆਗ ਕੇ ਕਾਬਲ ਦੇ ਸ਼ਾਹ ਸਾਹਵੇਂ ਪ੍ਰਤੱਖ ਕਰਾਮਾਤਾਂ ਤੇ ਮਹਾਨ ਸ਼ਕਤੀਆਂ ਆਪ ਮੁਹਾਰੇ ਹੀ ਪ੍ਰਗਟ ਹੋ ਗਈਆਂ।

ਜਦੋਂ ਇਹਨਾਂ ਤੋਂ ਨਾਮ ਪੁਛਿਆ, ਤਦ ਇਨ੍ਹਾਂ ਨੇ ਨਾਮ ਖੁਦਾ ਸਿੰਘ ਦਸਿਆ ਤੇ ਰਿਹਾਇਸ਼ੀ ਮੁਕਾਮ ਬਹਿਸ਼ਤ ਦਸਿਆ। ਇਸੇ ਹੀ ਕਰਕੇ ਇਹ ਪਿਛੋਂ ਖ਼ੁਦਾ ਸਿੰਘ ਪ੍ਰਸਿੱਧ ਹੋਏ। ਇਸ ਤਰ੍ਹਾਂ ਇਹਨਾਂ ਦਾ ਨਾਮ ਬਾਬਾ ਖ਼ੁਦਾ ਸਿੰਘ ਮਸ਼ਹੂਰ ਹੋ ਗਿਆ ਤੇ ਸਿਖ ਸੰਸਾਰ ਦਾ ਇਕ ਮਹਾਨ, ਰੌਸ਼ਨ ਤੇ ਚਮਕਦਾ ਸਤਾਰਾ ਬਣੇ।

### ਮਹਾਰਾਜ ਰਣਜੀਤ ਸਿੰਘ ਨੂੰ ਤਖਤ ਸੌਂਪਣਾ

ਬਾਬਾ ਜੀ ਰਾਵਲਪਿੰਡੀ ਆਦਿਕ ਥਾਵਾਂ ਤੇ ਕਾਰ ਭੇਟ ਲੈ ਕੇ ਮੁੜ ਰਹੇ ਸਨ ਕਿ ਉਹਨਾਂ ਨੇ ਸੁਣਿਆਂ ਕਿ ਸ਼ੁਕਰਚਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਗੁਜਰਾਂਵਾਲਾ ਅਕਾਲ ਚਲਾਣਾ ਕਰ ਗਏ ਹਨ ਤੇ ਉਹਨਾਂ ਦੇ ਸਪੁਤ੍ਰ ਰਣਜੀਤ ਸਿੰਘ ਦੀ ਦਸਤਾਰ ਬੰਦੀ ਹੋਣੀ ਹੈ। ਡੂੰਘੀ ਦ੍ਰਿਸ਼ਟੀ ਦੇ ਮਾਲਕ ਬਾਬਾ ਜੀ ਨੇ ਪਹਿਲਾਂ ਹੀ ਤਕ ਲਿਆ ਕਿ ਇਹ ਬਾਲਕ ਹੀ ਕਲ੍ਹ ਨੂੰ ਪੰਜਾਬ ਦੇ ਮਹਾਨ ਰਾਸ਼ਟਰ ਦਾ ਨਿਰਮਾਤਾ ਹੋਵੇਗਾ। ਸੋ ਆਪ ਗੁਜਰਾਂਵਾਲੇ ਭੋਗ ਸਮੇਂ ਪੁਜੇ। ਜਦੋਂ ਰਾਜਮਾਤਾ ਨੇ ਇਹ ਗੱਲ ਸੁਣੀ ਕਿ ਕੌਮ ਦਾ ਮਹਾਨ ਆਗੂ ਤੇ ਧਾਰਮਕ ਸਥੰਭ ਬਾਬਾ ਸਾਹਿਬ ਸਿੰਘ ਜੀ ਆਏ ਹਨ ਤਦ ਉਹ ਪਰਦੇ ਛਡ ਕੇ ਪੁਤ੍ਰ ਨੂੰ ਨਾਲ ਲੈ ਬਾਬਾ ਜੀ ਦੀ ਸੇਵਾ ਵਿਖੇ ਹਾਜ਼ਰ ਹੋਈ ਤੇ ਇਹ ਬੇਨਤੀ ਕੀਤੀ, "ਹੇ ਬੇਦੀ ਕੁਲ ਭੂਸ਼ਨ! ਮੇਰਾ ਬਚਾ ਅਜੇ ਨਾਦਾਨ ਹੈ, ਮੇਰੀ ਸ਼ਕਤੀ ਅਜੇ ਕਮਜ਼ੋਰ ਹੈ। ਸੋ ਮੇਰੀ ਅਬਲਾ ਤੇ ਮਾਸੂਮ ਦੀ ਪ੍ਰਿਤਪਾਲਨਾ ਕਰੋ।" ਬਾਬਾ ਜੀ ਨੇ ਉਸੇ ਸਮੇਂ ਹੀ ਕਹਿ ਦਿਤਾ, "ਮਾਤਾ! ਤੇਰੇ ਪੁਤਰ ਦਾ ਰਾਹ ਤਾਂ ਸਿੰਧ ਨਦੀ ਵੀ ਨਹੀਂ ਰੋਕੇਗੀ, ਫਿਰ ਹੋਰ ਕੌਣ ਹੈ ਜੋ ਇਸਦੇ ਮੁਕਾਬਲੇ ਪਰ ਖੜੋ ਕੇ ਕਾਇਮ ਰਹਿ ਸਕੇ।" ਫਿਰ ਦਸਤਾਰ ਬੰਦੀ ਸਮੇਂ ਬਾਬਾ ਜੀ ਉਠੇ ਤੇ ਆਪਣੇ ਗਾਤਰੇ ਦੀ ਤਲਵਾਰ ਮਹਾਰਾਜਾ ਰਣਜੀਤ ਸਿੰਘ ਦੇ ਗਲ ਪਾ ਕੇ ਸਿਰ ਪਰ ਹੱਥ ਧਰ ਕੇ ਕਿਹਾ, "ਲੈ ਬਈ ਰਣਜੀਤ ਸਿੰਘਾ! ਤੂੰ ਸਭ ਨੂੰ ਫਤਹਿ ਕਰੇਂਗਾ। ਪਰ ਤੈਨੂੰ ਕੋਈ ਵੀ ਫਤਿਹ ਨਹੀਂ ਕਰੇਗਾ। ਤੇਰੀ ਛਾਂ ਹੇਠਾਂ ਸਭ ਹੀ ਪਲਣਗੇ, ਪਰ ਤੇਰੀ ਬਦੀ ਸੋਚਣ ਵਾਲਾ ਆਪ ਹੀ ਮਰ ਜਾਏਗਾ। ਜਾਹ, ਤੇਰੀ ਸੌਂਪਣਾ ਗੁਰੂ ਨੂੰ ਕੀਤੀ, ਤੇਰੀ ਰਾਖੀ ਮੇਰਾ ਨਾਨਕ ਨਿਰੰਕਾਰ ਕਰੇਗਾ।"

ਇਹ ਵਰਦਾਨ ਤੇ ਬਾਬੇ ਦੀ ਸ੍ਰੀ ਸਾਹਿਬ ਦੇਣ ਦੀ ਕਹਾਣੀ ਸੁਣ ਕੇ ਕਮਜ਼ੋਰ ਤੇ ਬੁਜ਼ਦਿਲ ਦੁਸ਼ਮਨ ਮੈਦਾਨ ਛਡ ਗਏ ਤੇ ਬਹਾਦਰ ਇਸਨੂੰ ਰਬ ਦੀ ਰਹਿਮਤ ਜਾਣ ਕੇ ਬ੍ਰਦਾਸ਼ਤ ਕਰਨ ਲਈ ਤਿਆਰ ਹੋ ਗਏ। ਉਹ ਰਣਜੀਤ ਸਿੰਘ ਨਾਲ ਮਿਲ ਗਏ।

### ਨਨਕਾਣੇ ਸਾਹਿਬ ਦਾ ਲੰਗਰ

ਇਕ ਵਾਰ ਬਾਬਾ ਜੀ ਸਤਿਗੁਰੂ ਨਾਨਕ ਦੀ ਜਨਮਭੂਮੀ ਨੂੰ ਪਰਸਣ ਹਿਤ ਨਨਕਾਣੇ ਸਾਹਿਬ ਗਏ। ਗੁਰਦਵਾਰੇ ਦਾ ਪ੍ਰਬੰਧ ਬਿਲਕੁਲ ਹੀ ਅਫਸੋਸਨਾਕ ਸੀ। ਉਸ ਸਮੇਂ ਅਜੇ ਨਾ ਹੀ ਚੰਗੀ ਇਮਾਰਤ ਸੀ ਤੇ ਨਾ ਹੀ ਕੋਈ ਆਈਆਂ ਸੰਗਤਾਂ ਹਿਤ ਲੰਗਰ ਦਾ ਪ੍ਰਬੰਧ ਹੀ ਸੀ। ਮੇਲੇ ਸਮੇਂ ਵੀ ਪ੍ਰਸ਼ਾਦਿ ਦੁਕਾਨਾਂ ਪਰ ਹੀ ਮਿਲਦਾ ਸੀ। ਇਹ ਸਾਰੀ ਗੱਲ ਤਕ ਕੇ ਆਪ ਬਹੁਤ ਦੁਖੀ ਹੋਏ। ਉਸ ਸਮੇਂ ਮਹੰਤ ਜੀ ਨਾਲ ਸਲਾਹ ਕੀਤੀ, ਉਨ੍ਹਾਂ ਨੂੰ ਲੰਗਰ ਚਾਲੂ ਕਰਨ ਹਿਤ ਇਕ ਹਜ਼ਾਰ ਰੁਪਏ ਪਾਸੋਂ ਦੇ ਕੇ ਆਏ। ਯਾਤਰੀਆਂ ਲਈ ਸਹੂਲਤਾਂ ਪੈਦਾ ਕਰਨ ਹਿਤ ਪ੍ਰੇਰਨਾ ਦਿਤੀ। ਇਥੋਂ ਹੀ ਆਪ ਜੀ ਲਾਹੌਰ ਆਏ। ਮਹਾਰਾਜਾ ਰਣਜੀਤ ਸਿੰਘ ਨੇ ਹੁਣ ਲਾਹੌਰ ਪਰ ਕਬਜ਼ਾ ਜਮਾ ਦਿਤਾ ਸੀ। ਚੌਹੀਂ ਪਾਸੀਂ ਉਸ ਦੀਆਂ ਧੁੰਮਾਂ ਸਨ, ਹਰ ਕੋਈ ਉਸ ਦੀ ਦੋਸਤੀ ਦਾ ਦਮ ਭਰਦਾ ਸੀ। ਸਤਲੁਜ ਤੋਂ ਲੈ ਕੇ ਪਿਸ਼ਾਵਰ ਦੀਆਂ ਉਪਰਲੀਆਂ ਵਸਤੀਆਂ, ਦਰਾ ਖ਼ੈਬਰ ਤਕ ਉਸ ਦੇ ਤਾਬੇ ਸਨ। ਇਸ ਸਮੇਂ ਉਹ ਬਾਬਾ ਜੀ ਨੂੰ ਪੂਰਨ ਸਤਿਕਾਰ ਨਾਲ ਮਿਲਿਆ ਤੇ ਕੋਈ ਸੇਵਾ ਟਹਿਲ ਪੁਛੀ। ਬਾਬਾ ਜੀ ਨੇ ਕਿਹਾ, "ਰਾਜਨ! ਕਿਤਨੇ ਦੁਖ ਦੀ ਗੱਲ ਹੈ ਕਿ ਸੇਵਕਾਂ ਦੇ ਸਭ ਪਾਸੇ ਪਦਾਰਥ ਹੋਣ, ਪਰ ਗੁਰੂ ਨਾਨਕ ਦਾ ਲੰਗਰ ਦਾਲ ਰੋਟੀ ਤੋਂ ਵੀ ਖਾਲੀ ਹੋਵੇ। ਜੇਕਰ ਅਸੀਂ ਧੰਨ ਗੁਰੂ ਨਾਨਕ ਦੀ ਜਨਮ ਨਗਰੀ ਅੰਦਰ ਵੀ ਭੁਖੇ ਨੂੰ ਰੋਟੀ ਨਹੀਂ ਦੇ ਸਕਦੇ, ਫਿਰ ਹੋਰ ਕਿਧਰੇ ਕੋਈ ਸਾਡੇ ਧਰਮ ਤੋਂ ਕੀ ਆਸ ਕਰੇਗਾ?"

ਮਹਾਰਾਜਾ ਰਣਜੀਤ ਸਿੰਘ ਜੀ ਨੇ ਉਸ ਸਮੇਂ ਹੁਕਮ ਕਰ ਦਿਤਾ ਕਿ ਬਾਬਾ ਸਾਹਿਬ ਸਿੰਘ ਜੀ ਜਿਥੋਂ ਤਕ ਘੋੜਾ ਫੇਰ ਲੈਣ, ਉਹ ਜਾਗੀਰ ਗੁਰਦਵਾਰਾ ਨਨਕਾਣਾ ਸਾਹਿਬ ਦੇ ਨਾਮ ਕਰ ਦਿਤੀ ਜਾਵੇ। ਬਾਬਾ ਜੀ ਨੇ ਨਨਕਾਣੇ ਸਾਹਿਬ ਦੇ ਉਦਾਲੇ ਘੋੜਾ ਫੇਰਿਆ, ਉਸ ਦੀ ਹਜ਼ਾਰਾਂ ਵਿਘੇ ਧਰਤੀ ਹੁਣ ਤਕ ਇਸ ਗੁਰਦਵਾਰੇ ਦੇ ਲੰਗਰ ਨਾਲ ਹੈ ਜੋ ਬਾਬਾ ਸਾਹਿਬ ਸਿੰਘ ਜੀ, ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਉਦਾਰਤਾ ਤੇ ਗੁਰੂ ਪਿਆਰ ਦਾ ਚਿੰਨ੍ਹ ਹੈ।

ਲੰਗਰ ਅਰੰਭ ਕਰਨ ਸਮੇਂ ਬਾਬਾ ਜੀ ਨੇ ਫੁਰਮਾਇਆ ਸੀ, "ਸਾਡੇ ਗੁਰਦੇਵ ਸੰਗਤ ਤੇ ਪੰਗਤ ਦੋਹਾਂ ਹੀ ਰੂਪਾਂ ਵਿਚੋਂ ਪ੍ਰਗਟ ਹੁੰਦੇ ਹਨ, ਜਿਥੇ ਸੰਗਤ ਹੈ ਪਰ ਪੰਗਤ ਦੀ ਅਭੇਦਤਾ ਤੇ ਅਦਵੈਦਤਾ ਨਹੀਂ ਹੈ, ਜਿਥੇ ਬਗੈਰ ਵਿਤਕਰੇ ਗੁਰੂ ਦੇ ਸਿੰਘ ਇਕ ਪਿਤਾ ਦੇ ਪੁਤਰਾਂ ਵਾਂਗ ਸੰਗਤ ਪੰਗਤ ਦੇ ਸਾਂਝੇ ਨਹੀਂ ਹਨ, ਉਹ ਧਰਮਸ਼ਾਲਾ ਨਹੀਂ ਹੈ, ਉਹ ਪਾਪਸ਼ਾਲਾ ਹੈ।" ਇਹ ਮਹਾਨ ਪਵਿਤਰ ਜੋੜ ਗੁਰੂ ਨਾਨਕ ਦੇ ਘਰ ਤੋਂ ਬਿਨਾਂ ਹੋਰ ਕਿਧਰੇ ਨਹੀਂ ਹੈ। ਗੁਰੂ ਨਾਨਕ ਸਚੇ ਪਾਤਸ਼ਾਹ ਦੀ ਪਰਖ ਹਿਤ ਸਿੱਧਾਂ ਨੇ ਇਕ ਵਾਰ ਤਿਲਾਂ ਦਾ ਦਾਣਾ ਭੇਟ ਕਰ ਦਿਤਾ ਸੀ ਕਿ ਤਕੋ, ਇਹ ਸੰਗਤ ਨੂੰ ਸਾਂਝਾ ਕਿਵੇਂ ਵੰਡੇਗਾ। ਜੇਕਰ ਇਹ ਇਕੱਲੇ ਨੂੰ ਦਿਤਾ। ਤਦ ਕਾਣੀ ਤੇ ਵਿਤਕਰੇ ਭਰੀ ਵੰਡ ਹੋਈ। ਪਰ ਜੇਕਰ ਇਹ ਬੇਕਾਰ ਹੀ ਸੁਟ ਦਿਤਾ ਤਦ ਉਹ ਭਗਤ ਦੇ ਭੇਟ ਕਰਨ ਦੀ ਭਾਵਨਾ ਅੰਦਰ ਫਰਕ ਪੈ ਗਿਆ। ਸੋ ਸਤਿਗੁਰਾਂ ਨੇ ਇਹ ਤਿਲ ਰਗੜ ਕੇ ਸਰਦਾਈ ਅੰਦਰ ਸੰਗਤ ਨੂੰ ਪਿਲਾ ਦਿਤਾ ਤੇ ਸਿੱਖਾਂ ਨੂੰ ਕਿਹਾ, "ਇਥੇ ਤਾਂ ਮੁਢਲੇ ਅਸੂਲ ਦੀ ਗੱਲ ਹੈ। ਵੰਡ ਖਾਣਾ, ਤੇ ਨਾਮ ਜਪਣਾ ਇਹੀ ਧਰਮ ਦੀ ਪਹਿਲੀ ਪਉੜੀ ਹੈ।" ਜੋ ਧਰਮ ਦੀ ਕਿਰਤ ਕਰਕੇ ਵੰਡ ਕੇ ਨਹੀਂ ਖਾਂਦਾ, ਉਹ ਅਭਿਆਸੀ ਤੇ ਫਿਰ ਆਤਮ ਗਿਆਨ ਤਤਵੇਤਾ ਹੋ ਨਹੀਂ ਸਕਦਾ। ਇਸੇ ਕਰਕੇ ਹੀ ਸਿਖਾਂ ਦੀ ਰੋਜ਼ਾਨਾ ਅਰਦਾਸ ਅੰਦਰ ਆਉਂਦਾ ਹੈ, "ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਧਰਮ ਦੀ ਕਿਰਤ ਕੀਤੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ" ਲੰਗਰ ਬਾਰੇ ਆਪ ਜੀ ਸੰਗਤ ਨੂੰ ਆਮ ਕਿਹਾ ਕਰਦੇ ਸਨ, "ਇਥੇ ਹਰ ਕਿਸਮ ਦੇ ਵਿਚਾਰ ਇਕੋ ਜਗ੍ਹਾ ਸਰੀਰਕ ਦੁਖ ਮਿਟਾਂਦੇ ਹਨ, ਇਹ ਵੀ ਸੰਗਤ ਵਾਂਗ ਹਰੀ ਕੀਰਤਨ ਅੰਦਰ ਜੁੜਨ ਦੀ ਤਰ੍ਹਾਂ ਹੀ ਦੂਸਰਾ ਰੂਪ ਹੈ, ਉਥੇ ਆਤਮਾਵਾਂ ਦਾ ਅੰਤ੍ਰੀਵ ਮੇਲ ਹੈ। ਇਥੇ ਪੇਟ ਤੋਂ ਤ੍ਰਿਪਤ ਹੋ ਕੇ ਫਿਰ ਮਨੁਖੀ ਏਕਤਾ ਦੀਆਂ ਨੀਹਾਂ ਪੱਕੀਆਂ ਕਰਨ ਹਿਤ ਸਮਾਜਕ ਏਕਤਾ ਪੈਦਾ ਹੋ ਕੇ ਦੁਬਿਧਾ, ਦਵੈਤ, ਵੱਡਾ-ਛੋਟਾ, ਊਚ-ਨੀਚ ਤੇ ਰਾਣਾ-ਰੰਕ ਦੇ ਬੁਨਿਆਦੀ ਭੇਦ ਭਾਵ ਮੁਢੋਂ ਹੀ ਮਿਟ ਜਾਂਦੇ ਹਨ।"

ਸਿੱਖ ਕੌਮ ਸ਼ਾਇਦ ਸੰਸਾਰ ਦੀ ਪਹਿਲੀ ਕੌਮ ਹੈ, ਜਿਸ ਦੇ ਧਾਰਮਿਕ ਅਦਾਰਿਆਂ ਨਾਲ ਲੰਗਰ ਹੋਣਾ ਇਕ ਧਾਰਮਕ ਅੰਗ ਮੰਨਿਆ ਜਾਂਦਾ ਹੈ। ਜੋ ਸਾਧੂ ਸਿਖ ਜਾਂ ਸੰਤ ਆਪਣੇ ਗੁਰਦਵਾਰੇ ਅੰਦਰ ਲੰਗਰ ਨਹੀਂ ਲਗਾਂਦਾ, ਉਹ ਸਿਖੀ ਦੇ ਮੁਢਲੇ ਤੇ ਮਹਾਨ ਅਸੂਲਾਂ ਦਾ ਵਿਰੋਧੀ ਹੈ। ਜਿਨ੍ਹਾਂ ਆਧਾਰ ਸਿਲਾਂ ਪਰ ਇਹ ਕੌਮ ਖੜ੍ਹੀ, ਸਿਖ ਇਹ ਗਲ ਮੁਢ ਅੰਦਰ ਹੀ ਮੰਨਦਾ ਹੈ ਕਿ ਅੰਮ੍ਰਿਤਪਾਨ ਕਰਨ ਸਮੇਂ ਉਸ ਨੇ ਜੋ ਸੁਗੰਧ ਚੁਕੀ, ਉਹ ਕੇਵਲ ਰਸਮੀ, ਜਾਂ ਫਿਰ ਨਾਮ ਮਾਤਰ ਨਹੀਂ ਹੈ, ਸਗੋਂ ਇਹ

ਤਾਂ ਮੁਢੋਂ ਹੀ ਪ੍ਰਵਾਨ ਕਰਨਾ ਹੈ ਕਿ ਮੇਰਾ ਤਨ ਮਨ ਧਨ ਗੁਰੂ ਦਾ ਹੈ ਤੇ ਉਸੇ ਦਾ ਹੀ ਆਸਰਾ ਤੇ ਟੇਕ ਲੈ ਕੇ ਉਸਦੀ ਰਜ਼ਾ ਦਾ ਬੰਦਾ ਹੋ ਕੇ ਸਭੋ ਕੁਝ ਸਤਿਗੁਰੂ ਜੀ ਤੋਂ ਵਾਰਨ ਨੂੰ ਤਿਆਰ ਰਹਿੰਦਾ ਹੈ। ਇਸੇ ਕਰਕੇ ਜਿਥੇ ਲੰਗਰ ਵਰਤੇਗਾ, ਕਦੇ ਵੀ ਕਿਤੇ ਘਾਟਾ ਜਾਂ ਥੁੜ ਨਹੀਂ ਪ੍ਰਤੀਤ ਦਿਤੀ। ਇਹ ਇਕ ਤਰ੍ਹਾਂ ਨਾਲ ਸ੍ਰੀ ਕਲਗੀਧਰ ਮਹਾਰਾਜ ਦੀ ਇਕ ਮਹਾਨ ਕਰਾਮਾਤ ਨਹੀਂ ਤਦ ਹੋਰ ਕੀ ਹੈ ਕਿ ਬਗੈਰ ਕਿਸੇ ਦੀਆਂ ਮਿੰਨਤਾਂ ਖੁਸ਼ਾਮਦਾਂ ਕੀਤੇ ਤੋਂ ਹੀ ਹਰ ਛੋਟੇ ਮੋਟੇ ਅਸਥਾਨ ਪਰ ਕਿਸੇ ਲੋੜਵੰਦ ਨੂੰ ਕਦੇ ਭੁਖਾ ਨਹੀਂ ਰਹਿਣ ਦੇਂਦੀ। ਸੋ ਨਨਕਾਣੇ ਸਾਹਿਬ ਲੰਗਰ ਦੀ ਸਥਾਪਨਾ ਬਾਬਾ ਸਾਹਿਬ ਸਿੰਘ ਜੀ ਦੀ ਅਮਰ ਯਾਦ ਤੇ ਉਨ੍ਹਾਂ ਦੀ ਸੰਪ੍ਰਦਾਇ ਦੇ ਲੋਕਾਂ ਲਈ ਅਮਰ ਮਾਣ ਦੇਣ ਵਾਲੀ ਗੱਲ ਹੈ।

### ਬੁੱਚੜਾਂ ਵਿਰੁਧ ਜਹਾਦ

ਬਾਬਾ ਜੀ ਪੁਰਾਤਨ ਵਿਚਾਰਾਂ ਤੇ ਨਿਰਭਰ ਸਨ। ਉਹ ਸਦਾ ਹੀ ਸਨਾਤਨੀ ਵਿਚਾਰਾਂ ਦੀ ਪੁਸ਼ਟੀ ਕਰਦੇ ਸਨ। ਹੋਰ ਵਿਚਾਰ ਧਾਰਾਵਾਂ ਨਾਲ ਇਕ ਇਹ ਵੀ ਸੀ ਕਿ ਗਊ ਇਕ ਪਾਵਨ ਪਵਿਤਰ ਤੇ ਅਤਿ ਲੋੜੀਂਦਾ ਜਾਨਵਰ ਹੈ। ਇਸ ਦਾ ਘਾਤਕ ਸਾਡਾ ਧਾਰਮਕ ਵਿਰੋਧੀ ਹੈ। ਭਾਵੇਂ ਭਾਰਤ ਅੰਦਰ ਮੁਸਲਿਮ ਰਾਜ ਦੇ ਹੁੰਦੇ ਗਊ ਕਸ਼ੀ ਹੁੰਦੀ ਰਹੀ ਸੀ ਤੇ ਅੰਗਰੇਜ਼ ਨੇ ਵੀ ਇਸ ਨੂੰ ਪਕਿਆਂ ਕਰ ਦਿਤਾ ਤਾਂ ਕੇਵਲ ਹਿੰਦੂਆਂ ਅੰਦਰ ਹੀ ਗਊ ਕਸ਼ੀ ਦੀ ਮਨਾਹੀ ਸੀ ਪਰ ਨਿਰੋਲ ਮੁਸਲਿਮ ਹਲਕਿਆਂ ਅੰਦਰ ਇਹ ਹੁੰਦੀ ਹੀ ਰਹਿੰਦੀ ਸੀ। ਫੂਲਕੀਆਂ ਸਿਖ ਰਿਆਸਤਾਂ ਅੰਦਰ ਵੀ ਗਊ ਕਸ਼ੀ ਬੰਦ ਸੀ। ਪਰ ਮਲੇਰਕੋਟਲੇ ਤੇ ਜ਼ਿਲਾ ਲੁਧਿਆਣੇ ਦੀਆਂ ਕਈ ਬਸਤੀਆਂ, ਜੋ ਹੁਣ ਅੰਗਰੇਜ਼ ਦੀ ਅਮਲਦਾਰੀ ਵਿਚ ਸਨ, ਇਹ ਆਮ ਹੁੰਦੀ ਸੀ।

ਬਾਬਾ ਜੀ ਪਾਸ ਹਰ ਤਰ੍ਹਾਂ ਦੇ ਸ਼ਸ਼ਤਰ ਸਨ। ਸਰਕਾਰ ਲਾਹੌਰ ਨੇ ਇਨ੍ਹਾਂ ਨੂੰ ਜਿੰਨੇ ਵੀ ਚਾਹੁਣ ਹਥਿਆਰ ਰੱਖਣ ਦੀ ਖੁਲ੍ਹ ਦਿਤੀ ਹੋਈ ਸੀ। ਸੋ ਇਸ ਤਰ੍ਹਾਂ ਇਹਨਾਂ ਪਾਸ ਭੇਟਾ ਵਜੋਂ ਆਏ ਤੇ ਆਪਣੇ ਤਿਆਰ ਕਰਵਾਏ ਵੱਡੇ ਛੋਟੇ ਬਹੁ ਕੀਮਤੀ ਹਥਿਆਰ ਸਨ। ਇਹਨਾਂ ਵਿਚੋਂ ਬਹੁਤ ਸਾਰੇ ਵਿਦੇਸ਼ੀ ਤੇ ਨਵੇਂ ਢੰਗ ਦੇ ਵੀ ਸਨ, ਆਪ ਜੀ ਪਾਸ ਹਰ ਸਮੇਂ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਸਵਾਰ ਰਹਿੰਦੇ ਸਨ, ਜੋ ਕਿ ਕਿਸੇ ਵੀ ਛੋਟੀ ਮੋਟੀ ਤਾਕਤ ਨਾਲ ਟੱਕਰ ਲੈਣ ਦੀ ਸਮਰਥਾ ਰਖਦੇ ਸਨ। ਸੋ ਹਰ ਇਕ ਕਮਜ਼ੋਰ, ਬਾਬਾ ਜੀ ਪਾਸੋਂ ਹਰ ਇਮਦਾਦ ਹੋਣ ਤੇ, ਬਦ ਨੂੰ ਆਪਣੇ ਕੁਕਰਮ ਦਾ ਫਲ ਮਿਲਣ ਦੀ ਉਮੀਦ ਰਹਿੰਦੀ ਸੀ। ਇਕ ਵਾਰੀ ਮਲੇਰ ਕੋਟਲੇ ਵਲੋਂ ਸ਼ਕਾਇਤ ਗਵਰਨਰ ਜਨਰਲ ਈਸਟ ਇੰਡੀਆ ਕੰਪਨੀ ਤੇ ਅੰਗਰੇਜ਼ ਸਰਕਾਰ ਪਾਸ ਪੁੱਜੀ ਕਿ ਸਤਲੁਜੋਂ ਪਾਰ ਦੀਆਂ ਰਿਆਸਤਾਂ ਕਿਉਂਕਿ ਤੁਹਾਡੀ ਪਹਿਰੇਦਾਰੀ ਅੰਦਰ ਹਨ ਇਸ ਕਰਕੇ ਮਲੇਰਕੋਟਲੇ ਜਾਂ ਫਿਰ ਹੋਰ ਕਿਧਰੇ ਬੁਚੜ-ਖਾਨਿਆਂ ਪਰ ਹਮਲਾ ਹੋਣ ਦੀ ਸੂਰਤ ਵਿਚ ਉਹ ਇਨ੍ਹਾਂ ਰਿਆਸਤਾਂ ਦੇ ਵਾਰਸਾਂ ਤੇ ਉਹਨਾਂ ਦੇ ਸ਼ਹਿਰੀ ਬੁਚੜਾਂ ਦੀ ਰਾਖੀ ਕਰਨ।"

ਅੰਗਰੇਜ਼ ਨੇ ਆਪਣੀ ਬਲਾ ਉਤਾਰ ਕੇ ਸਿਖ ਰਿਆਸਤ ਦੇ ਗਲੇ ਮੜ੍ਹਨ ਦਾ ਯਤਨ ਕੀਤਾ। ਰੈਜ਼ੀਡੈਂਟ ਨੇ ਫੂਲਕੀਆਂ ਰਿਆਸਤ ਨੂੰ ਬਾਬਾ ਜੀ ਵਿਰੁਧ ਹਥਿਆਰ ਬੰਦ ਸ਼ਕਤੀ ਪ੍ਰਯੋਗ ਕਰਨ ਲਈ ਲਿਖਿਆ ਤੇ ਇਹ ਵੀ ਪ੍ਰੇਰਨਾ ਕੀਤੀ ਕਿ ਬਾਬਾ ਸਾਹਿਬ ਸਿੰਘ ਉਹ ਮਹਾਨ ਹਸਤੀ ਹੈ ਜਿਸਨੇ ਸਰਕਾਰ ਲਾਹੌਰ ਮਹਾਰਾਜ ਰਣਜੀਤ ਸਿੰਘ ਦੇ ਮਹਾਨ ਰਾਸ਼ਟਰ ਦੀ ਨੀਂਹ ਰਖੀ ਹੈ। ਇਹ ਉਹੀ ਹੈ ਜਿਸ ਨੇ ਫੁਰਮਾਇਆ ਸੀ ਕਿ ਅਸਾਂ ਛੋਟੇ ਮੋਟੇ ਗਹਿਣੇ ਤੋੜ ਕੇ ਇਕੋ ਹੀ ਹੰਸ ਘੜਾ ਦਿਤਾ ਹੈ ਪਰ ਤੁਸਾਂ ਉਸ ਰਾਜ ਨੂੰ ਹੈਜਾ (ਡਾਲ) ਕਿਹਾ ਸੀ, ਜਿਸ ਕਰ ਤੁਰਤ ਹੀ ਮੌਤ ਹੋ ਜਾਂਦੀ ਹੈ। ਤੁਹਾਡੀ ਜੀਵਨੀ ਇਸੇ ਵਿਚ ਹੀ ਸੁਰਖਸ਼ਤ ਹੈ ਕਿ ਤੁਸੀਂ ਜਿਥੇ ਤੇ ਜਦੋਂ ਵੀ ਮੌਕਾ ਮਿਲੇ, ਉਸ ਸ਼ਕਤੀ ਨੂੰ ਖਤਮ ਕਰੋ ਜੋ ਤੁਹਾਡੀ ਸਮੁਚੀ ਸ਼ਕਤੀ ਲਈ ਮਾਰੂ ਹੈ।

ਸਿਖ ਮਹਾਰਾਜਿਆਂ ਨੇ ਬਾਬਾ ਸਾਹਿਬ ਸਿੰਘ ਵਿਰੁਧ ਕੋਈ ਕਾਰਵਾਈ ਕਰਨ ਤੋਂ ਸਾਫ ਇਨਕਾਰ ਕਰਦਿਆਂ ਹੋਇਆਂ ਇਹ ਉਤਰ ਦਿਤਾ ਸੀ –

"ਇਹ ਠੀਕ ਹੈ ਕਿ ਬਾਬਾ ਸਾਹਿਬ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਰਬ ਸ਼੍ਰੋਮਣੀ ਸਿੱਖ ਰਾਜ ਦੇਣ ਵਿਚ ਭਾਰੀ ਸਹਾਇਤਾ ਦਿਤੀ ਹੈ। ਤੁਹਾਡੀ ਸਰਪ੍ਰਸਤੀ ਹੇਠਾਂ ਸਾਨੂੰ ਹੁਣ ਕੋਈ ਵੀ ਖਤਰਾ ਮਹਾਰਾਜਾ ਰਣਜੀਤ ਸਿੰਘ ਵਲੋਂ ਨਹੀਂ ਹੈ ਪਰ ਬਾਬਾ ਸਾਹਿਬ ਸਿੰਘ ਇਕ ਮਹਾਨ ਧਾਰਮਕ ਗਦੀ ਦੇ ਮਾਲਕ ਤੇ ਮਹਾਨ ਧਾਰਮਕ ਨੇਤਾ ਹਨ। ਸੋ ਸਾਡਾ ਮਨ ਹੀ ਨਹੀਂ ਸੀ ਮੰਨਦਾ ਕਿ ਅਸੀਂ ਬਾਬਾ ਜੀ ਵਿਰੁਧ ਕੋਈ ਠੋਸ ਤੇ ਹਥਿਆਰ ਬੰਦ ਕਾਰਵਾਈ ਕਰੀਏ।" ਇਹ ਗੱਲ ਅੰਗਰੇਜ਼ਾਂ ਦੇ ਦਿਮਾਗ ਚੋਂ ਕਦੇ ਵੀ ਨ ਭੁਲੀ। ਉਹ ਸਿਖ ਰਾਸ਼ਟਰ ਦੇ ਖਾਤਮੇ ਪਰ ਵੀ ਬਾਬਾ ਬਿਕਰਮ ਸਿੰਘ ਜੀ ਨੂੰ ਮਾਫ ਨਾ ਕਰ ਸਕਿਆ। ਉਹ ਜਾਣਦਾ ਸੀ ਕਿ ਇਹ ਮਹਾਨ ਗੱਦੀ ਕਿਸੇ ਵੀ ਸਮੇਂ ਸਾਡੇ ਲਈ ਬਿਪਤਾ ਪੈਦਾ ਕਰ ਸਕਦੀ ਹੈ।

ਇਸੇ ਹੀ ਤਰ੍ਹਾਂ ਤਮਾਮ ਸਿਖ ਰਾਜ, ਉਹ ਭਾਵੇਂ ਪੰਜਾਬ ਦਾ ਸੀ ਜਾਂ ਫਿਰ ਹੋਰ ਰਿਆਸਤਾਂ ਦਾ, ਇਹਨਾਂ ਅੰਦਰ ਇਹ ਆਮ ਹੀ ਰਿਵਾਜ ਸੀ ਕਿ ਕੋਈ ਵੀ ਸਿਆਸੀ ਭਗੌੜਾ ਅਗਰ ਬਾਬਾ ਜੀ ਦੀ ਸ਼ਰਣ ਚਲਾ ਜਾਏ ਤਦ ਉਹ ਦਰਬਾਰ ਤੇ ਸਿੱਖ ਰਿਆਸਤਾਂ ਵਲੋਂ ਹਰ ਇਕ ਰਿਆਇਤ ਤੇ ਬਖਸ਼ਸ਼ ਦਾ ਹਕਦਾਰ ਹੋ ਜਾਂਦਾ ਸੀ। ਸਿੱਖ ਰਾਜ ਦਾ ਇਹ ਆਮ ਵਿਚਾਰ ਸੀ ਕਿ ਬਾਬਾ ਜੀ ਦੀ ਸ਼ਰਣ ਗਿਆ ਮਾਰਨ ਦੀ ਲੋੜ ਹੀ ਨਹੀਂ ਕਿਉਂਕਿ ਇਕ ਤਾਂ ਉਹ ਇਹ ਅਨੁਭਵ ਕਰਕੇ ਹੀ ਸ਼ਰਣ ਜਾਂਦਾ ਹੈ ਕਿ ਉਹ ਹਰ ਪਾਸੇ ਤੋਂ ਰਾਜਸੀ ਸਤਾ ਹੀਣ ਹੈ। ਉਹ ਸੰਤ ਸ਼ਰਣ ਜਾ ਕੇ ਹਰ ਕਿਸਮ ਦੀ ਸਤਾ ਛੱਡਣ ਦਾ ਐਲਾਨ ਕਰਕੇ ਫਿਰ ਮੁੜ ਮੈਦਾਨ ਅੰਦਰ ਆ ਕੇ ਕਿਸੇ ਸਤਾ ਗ੍ਰਹਿਣ ਦਾ ਯਤਨ ਨਹੀਂ ਕਰੇਗਾ। ਕਿਸੇ ਵੀ ਰਾਜ ਲਈ ਇਸ ਤੋਂ ਵੱਡੀ ਫਤਹਿ ਹੋਰ ਨਹੀਂ ਹੋ ਸਕਦੀ।

ਇਸ ਗੱਲ ਤੋਂ ਇਹ ਸਾਫ਼ ਜ਼ਾਹਿਰ ਹੈ ਕਿ ਸਿੱਖ ਰਿਆਸਤ ਨੇ ਖਾਸਕਰ ਪੰਜਾਬ ਤੇ ਮਾਲਵੇ ਦੀਆਂ ਰਿਆਸਤਾਂ ਅੰਦਰ ਉਸ ਸਮੇਂ ਬਾਬਾ ਜੀ ਦਾ ਕਿਤਨਾ ਅਸਰ ਸੀ। ਅੰਗ੍ਰੇਜ਼ ਦੀਆਂ ਖੁਫੀਆਂ ਰੀਪੋਰਟਾਂ ਜੋ ਅੱਜ ਵੀ ਹਿੰਦ ਸਰਕਾਰ ਪਾਸ ਹਨ, ਇਸ ਗੱਲ ਦੀ ਗਵਾਹੀ ਲੈਂਦੀਆਂ ਹਨ ਕਿ ਅੰਗਰੇਜ਼ ਸਦਾ ਹੀ ਇਸ ਗੱਦੀ ਤੋਂ ਕੰਨ ਭੰਨਦੇ ਸਨ ਤੇ ਇਹ ਉਨ੍ਹਾਂ ਦਾ ਪੱਕਾ ਵਿਚਾਰ ਸੀ ਕਿ ਸਮੇਂ ਸਿਰ ਇਸ ਸਤਾ ਨੂੰ ਸੱਟ ਮਾਰ ਕੇ ਕਮਜ਼ੋਰ ਕਰਨਾ ਹੈ। ਇਹੀ ਕਾਰਨ ਸੀ ਕਿ ਅੰਗਰੇਜ਼, ਸਿੱਖਾਂ ਅੰਦਰ ਇਸ ਸ਼ਕਤੀ ਤੋਂ ਡਰਦੇ ਵੀ ਸਨ ਤੇ ਇਸਦਾ ਸਤਿਕਾਰ ਵੀ ਕਰਦੇ ਸਨ ਬਾਬਾ ਬਿਕਰਮ ਸਿੰਘ ਸਾਹਿਬ ਦਾ ਅੰਮ੍ਰਿਤਸਰ ਨਜ਼ਰ ਬੰਦ ਰਖਣਾ ਇਸੇ ਹੀ ਗੱਲ ਦੀ ਇਕ ਕੜੀ ਸੀ। ਉਹ ਭਾਵੇਂ ਉਨੇ ਜਾ ਕੇ ਵੀ ਕੁਝ ਨ ਕਰ ਸਕਦੇ ਪਰ ਫਿਰ ਵੀ ਅੰਗਰੇਜ਼ ਲਈ ਹਊਆ ਸੀ। ਪਰ ਅੰਮ੍ਰਿਤਸਰ ਨਜ਼ਰਬੰਦੀ ਇਕ ਅਹਿਸਾਨ ਸੀ ਕਿ ਅਸੀਂ ਸਿਖ ਧਾਰਮਕ ਆਗੂ ਦਾ ਸਤਿਕਾਰ ਕੀਤਾ ਹੈ।

'ਚਲਦਾ'

*(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*


# ਸੰਤ ਬਚਨ

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂ. ਮਿਸ਼ਨ।*



ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ) 1961 ਮਈ ਵਿਚ ਅੰਮ੍ਰਿਤ ਵੇਲੇ (ਚੰਡੀਗੜ੍ਹ) ਦਰਸ਼ਨ ਦਿਆ ਕਰਦੇ ਸਨ। ਅੱਜ ਛੁੱਟੀ ਦਾ ਦਿਨ ਹੋਣ ਕਰਕੇ ਬਹੁਤ ਸਾਰੇ ਜਗਿਆਸੂ, ਹੋਰ ਸੰਪਰਦਾਵਾਂ ਦੇ ਪ੍ਰੇਮੀ ਇਕੱਠੇ ਹੋਏ ਅਤੇ ਇਕ ਪ੍ਰੇਮੀ ਨੇ ਮੈਨੂੰ ਕਿਹਾ ਕਿ ਸੰਤ ਮਹਾਰਾਜ ਜੀ ਤੋਂ ਅਸੀਂ ਵਿਸਥਾਰ ਪੂਰਵਕ ਅੰਦਰਲੇ ਚੱਕਰਾਂ ਬਾਰੇ ਸੁਣਨਾ ਚਾਹੁੰਦੇ ਹਾਂ। ਸੋ ਇਸ ਦੇ ਮੁਤਾਬਿਕ ਹੀ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਅੱਜ ਬਹੁਤ ਸਾਰੇ ਜਗਿਆਸੂ, ਬਹੁਤ ਸਾਰੇ ਮਹਾਤਮਾ, ਜਿਨ੍ਹਾਂ ਵਿਚ ਹਿੰਦੂ ਮਹਾਤਮਾ ਭੀ ਹਨ, ਦੀ ਸੰਗਤ ਕਰਦੇ ਹਨ, ਉਹ ਸਾਰੇ ਆਪ ਦੇ ਸਾਮ੍ਹਣੇ ਬਿਰਾਜਮਾਨ ਹਨ ਅਤੇ ਬੇਨਤੀ ਕਰਦੇ ਹਨ ਕਿ ਬਹੁਤ ਸਾਰੇ ਮਹਾਤਮਾ ਕੁੰਡਲਨੀ ਦਾ ਜ਼ਿਕਰ ਕਰਦੇ ਹਨ ਅਤੇ ਚੱਕਰਾਂ ਨੂੰ ਭੇਦਣ ਦਾ ਭੀ ਜ਼ਿਕਰ ਕਰਦੇ ਹਨ। ਇਸ ਬਾਰੇ ਵੱਖੋ-ਵੱਖ ਖਿਆਲ ਹਨ। ਆਪ ਕ੍ਰਿਪਾ ਕਰਕੇ ਇਨ੍ਹਾਂ ਚੱਕਰਾਂ ਦੇ ਸਬੰਧ ਵਿਚ ਪ੍ਰਕਾਸ਼ ਪਾਓ?

**ਉਤਰ** – ਆਪ ਜੀ ਨੇ ਬੇਨਤੀ ਸੁਣ ਕੇ ਫੁਰਮਾਨ ਕੀਤਾ ਕਿ ਇਨ੍ਹਾਂ ਚੱਕਰਾਂ ਨੂੰ ਭੇਦਣਾ ਗੁਰਮਤਿ ਅਨੁਸਾਰ ਕੋਈ ਜ਼ਰੂਰੀ ਚੀਜ਼ ਨਹੀਂ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਮਤ ਬਹੁਤ ਹੀ ਸੁਖੈਨ ਹੈ, ਜਿਸਨੂੰ 'ਸੁਰਤਿ ਸਬਦਿ ਮਾਰਗ' ਜਾਂ 'ਨਾਮ ਮਾਰਗ' ਆਖਿਆ ਜਾਂਦਾ ਹੈ। ਛੋਟੀ ਤੋਂ ਛੋਟੀ ਬੁੱਧੀ ਵਾਲਾ ਜੀਵ ਵੀ ਇਸ ਮਾਰਗ ਉਪਰ ਪੂਰੀ ਸ਼ਰਧਾ ਰੱਖ ਕੇ, ਭਜਨ ਕਰਨ ਵਾਲਾ ਇਸ ਭਵਸਾਗਰ ਨੂੰ ਪਾਰ ਲੰਘ ਸਕਦਾ ਹੈ। ਜਦੋਂ ਕਿ ਇਸ ਕਸ਼ਟ ਯੋਗ ਰਾਹੀਂ ਪਾਰ ਲੰਘਣਾ ਅੱਜ ਕਲਜੁਗੀ ਜੀਵਾਂ ਦੀ ਸਮਰੱਥਾ ਤੋਂ ਦੂਰ ਹੈ ਕਿਉਂਕਿ ਕਲਜੁਗੀ ਜੀਵਾਂ ਦੇ ਆਚਾਰ, ਵਿਹਾਰ ਤੇ ਆਹਾਰ ਬਹੁਤ ਹੀ ਨਖਿੱਧ ਹੋ ਗਏ ਹਨ। ਸਰੀਰ ਵਿਚ ਉਹ ਸ਼ਕਤੀ ਨਹੀਂ ਹੈ ਜਿਸ ਦੇ ਰਾਹੀਂ ਇਹ ਚੱਕਰ ਭੇਦੇ ਜਾ ਸਕਣ ਅਤੇ ਨਾ ਹੀ ਅਜਿਹਾ ਅਨੁਕੂਲ ਵਾਤਾਵਰਣ ਮਿਲਦਾ ਹੈ ਜਿਥੇ ਬੈਠ ਕੇ ਇਹ ਸਾਧਨਾਵਾਂ ਨਿਰੰਤਰ ਕੀਤੀਆਂ ਜਾ ਸਕਣ। ਜੇਕਰ ਇਨ੍ਹਾਂ ਸਾਧਨਾਂ ਨੂੰ ਕਰਨ ਲਈ ਇਕ ਹਜ਼ਾਰ ਜਗਿਆਸੂ ਜਤਨ ਕਰੇ ਤਾਂ ਪ੍ਰਾਣਾਯਾਮ ਦੀ ਗਰਮੀ ਨਾਲ ਨੌ ਸੌ ਨੜਿੰਨਵੇਂ ਜਗਿਆਸੂਆਂ ਦੇ ਉਪਰ ਐਸਾ ਅਸਰ ਪੈ ਜਾਂਦਾ ਹੈ ਕਿ ਉਹ ਆਪਣੇ ਹੋਸ਼ ਹਵਾਸ਼ ਗਵਾ ਬੈਠਦੇ ਹਨ, ਫੇਰ ਡਾਕਟਰਾਂ ਤੋਂ ਵੀ ਕਿਸੇ ਤਰ੍ਹਾਂ ਨਾਲ ਅਰਾਮ ਨਹੀਂ ਆ ਸਕਦਾ। ਪਿਛਲੇ ਸਮਿਆਂ ਵਿਚ ਸਰੀਰ ਰਿਸ਼ਟ-ਪੁਸ਼ਟ ਹੋਇਆ ਕਰਦੇ ਸਨ। ਬ੍ਰਹਮਚਰੀਆ ਪੂਰੀ ਤਰਾਂ ਨਾਲ ਕਾਇਮ ਰੱਖਿਆ ਜਾਂਦਾ ਸੀ ਅਤੇ ਸਰੀਰ ਵਿਚ ਬਹੁਤ ਹੀ ਕਠਨ ਸਾਧਨ ਕਰਨ ਦੀ ਸੁਤੇ ਹੀ ਸ਼ਕਤੀ ਹੁੰਦੀ ਸੀ। ਇਸ ਕਰਕੇ ਅੱਜ ਦਾ ਜੁੱਗ, ਜਿਸ ਵਿਚ ਖਿਆਲਾਂ ਦੀ ਉਥੱਲ-ਪੁਥੱਲ ਪੂਰੇ ਜ਼ੋਰ ਨਾਲ ਹੋ ਰਹੀ ਹੈ ਅਤੇ ਤ੍ਰਿਸ਼ਨਾ ਅਗਨੀ ਦੇ ਭਾਂਬੜ ਮੱਚਣ ਨਾਲ ਆਦਮੀ ਤ੍ਰਿਸ਼ਨਾ ਦਾ ਬੰਨ੍ਹਿਆ ਹੋਇਆ ਧਨ, ਜਾਇਦਾਦ ਕਮਾਉਣ ਲਈ ਦਿਨ ਰਾਤ ਇਸੇ ਅਗਨ ਵਿਚ ਸੜ ਰਿਹਾ ਹੈ। ਤਾਂ ਐਸੇ ਵਾਤਾਵਰਣ ਵਿਚ ਉਸਦੀ ਅੰਦਰਲੀ ਚੇਤਨਾ, ਮਾਇਆ ਤੋਂ ਬਿਨਾਂ ਹੋਰ ਕੁਝ ਸੋਚਣ ਤੋਂ ਅਸਮਰੱਥ ਹੈ। ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਦੂਸ਼ਿਤ ਵਾਤਾਵਰਣ ਨੂੰ ਵਿਚਾਰਦਿਆਂ ਹੋਇਆਂ ਬਹੁਤ ਹੀ ਸੁਖੈਨ ਸਾਧਨ ਪ੍ਰਚਲਤ ਕੀਤੇ ਹਨ। ਜਿਨ੍ਹਾਂ ਦਾ ਸੰਖੇਪ **'ਵਰਤਣ ਵੈਰਾਗ', 'ਮੁਖ ਭਗਤੀ', 'ਨਿਹਚੇ ਗਿਆਨ'** ਦੇ highway ਤੇ ਜਗਿਆਸੂਆਂ ਨੂੰ ਚਲਾਇਆ ਹੈ ਅਤੇ ਇਸਦੀ ਮਦਦ ਲਈ ਕਿਰਤ ਕਰਨਾ, ਵੰਡ ਛੱਕਣਾ ਤੇ ਨਾਮ ਜਪਣਾ ਸਾਧਨ ਪ੍ਰਚਲਤ ਕੀਤਾ ਹੈ, ਜਿਸਨੂੰ ਗੁਰਮੁਖ ਨਾਮ ਦਾਨ ਇਸ਼ਨਾਨ ਵੀ ਕਹਿ ਦਿੰਦੇ ਹਨ। ਇਹ ਸੁਖਾਲਾ ਮਾਰਗ ਹੈ, ਜਿਸ ਉਪਰ ਪੜ੍ਹਿਆ-ਅਨਪੜ੍ਹਿਆ, ਅਮੀਰ-ਗਰੀਬ ਸਭ ਚਲ ਸਕਦਾ ਹੈ ਪਰ ਤੁਸੀਂ ਹੱਠ ਜੋਗ ਦੇ ਸਾਧਨਾਂ ਬਾਰੇ ਪ੍ਰਸ਼ਨ ਕੀਤਾ ਹੈ। ਸੋ ਉਸਦੀ ਵਿਚਾਰ ਕਰਦੇ ਹਾਂ।



ਇਹ ਸਭ ਸਾਧਨ ਪਹਿਲੇ ਸਮਿਆਂ ਦੇ ਵਿਚ ਇਕਾਂਤ ਥਾਵਾਂ, ਗੁਫਾਵਾਂ, ਅਬਾਦੀਆਂ ਤੋਂ ਦੂਰ ਰਹਿ ਕੇ ਕੀਤੇ ਜਾਇਆ ਕਰਦੇ ਸਨ, ਜਿਸ ਵਿਚ ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਉਲੀ, ਛੇਵਾਂ ਕਪਾਲਭਾਤੀ; ਇਹ ਸਾਧਨ ਕੀਤੇ ਜਾਇਆ ਕਰਦੇ ਸਨ।

**ਧੋਤੀ** – ਚਾਰ ਉਂਗਲ ਚੌੜੀ, ਸਾਢੇ ਬਾਈ ਫੁੱਟ ਲੰਬੀ ਬਰੀਕ ਕਪੜੇ ਦੀ ਪੱਟੀ ਕੋਸੇ ਪਾਣੀ ਵਿਚ ਭਿਉਂ ਕੇ ਹਰ ਰੋਜ਼ ਡੇਢ ਫੁੱਟ ਅੰਦਰ ਨਿਘਾਰੇ ਜਾਣ ਦਾ ਅਭਿਆਸ ਕੀਤਾ ਜਾਂਦਾ ਸੀ ਅਤੇ 15 ਦਿਨਾਂ ਵਿਚ ਇਹ ਸਾਰਾ ਕੱਪੜਾ ਨਿਘਾਰਨਾਂ ਤੇ ਪਿਛਲਾ ਕਿਨਾਰਾ ਦੰਦਾਂ ਵਿਚ ਮਜ਼ਬੂਤ ਰੱਖਣਾ, ਫੇਰ ਕੱਪੜੇ ਨੂੰ ਧੀਰੇ-ਧੀਰੇ ਬਾਹਰ ਨਿਕਾਲਣਾ; ਇਹਦੇ ਨਾਲ ਮੇਹਦੇ ਦੀਆਂ ਆਂਤੜੀਆਂ ਦੀ ਸਫਾਈ ਹੋ ਜਾਇਆ ਕਰਦੀ ਸੀ।

**ਨੇਤੀ** – ਇਕ ਗਿੱਠ ਲੰਮਾ ਸੂਤ ਦਾ ਧਾਗਾ – ਬਰੀਕ ਤੇ ਮੁਲਾਇਮ ਲੈ ਕੇ ਨੱਕ ਰਾਹੀਂ ਸਾਹ ਖਿੱਚ ਕੇ ਪ੍ਰਾਣਾਂ ਦੇ ਬਲ ਨਾਲ ਚੜ੍ਹਾ ਕੇ ਮੁਖ ਰਾਹੀਂ ਬਾਹਰ ਕੱਢ ਦੇਣਾ ਜਿਵੇਂ ਦਹੀਂ ਰਿੜਕੀਦਾ ਹੈ। ਇਸ ਤਰ੍ਹਾਂ ਨੱਕ ਤੇ ਗਲ ਦੀ ਮੈਲ ਸਾਫ ਕੀਤੀ ਜਾਂਦੀ ਹੈ।

**ਬਸਤੀ** – ਨਾਭੀ ਤਾਂਈ ਪਾਣੀ ਵਿਚ ਬੈਠ ਕੇ ਛੇ ਉਂਗਲ ਲੰਬੀ, ਇਕ ਉਂਗਲ ਮੋਟੀ ਬਾਂਸ ਦੀ ਨਲਕੀ ਹੇਠਾਂ ਤੋਂ ਅੰਦਰ ਕਰਕੇ ਪ੍ਰਾਣਾਂ ਦੇ ਬਲ ਨਾਲ ਪਾਣੀ ਖਿੱਚ ਕੇ ਅਨੀਮਾ ਕਰਨਾ।


**ਤ੍ਰਾਟਕ** – ਨੇਤਰਾਂ ਦੀ ਟਿਕ-ਟਿਕੀ ਕਿਸੇ ਖਾਸ ਚੀਜ਼ ਤੇ ਲਾ ਕੇ

ਉਸ ਵੱਲ ਉਸ ਸਮੇਂ ਤਾਂਈ ਧਿਆਨ ਕੇਂਦਰਿਤ ਕਰਨਾ ਜਦੋਂ ਤਾਂਈ ਨੇਤਰਾਂ ਦੀ ਦ੍ਰਿਸ਼ਟੀ ਥੱਕ ਕੇ ਅੱਖਾਂ ਵਿਚ ਜਲ ਨਾ ਨਿਕਲੇ। ਇਹ ਤ੍ਰਾਟਕ ਨੇਤਰਾਂ ਦੇ ਰੋਗਾਂ ਨੂੰ ਨਸ਼ਟ ਕਰਨ ਵਾਲਾ ਹੈ। ਨਿੰਦ੍ਰਾ, ਆਲਸ ਤੇ ਤਮੋ ਗੁਣ ਦੀ ਬਿਰਤੀ ਨੂੰ ਤੋੜਨ ਵਾਲਾ ਹੈ। ਜਿਸ ਤਰ੍ਹਾਂ ਬਹੁਤ ਹੀ ਕੀਮਤੀ ਚੀਜ਼ ਸੰਭਾਲ ਕੇ ਰੱਖੀ ਜਾਂਦੀ ਹੈ, ਉਸੇ ਤਰ੍ਹਾਂ ਇਸ ਦੇ ਅਭਿਆਸ ਦਾ ਸਥਾਨ, ਨਾਸਕਾ ਜਾਂ ਭਰਵੱਟਿਆਂ ਦੇ ਮੱਧ ਭਾਗ ਵਿਚ ਜਾਣੋ।

ਨਿਉਲੀ - ਦੋਨੋਂ ਮੋਢੇ ਹੇਠਾਂ ਕਰਕੇ, ਪਿੱਠ ਨੂੰ ਸਿਧਾ ਕਰਕੇ, 90 ਡਿਗਰੀ ਤੇ ਰੀੜ ਦੀ ਹੱਡੀ ਰੱਖ ਕੇ ਬੈਠਣਾ; ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਉਪਰ, ਨੀਚੇ ਘੁਮਾਉਣਾ ਜਿਵੇਂ ਮਧਾਣੀ ਦਹੀਂ ਰਿੜਕਦੀ ਹੈ।

ਕਪਾਲਭਾਤੀ - ਲੁਹਾਰ ਦੀ ਧੌਂਕਣੀ ਦੇ ਸਮਾਨ ਰੇਚਕ, ਪੂਰਕ, ਦੁਆਰਾ ਪ੍ਰਾਣਾਂ ਨੂੰ ਬਾਰ-ਬਾਰ ਚੜ੍ਹਾਉਣਾ ਤੇ ਬਾਹਰ ਕੱਢਣਾ। ਇਹ ਸਾਧਨ ਕਰਨੇ ਪੈਂਦੇ ਹਨ।

ਪ੍ਰਾਣਾਯਾਮ - ਪ੍ਰਾਣਾਂ ਦੀ ਗਤੀ ਨੂੰ ਠਹਿਰਾ ਦੇਣਾ, ਇਸਦਾ ਨਾਂ ਪ੍ਰਾਣਾਯਾਮ ਹੈ। ਮਹਾਂਪੁਰਸ਼ਾਂ ਨੇ ਸਰੀਰ ਵਿਚ 72 ਕਰੋੜ, 72 ਲੱਖ, 10 ਹਜ਼ਾਰ, 201 ਨਾੜੀਆਂ ਦੱਸੀਆਂ ਹਨ। ਉਨ੍ਹਾਂ ਵਿਚੋਂ ਦੱਸ ਨਾੜੀਆਂ ਪ੍ਰਾਣਾਂ ਦੇ ਅਭਿਆਸ ਦੀਆਂ ਸਹਾਇਕ ਹਨ। ਪ੍ਰਾਣਾਯਾਮ ਦੇ ਬਹੁਤ ਹੀ ਤਰੀਕੇ ਹਨ, ਜੋ ਬਹੁਤ ਹੀ ਕਠਨ ਹਨ ਪਰ ਦੋ ਕਿਸਮ ਦੇ ਪ੍ਰਾਣਾਯਾਮ ਚੰਦਰਾਂਗ ਅਤੇ ਸੂਰਿਆਂਗ ਜ਼ਿਆਦਾ ਪ੍ਰਚਲਤ ਹਨ। ਸਾਡੇ ਅੰਦਰ ਤਿੰਨ ਮੁਖ ਨਾੜੀਆਂ ਹਨ ਨੱਕ ਦੇ ਖੱਬੇ ਪਾਸੇ ਇੜਾ ਨਾੜੀ, ਸੱਜੇ ਪਾਸੇ ਪਿੰਗਲਾ ਨਾੜੀ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੀ ਸੁਖਮਨਾ ਨਾੜੀ ਕਹਾਉਂਦੀ ਹੈ।





ਪਹਿਲਾਂ ਇੜਾ ਦੇ ਰਸਤੇ 16 ਵਾਰੀ ਗੁਰਮੰਤ੍ਰ ਦਾ ਜਾਪ ਕਰਕੇ ਹੌਲੀ-ਹੌਲੀ ਪ੍ਰਾਣਾਂ ਨੂੰ ਅੰਦਰ ਖਿੱਚਣਾ 'ਪੂਰਕ' ਕਹਾਉਂਦਾ ਹੈ। 64 ਵਾਰੀ ਮੰਤ੍ਰ ਦਾ ਜਾਪ ਕਰਦਿਆਂ ਸੁਆਸ ਅੰਦਰ ਟਿਕਾ ਕੇ ਰੱਖਣਾ 'ਕੁੰਭਕ' ਕਹਾਉਂਦਾ ਹੈ ਅਤੇ 32 ਵਾਰੀ ਮੰਤਰ ਜਪਦਿਆਂ ਸੁਆਸ ਨੂੰ ਹੌਲੀ-ਹੌਲੀ ਬਾਹਰ ਕੱਢਣਾ 'ਰੇਚਕ' ਕਹਾਉਂਦਾ ਹੈ। ਮੂਲਧਾਰ ਚੱਕਰ ਤੋਂ ਲੈ ਕੇ ਦਸਵੇਂ ਦੁਆਰ ਤਕ ਸੁਖਮਨਾ ਨਾੜੀ ਹੈ। ਉਸਦੇ ਵਿਚ ਕਰੋੜਾਂ ਬਿਜਲੀਆਂ ਦੀ ਚਮਕ ਦੇ ਸਮਾਨ ਉਤਮ ਸੂਖਮ ਰੂਪ ਦੇ ਵਿਚ ਕੁੰਡਲਨੀ ਨਾਮ ਦੀ ਇਕ ਸ਼ਕਤੀ ਹੈ। ਉਸ ਸ਼ਕਤੀ ਦੇ ਦਰਸ਼ਨ ਮਾਤਰ ਨਾਲ ਹੀ ਸ਼ਾਂਤੀ ਆ ਜਾਂਦੀ ਹੈ। ਇਹ ਪਾਪਾਂ ਅਤੇ ਅਗਿਆਨ ਦਾ ਨਾਸ਼ ਕਰਦੀ ਹੈ। ਭੁਜੰਗਾ ਨਾੜੀ ਨੇ ਸੁਖਮਨਾ ਨਾੜੀ ਦਾ ਦਰਵਾਜ਼ਾ ਕਿਵਾੜ ਰੂਪ ਬੰਦ ਕੀਤਾ ਹੋਇਆ ਹੈ। ਜਦੋਂ ਸਾਧਕ ਪ੍ਰਾਣਾਯਾਮ ਕਰਦਾ ਹੈ ਤਾਂ ਉਸਦੇ ਬਲ ਪੌਣ ਤੇ ਭੁਜੰਗਾ ਨਾੜੀ, ਸੁਖਮਨਾ ਨਾੜੀ ਦੇ ਮੂੰਹ ਤੋਂ ਪਰ੍ਹੇ ਹੱਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਇਕ-ਇਕ ਚੱਕਰ ਪ੍ਰਾਣਾਯਾਮ ਦੇ ਬਲ ਨਾਲ ਵੇਧਿ ਕੇ ਪ੍ਰਾਣਾਂ ਦਾ ਪ੍ਰਵੇਸ਼ ਦਸਵੇਂ ਦੁਆਰ ਵਿਚ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਇਸਦਾ ਹਵਾਲਾ ਦਿੰਦਿਆਂ ਫੁਰਮਾਨ ਕੀਤਾ ਹੈ ਕਿ -

***ਖਟੁ ਸਾਸਤ ਬਿਚਰਤ ਮੁਖਿ ਗਿਆਨਾ॥***
***ਪੂਜਾ ਤਿਲਕੁ ਤੀਰਥ ਇਸਨਾਨਾ॥***
***ਨਿਵਲੀ ਕਰਮ ਆਸਨ ਚਉਰਾਸੀਹ***
***ਇਨ ਮਹਿ ਸਾਂਤਿ ਨ ਆਵੈ ਜੀਉ॥*** ***ਪੰਨਾ - 98***

***ਨਿਵਲੀ ਕਰਮ ਭੁਅੰਗਮ ਭਾਠੀ***
***ਰੇਚਕ ਪੂਰਕ ਕੁੰਭ ਕਰੈ॥***
***ਬਿਨੁ ਸਤਿਗੁਰ ਕਿਛੁ ਸੋਝੀ ਨਾਹੀ***
***ਭਰਮੇ ਭੂਲਾ ਬੂਡਿ ਮਰੈ॥***
***ਅੰਧਾ ਭਰਿਆ ਭਰਿ ਭਰਿ ਧੋਵੈ***
***ਅੰਤਰ ਕੀ ਮਲੁ ਕਦੇ ਨ ਲਹੈ॥***
***ਨਾਮ ਬਿਨਾ ਫੋਕਟ ਸਭਿ ਕਰਮਾ***
***ਜਿਉ ਬਾਜੀਗਰੁ ਭਰਮਿ ਭੂਲੈ॥*** ***ਪੰਨਾ - 1343***

***ਬਰਤ ਸੰਧਿ ਸੋਚ ਚਾਰ॥***
***ਕ੍ਰਿਆ ਕੁੰਟਿ ਨਿਰਾਹਾਰ॥***
***ਅਪਰਸ ਕਰਤ ਪਾਕਸਾਰ॥***
***ਨਿਵਲੀ ਕਰਮ ਬਹੁ ਬਿਸਥਾਰ॥***
***ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥***
***ਪੰਨਾ - 1229***

ਸੁਖਮਨਾ ਦਾ ਦਰਵਾਜ਼ਾ ਬਹੁਤ ਕਸ਼ਟ ਨਾਲ ਪ੍ਰਾਣਾਯਾਮ ਦੇ ਅਭਿਆਸ ਦੇ ਬਲ ਨਾਲ ਖੁਲ੍ਹਦਾ ਹੈ। ਪ੍ਰਾਣਾਯਾਮ ਵਾਸਤੇ ਭਾਠੀ ਦੀ ਕਿਰਿਆ ਕੀਤੀ ਜਾਂਦੀ ਹੈ। ਮਾਲਸ਼ ਕਰਕੇ ਜੀਭ ਨੂੰ ਐਨੀ ਪਤਲੀ ਅਤੇ ਲੰਮੀ ਬਣਾ ਲੈਂਦੇ ਹਨ ਜੋ ਮੂੰਹ ਵਿਚੋਂ ਨਿਕਲ ਕੇ ਮੱਥੇ ਨੂੰ ਛੂਹ ਜਾਵੇ। ਫੇਰ ਉਸਨੂੰ ਪੁੱਠੀ ਕਰਕੇ ਕੰਠ ਦੇ ਵਿਚ ਪ੍ਰਵੇਸ਼ ਕਰਕੇ ਜੀਭ ਦੀ ਨੋਕ ਨਾਲ ਤਾਲੂ ਦੇ ਉਪਰ ਜੋ ਛਿਦ੍ਰ ਹੈ, ਉਸਨੂੰ ਬੰਦ ਕਰ ਦਿੰਦੇ ਹਨ। ਐਸਾ ਕਰਨ ਨਾਲ ਪ੍ਰਾਣਾਯਾਮ ਤੋਂ ਪੈਦਾ ਹੋਈ ਗਰਮੀ ਦੂਰ ਹੋ ਜਾਂਦੀ ਹੈ। ਤ੍ਰਿਕੁਟੀ ਦੇ ਖੱਬੇ ਪਾਸੇ ਜੋਗੀਆਂ ਦੇ ਮੰਨੇ ਹੋਏ ਚੰਦ੍ਰਮਾ ਤੋਂ ਅੰਮ੍ਰਿਤ ਟਪਕਦਾ ਹੈ। ਉਸ ਅੰਮ੍ਰਿਤਮਈ ਰਸ ਨੂੰ ਰਸਨਾ ਅਨੁਭਵ ਕਰਦੀ ਹੈ। ਇਸ ਰਸ ਨੂੰ ਅਮਰਵਾਰਨੀ ਵੀ ਕਹਿੰਦੇ ਹਨ।




ਹੁਣ ਤੁਹਾਨੂੰ ਛੇ ਚੱਕਰਾਂ ਬਾਰੇ ਸੰਖੇਪ ਵਿਚ ਦੱਸਿਆ ਜਾਂਦਾ ਹੈ। ਜਿਨ੍ਹਾਂ ਪ੍ਰੇਮੀਆਂ ਨੇ ਨੋਟ ਕਰਨਾ ਹੈ, ਉਹ ਕਰ ਸਕਦੇ ਹਨ -

**1. ਮੂਲਧਾਰ ਚੱਕਰ** - (Pelvic plexus) ਇਹ ਗੁਦਾ ਮੰਡਲ ਦਾ ਚੱਕਰ ਹੈ। ਜਿਸ ਵਿਚ ਉਲਟੇ ਮੁਖ ਵਾਲਾ, ਚਾਰ ਪੰਖੜੀਆਂ ਵਾਲਾ ਪੀਲਾ ਕਮਲ ਹੈ। ਚਾਰ ਪੰਖੜੀਆਂ ਚਾਰ ਅੱਖਰ ਰੂਪ ਹਨ - ਵ, ਸ਼, ਖ, ਸ। ਇਸਦੇ ਤਿੰਨ ਕੋਨੇ ਹਨ। ਇੱਛਾ ਇਥੇ ਗਿਆਨ ਦੀ ਹੋਇਆ ਕਰਦੀ ਹੈ ਅਤੇ ਜਿਥੇ ਕੁੰਡਲਨੀ ਨਾੜੀ ਸਥਿਤ ਹੈ, ਉਸ ਥਾਂ ਦੇ ਉਤੇ ਕਾਮ ਦਾ ਤਖਤ ਹੈ ਜਿਥੇ ਨਾਰ, ਹੰਸ, ਮਨ ਪੈਦਾ ਹੁੰਦੇ ਹਨ। ਇਸ ਥਾਂ ਤੇ ਜੋਗੀ ਲੋਕ ਗਣੇਸ਼ ਜੀ ਦਾ ਧਿਆਨ ਕਰਦੇ ਹਨ।

**2. ਸਵਾਦਿਸ਼ਠਾਨ ਚੱਕਰ** - (Hypogastric Plexus) ਉਪਸਥਿਤ ਇੰਦ੍ਰਾ (ਲਿੰਗ) ਦੇ ਮੂਲ ਵਿਚ ਹੈ। ਜਿਸ ਵਿਚ ਲਾਲ ਰੰਗ ਦਾ ਉਰਧ ਮੁਖ, ਛੇ ਦਲ ਦਾ ਕਮਲ ਹੈ। ਇਸ ਦੀਆਂ ਛੇ ਪੰਖੜੀਆਂ- ਬ, ਭ, ਮ, ਯ, ਰ, ਲ ਹਨ। ਇਸ ਥਾਂ ਦੇ ਉਤੇ ਜੋਗੀ ਜਨ ਬ੍ਰਹਮਾ ਜੀ ਦਾ ਧਿਆਨ ਕਰਦੇ ਹਨ।

**3. ਮਣੀਪੂਰਕ ਚੱਕਰ** - (Epigastric Plexus) ਅਥਵਾ Solar Plexus - ਇਹ ਨਾਭੀ ਦੇਸ਼ ਵਿਚ ਅਸਥਿਤ ਹੈ। ਨੀਲੇ ਰੰਗ ਦਾ ਉਲਟੇ ਮੁਖ, ਦੱਸ ਪੱਤੀਆਂ ਵਾਲਾ ਕਮਲ ਹੈ। ਡ, ਢ, ਣ, ਤ, ਥ, ਦ, ਧ, ਨ, ਪ, ਫ; ਇਹ ਇਸਦੇ ਦੱਸ ਦਲ ਹਨ। ਇਥੇ ਵਿਸ਼ਨੂੰ ਜੀ ਦਾ ਧਿਆਨ ਜੋਗੀ ਲੋਕ ਕਰਦੇ ਹਨ।

**4. ਅਨਾਹਤ ਚੱਕਰ** - (Cardiac Plexus ) ਅਨਾਹਤ ਚੱਕਰ ਬਾਰ੍ਹਾਂ ਦਲਾਂ ਦਾ, ਸੋਨੇ ਵਰਗੇ ਰੰਗ ਵਾਲਾ ਕਮਲ, ਹਿਰਦੇ ਵਿਚ ਅਸਥਿਤ ਹੈ ਅਤੇ ਇਥੇ ਬਾਰ੍ਹਾਂ ਅਵਾਜ਼ਾਂ ਦੇ ਅੱਖਰ ਹਨ - ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ ਇਹ ਇਸਦੇ ਬਾਰ੍ਹਾਂ ਦਲ ਹਨ। ਇਥੇ ਰੁਦਰ (ਸ਼ਿਵ ਜੀ ਦਾ ਪਹਾੜ ਤੇ ਲੱਗੇ ਤਖਤ ਸਮੇਤ) ਧਿਆਨ ਕੀਤਾ ਜਾਂਦਾ ਹੈ।

**5. ਵਿਸ਼ੁਧ ਚੱਕਰ** - (Carotid Plexus) ਇਥੇ ਧੂਮਰ ਵਰਣ ਦਾ ਉਰਧ ਮੁਖ, 16 ਦਲਾਂ ਦਾ ਕਮਲ ਕੰਠ ਵਿਚ ਅਸਥਿਤ ਹੈ ਅਤੇ ਇਥੇ 16 ਅੱਖਰ ਰੂਪ, 16 ਦਲ ਹਨ। ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ, ਲ੍ਰੀ, ਇ, ਏ, ਐ, ਔ, ਅੰ, ਆਂ; ਇਹ 16 ਦਲ ਹਨ। ਜਲੰਧਰ ਪੀਠ ਹੈ, ਜੀਵ ਆਤਮਾ ਦਾ ਇਥੇ ਧਿਆਨ ਕਰਦੇ ਹਨ।

**6. ਆਗਿਆ ਚੱਕਰ** - (Medula Plexus) ਦੋਏ ਅੱਖਾਂ ਤੇ ਨੱਕ ਦੀ ਜੜ੍ਹ - ਇਸ ਥਾਂ ਤੇ ਦੋ ਪੰਖੜੀਆਂ ਦਾ ਪੁਠੇ ਮੁਖ ਵਾਲਾ ਚੰਦ੍ਰਮਾ ਵਰਗਾ ਸਫੇਦ ਕਮਲ ਹੈ। ਖਜ, ਗਜ ; ਦੋ ਦਲ ਹਨ। ਇਸਦਾ ਉਡਿਆਂਗ ਤਖਤ ਹੈ। ਇਥੇ ਜੋਗੀ ਜਨ ਨਿਰਵਾਨ ਪ੍ਰਮਾਤਮਾ ਦਾ ਧਿਆਨ ਕਰਦੇ ਹਨ।

**ਫਲ** - ਭਿੰਨ-ਭਿੰਨ ਚੱਕਰਾਂ ਦੇ ਧਿਆਨ ਦੁਆਰਾ ਜੋ ਫਲ ਪ੍ਰਾਪਤ ਹੁੰਦਾ ਹੈ, ਉਹ ਸਭ ਇਸ ਚੱਕਰ ਦੇ ਧਿਆਨ ਕਰਨ ਨਾਲ ਪ੍ਰਾਪਤ ਹੋ ਜਾਂਦਾ ਹੈ। (ਇਸੇ ਕਰਕੇ ਮਹਾਂਪੁਰਸ਼, ਆਗਿਆ ਚੱਕਰ ਵਿਚ ਬਿਰਤੀ ਟਿਕਾਉਣ ਲਈ ਵਿਸ਼ੇਸ਼ ਤੌਰ ਤੇ ਆਖਿਆ ਕਰਦੇ ਹਨ) ਇਸ ਅਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਨਾਲ **'ਸੰਪ੍ਰਗਿਆਤ ਸਮਾਧੀ'** ਦੀ ਯੋਗਤਾ ਹੁੰਦੀ ਹੈ।

ਮੂਲਧਾਰ ਚੱਕਰ ਤੋਂ ਇੜਾ, ਪਿੰਗਲਾ ਅਤੇ ਸੁਖਮਨਾ; ਵੱਖਰੀਆਂ ਵੱਖਰੀਆਂ ਪ੍ਰਵਾਹਿਤ ਹੋ ਕੇ ਇਸ ਸਥਾਨ ਤੇ ਮਿਲਦੀਆਂ ਹਨ। ਇਸੇ ਕਰਕੇ ਇਸ ਦਾ ਨਾਮ **'ਤ੍ਰਿਵੇਣੀ'** ਕਿਹਾ ਹੈ। ਇੜਾ ਨੂੰ ਗੰਗਾ, ਪਿੰਗਲਾ ਨੂੰ ਜਮਨਾ ਅਤੇ ਸੁਖਮਨਾ ਨੂੰ ਸੁਰਸਤੀ ਕਿਹਾ ਗਿਆ ਹੈ। ਇਸ ਅਸਥਾਨ ਨੂੰ **'ਤੀਰਥ ਰਾਜ'** ਵੀ ਕਿਹਾ ਜਾਂਦਾ ਹੈ, **'ਆਤਮ ਤੀਰਥ'** ਕਹਿੰਦੇ ਹਨ ਅਤੇ **'ਅੰਮ੍ਰਿਤਸਰ ਦਾ ਇਸ਼ਨਾਨ'** ਵੀ ਕਿਹਾ ਜਾਂਦਾ ਹੈ। ਇਸ ਥਾਂ ਦੇ ਉਤੇ ਮਨ ਦਾ ਇਸ਼ਨਾਨ ਕਰਾਉਣ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***

***ਪੰਨਾ - 468***

ਇਸ ਆਗਿਆ ਚੱਕਰ ਦੇ ਮੰਡਲ ਨੂੰ **'ਬ੍ਰਹਿਮੰਡੀ ਹਿਰਦਾ'** ਜਾਂ **'ਸਮਸਤ ਹਿਰਦਾ'** ਕਹਿੰਦੇ ਹਨ। ਜੋ ਬਚਨ ਹਿਰਦੇ ਵਿਚ ਨਾਮ ਵਸਣ ਦੇ ਸਬੰਧ ਵਿਚ ਆਉਂਦੇ ਹਨ, ਉਹ ਇਹੀ ਅਸਥਾਨ ਹੈ। ਸਥੂਲ ਬੁੱਧੀ ਵਾਲੇ heart ਨੂੰ ਹੀ ਹਿਰਦਾ ਆਖਦੇ ਰਹਿੰਦੇ ਹਨ। ਇਸ ਥਾਂ ਦਾ ਅਭਿਆਸ ਦਿਬ ਦ੍ਰਿਸ਼ਟੀ ਖੁਲ੍ਹਣ ਦਾ ਪਹਿਲਾ ਅਸਥਾਨ ਹੈ। ਇਸ ਨੂੰ 'ਸ਼ਿਵ ਨੇਤਰ' (Organ of Clairvoyance) ਦਿਬ ਦ੍ਰਿਸ਼ਟ ਦਾ ਯੰਤਰ ਆਖਦੇ ਹਨ। ਇਹ ਤੀਸਰੇ ਤਿਲ ਦਾ ਥਾਂ ਹੈ ਜਿਸਨੂੰ **'ਨੁਕਤਾ ਏ ਸਵੀਦਾ'** ਵੀ ਆਖਦੇ ਹਨ।

ਆਗਿਆ ਚੱਕਰ ਦੇ ਉਪਰ ਤ੍ਰਿਕੁਟੀ ਅਸਥਾਨ ਆਉਂਦਾ ਹੈ।

ਇਸ ਸਥਾਨ ਨੂੰ ਕਈਆਂ ਨੇ ਗੁਰੂ ਚੱਕਰ, ਮਾਨਸ ਚੱਕਰ, ਲਿਲਾਟ ਚੱਕਰ ਆਦਿਕ ਵੀ ਕਿਹਾ ਹੈ ਪਰ ਇਹ ਸਾਰੇ ਸੱਤਾਂ ਚੱਕਰਾਂ ਦੇ ਅੰਤਰਗਤ ਹੀ ਹਨ।

ਇਸ ਤੋਂ ਉਪਰ ਸਹੰਸਰਦਲ ਕਮਲ ਵਾਲਾ ਦਸਮ ਦੁਆਰਾ ਹੈ। ਤ੍ਰਿਕੁਟੀ ਅਸਥਾਨ ਤੇ ਪਿੰਡ (ਅੰਡ) ਖਤਮ ਹੋ ਜਾਂਦਾ ਹੈ। ਇਸ ਤੋਂ ਉਪਰ ਬ੍ਰਹਿਮੰਡ ਸ਼ੁਰੂ ਹੁੰਦਾ ਹੈ। ਸਹੰਸਰ ਅਤੇ ਸੁੰਨ ਚੱਕਰ ਇਸ ਦਾ ਸੰਕੇਤਕ ਸਥੂਲ ਰੂਪ (Cerebral Plexus) ਹੈ। ਤਾਲੂ ਦੇ ਉਪਰ ਮਸਤਕ ਵਿਚ ਬ੍ਰਹਮ ਰੁੰਦਰ ਤੋਂ ਉਪਰ ਸਾਰੀਆਂ ਸ਼ਕਤੀਆਂ ਦਾ ਇਹ ਕੇਂਦਰ ਹੈ। ਨਾਨਾ ਰੰਗ ਦੇ ਪ੍ਰਕਾਸ਼ ਨਾਲ ਯੁਕਤ ਸਹੰਸਰ ਹਜ਼ਾਰਾਂ ਪੰਖੜੀਆਂ ਵਾਲੇ ਕਮਲ ਵਰਗਾ ਹੈ। ਪੰਖੜੀਆਂ ਤੇ 'ਅ' ਤੋਂ ਲੈ ਕੇ 'ਖ਼' ਤਕ ਸਾਰੇ ਸੁਰ ਅਤੇ ਵਰਣ ਹਨ। ਇਸ ਥਾਂ ਤੇ ਜੋਗੀ ਲੋਕ ਯੋਗ ਦੇ ਬਲ ਨਾਲ ਸਰਬ ਵਿਦਿਆ ਗਿਆਨ ਪ੍ਰਾਪਤ ਕਰਕੇ ਸਾਰੀਆਂ ਵਿਦਿਆਵਾਂ, ਬੋਲੀਆਂ, ਭੂਤ, ਭਵਿਖਤ, ਵਰਤਮਾਨ ਗੱਲਾਂ ਤੋਂ ਜਾਣੂ ਹੋ ਜਾਇਆ ਕਰਦੇ ਹਨ। ਇਸ ਥਾਂ ਦੇ ਉਤੇ ਪਾਰਬ੍ਰਹਮ ਦਾ ਆਪਣੀ ਸ਼ਕਤੀ ਸਮੇਤ ਨਿਵਾਸ ਹੈ। ਇਸ ਸਥਾਨ ਤੇ ਮਨ ਦੇ ਸਥਿਰ ਹੋ ਜਾਣ ਨਾਲ ਸਰਬ ਬਿਰਤੀਆਂ ਦਾ ਨਿਰੋਧ ਹੋ ਜਾਂਦਾ ਹੈ ਅਤੇ 'ਅਸੰਪ੍ਰਗਿਆਤ ਸਮਾਧੀ' ਦੀ ਯੋਗਤਾ ਇਸ ਸਥਾਨ ਤੇ ਪ੍ਰਾਪਤ ਹੋ ਜਾਂਦੀ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਗੁਸ਼ਟ ਮਾਤਰ ਹਿਰਦੇ ਪੁਰਸ਼ ਦਾ ਸਥਾਨ ਇਸ ਥਾਂ ਹੀ ਹੈ। ਇਹ ਹੀ ਅੰਗੁਸ਼ਟ ਮਾਤਰ ਅਕਾਸ਼ ਵਾਲਾ ਹੈ ਅਤੇ ਇਹ ਹੀ ਚਿਤ ਦਾ ਸਥਾਨ ਹੈ; ਜਿਸ ਵਿਚ ਆਤਮ ਗਿਆਨ ਦਾ ਪ੍ਰਕਾਸ਼ ਅਥਵਾ ਪ੍ਰਤੀਬਿੰਬ ਪੈ ਰਿਹਾ ਹੈ ਅਤੇ ਇਸੇ ਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਤੇ ਅਸੰਪ੍ਰਗਿਆਤ (ਨਿਰਵਿਕਲਪ) ਸਮਾਧੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਰਬ ਬਿਰਤੀਆਂ ਦਾ ਨਿਰੋਧ ਹੋ ਜਾਂਦਾ ਹੈ। ਇਸ ਅਸਥਾਨ ਤੇ ਆਤਮਾ ਦਾ ਪ੍ਰਕਾਸ਼, ਚਿਤ ਉਪਰ ਪੈਂਦਾ ਹੈ, ਚਿਤ ਹੀ ਕਾਰਨ ਸਰੀਰ ਹੈ, ਇਸ ਕਾਰਨ ਸਰੀਰ ਦੇ ਸਬੰਧ ਕਰਕੇ ਪਰਿਪੂਰਨ ਆਤਮਾ ਦਾ ਨਾਮ ਜੀਵ ਆਤਮਾ ਹੋ ਜਾਂਦਾ ਹੈ। ਕਾਰਨ ਸਰੀਰ, ਸੂਖਸ਼ਮ ਸਰੀਰ ਵਿਚ ਵਿਆਪਕ ਹੋ ਰਿਹਾ ਹੈ ਅਤੇ ਸੂਖਸ਼ਮ ਸਰੀਰ, ਸਥੂਲ ਸਰੀਰ ਵਿਚ। ਇਸ ਤਰ੍ਹਾਂ ਜੀਵ-ਆਤਮਾ ਸਾਰੇ ਹੀ ਸਰੀਰ ਵਿਚ ਵਿਆਪਕ ਹੈ। ਫੇਰ ਉਸ ਕਾਰਿਆ ਭੇਦ ਨਾਲ ਉਸਦੇ ਕਾਰਿਆ ਸਥਾਨ ਦੱਸੇ ਜਾ ਸਕਦੇ ਹਨ। ਮਤਲਬ ਕਿ ਸੂਖਸ਼ਮ ਅਵਸਥਾ ਵਿਚ ਜੀਵ-ਆਤਮਾ ਦਾ ਸਥਾਨ ਹਿਰਦਾ ਦੇਸ਼ ਦੱਸਿਆ ਗਿਆ ਹੈ ਕਿਉਂਕਿ ਹਿਰਦਾ, ਸਰੀਰ ਦਾ ਮੁਖ ਸਥਾਨ ਹੈ। ਇਥੋਂ ਹੀ ਸਾਰੇ ਸਰੀਰ ਵਿਚ ਨਾੜੀਆਂ ਜਾ ਰਹੀਆਂ ਹਨ। ਸਾਰੇ ਸਰੀਰ ਦਾ ਆਂਤਰਿਕ ਕੰਮ ਇਥੋਂ ਹੀ ਹੋ ਰਿਹਾ ਹੈ। ਸਥੂਲ ਹਿਰਦੇ ਦੀ ਗਤੀ ਰੁਕਣ ਨਾਲ ਸਾਰੇ ਸਰੀਰ ਦੇ ਕਾਰਜ ਬੰਦ ਹੋ ਜਾਂਦੇ ਹਨ। ਇਸ ਲਈ ਸਖੋਪਤ ਅਵਸਥਾ ਵਿਚ ਜੀਵ-ਆਤਮਾ ਦਾ ਸਥਾਨ 'ਹਿਰਦਾ' ਕਿਹਾ ਜਾ ਸਕਦਾ ਹੈ। ਸਵੱਪਨ ਅਵਸਥਾ ਵਿਚ ਜੀਵ-ਆਤਮਾ ਦਾ ਅਸਥਾਨ 'ਕੰਠ' ਦੱਸਿਆ ਜਾਂਦਾ ਹੈ ਕਿਉਂਕਿ ਜਾਗਰਤ ਅਵਸਥਾ ਵਿਚ ਜੋ ਪਦਾਰਥ ਦੇਖੇ, ਸੁਣੇ ਜਾਂ ਭੋਗੇ ਜਾਂਦੇ ਹਨ, ਉਨ੍ਹਾਂ ਦਾ ਸੰਸਕਾਰ, ਵਾਲ ਦੇ ਹਜ਼ਾਰਵੇਂ ਭਾਗ ਵਿਚ ਸਥਿਤ ਇਕ 'ਹਿਤਾ' ਨਾਮ ਦੀ ਨਾੜੀ ਵਿਚ ਰਹਿਣਾ ਦੱਸਿਆ ਜਾਂਦਾ ਹੈ। ਇਸ ਲਈ ਅਨਭੂਤ ਪਦਾਰਥ ਅਤੇ ਉਨ੍ਹਾਂ ਦਾ ਗਿਆਨ, ਸੁਪਨ ਅਵਸਥਾ ਵਿਚ ਕੰਠ ਵਿਚ ਹੁੰਦਾ ਹੈ। ਜਾਗਰਤ ਅਵਸਥਾ ਵਿਚ ਜੀਵ ਆਤਮਾ ਇੰਦ੍ਰੀਆਂ ਦੀ ਮਦਦ ਨਾਲ ਬਾਹਰ ਪਰਚੀ ਰਹਿੰਦੀ ਹੈ, ਜਿਵੇਂ ਕਿ ਗੁਰਬਾਣੀ ਵਿਚ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ -

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਪੰਨਾ - 339*

ਅੱਖਾਂ ਵਿਚੀਂ ਜੋ ਦੇਖਦਾ ਹੈ, ਉਹ ਆਤਮਾ ਹੈ। ਸਮਾਧੀ ਵਿਚ ਜੀਵ-ਆਤਮਾ ਦਾ ਥਾਂ, ਆਗਿਆ ਚੱਕਰ ਕਿਹਾ ਜਾਂਦਾ ਹੈ। ਇਹੀ ਦਿਬ ਦ੍ਰਿਸ਼ਟ ਸਥਾਨ ਹੈ, ਇਥੋਂ ਹੀ ਇਸਨੂੰ ਦਿਬ ਨੇਤਰ ਪ੍ਰਾਪਤ ਹੁੰਦੇ ਹਨ। ਅਸੰਪ੍ਰਗਿਆਤ ਸਮਾਧੀ ਵੇਲੇ ਜੀਵ-ਆਤਮਾ ਬ੍ਰਹਮ ਰੁੰਦਰ ਵਿਚ ਹੁੰਦੀ ਹੈ ਕਿਉਂਕਿ ਇਸ ਸਥਾਨ ਤੇ ਹੀ ਸਾਰੀਆਂ ਬਿਰਤੀਆਂ ਦਾ ਨਿਰੋਧ ਹੁੰਦਾ ਹੈ।

**ਕੁੰਡਲਨੀ ਸ਼ਕਤੀ** – ਬ੍ਰਹਿਮੰਡ ਵਿਚ ਜਿੰਨੀਆਂ ਸ਼ਕਤੀਆਂ ਵਰਤਮਾਨ ਹਨ, ਉਨ੍ਹਾਂ ਸਾਰੀਆਂ ਸ਼ਕਤੀਆਂ ਨੂੰ ਵਾਹਿਗੁਰੂ ਜੀ ਨੇ ਸਰੀਰ ਰੂਪੀ ਪਿੰਡ ਦੇ ਇਸ ਭਾਗ ਵਿਚ ਇਕੱਠੀਆਂ ਕਰ ਦਿਤਾ ਹੈ। ਪਰ ਸੁਖਮਨਾ ਨਾੜੀ ਦਾ ਮੁਖ ਤਿਕੋਣ ਮੇਰੁਦੰਡ ਦੇ ਵਿਚੀਂ ਹੁੰਦਾ ਹੋਇਆ ਉਪਰ ਨੂੰ ਚਲਦਾ ਹੈ। ਸਧਾਰਣ ਅਵਸਥਾ ਵਿਚ ਇਹ ਬੰਦ (ਸੁੱਤੀ) ਪਈ ਰਹਿੰਦੀ ਹੈ। ਇਸੇ ਕਰਕੇ ਇਸਦੀ ਸ਼ਕਤੀ ਗੁਪਤ ਰਹਿੰਦੀ ਹੈ। ਇਸ ਕਰਕੇ ਇਸ ਦੀ ਸ਼ਕਤੀ ਪ੍ਰਾਣ ਸ਼ਕਤੀ ਨਾਲ ਮਿਲ ਕੇ ਇੜਾ ਤੇ ਪਿੰਗਲਾ ਦੁਆਰਾ ਖੱਬੇ ਅਤੇ ਸੱਜੇ ਰਸਤੇ ਹੁੰਦੀ ਹੋਈ ਚੱਕਰਾਂ ਨੂੰ ਛੂੰਹਦੀ ਉਪਰ ਨੂੰ ਚਲਦੀ ਹੈ। ਸਾਰੇ ਸਰੀਰ ਵਿਚ ਪ੍ਰਵਾਹਿਤ ਹੁੰਦੀ ਰਹਿੰਦੀ ਹੈ। ਇਸੇ ਤ੍ਰਿਕੋਣ ਯੋਨਿ ਮੰਡਲ ਵਿਚ ਇਕ ਬਹੁਤ ਹੀ ਸੂਖਸ਼ਮ ਬਿਜਲੀ ਵਰਗੀ ਅਦਭੁਤ ਦਿਬ ਸ਼ਕਤੀ ਵਾਲੀ ਨਾੜੀ ਲਿਪਟੀ ਹੋਈ ਪਈ ਹੈ। ਇਸ ਦਾ ਦ੍ਰਿਸ਼ਟਾਂਤ ਇਕ ਐਸੀ ਸਰਪਣੀ ਨਾਲ ਦੇ ਸਕਦੇ ਹਾਂ ਜੋ ਸਾਢੇ ਤਿੰਨ ਲਪੇਟ ਖਾਂਦੀ ਹੋਈ ਆਪਣੀ ਪੂੰਛ ਨੂੰ ਮੁੱਖ ਵਿਚ ਦਬਾ ਕੇ ਸੌਂ ਰਹੀ ਹੈ। ਇਸਨੂੰ 'ਕੁੰਡਲਨੀ ਸ਼ਕਤੀ' ਕਹਿੰਦੇ ਹਨ। ਇਹ ਨਾੜੀ ਬਿਨਾਂ ਪ੍ਰਯੋਗ ਦੇ ਸੁੱਤੀ ਪਈ ਰਹਿੰਦੀ ਹੈ। ਇਸ ਦਾ ਸਰੀਰ ਸਬੰਧੀ ਕੋਈ ਕੰਮ ਬਾਹਰਲੀ ਦ੍ਰਿਸ਼ਟ ਤੋਂ ਪ੍ਰਤੀਤ ਨਹੀਂ ਹੁੰਦਾ। ਇਸੇ ਕਰਕੇ ਇਸ ਦੇ ਕੰਮ ਦਾ physiologist ਕੁਛ ਪਤਾ ਨਹੀਂ ਲਗਾ ਸਕੇ ਪ੍ਰੰਤੂ ਪੁਰਾਣੇ ਸਮਿਆਂ ਵਿਚ ਯੂਨਾਨ, ਰੋਮ ਆਦਿਕ ਥਾਵਾਂ ਦੇ ਵਿਦਵਾਨ ਜਿਵੇਂ ਕਿ Plato (ਅਫਲਾਤੂ), Pythogorus (ਪਿਥਾਗੋਰਸ) ਵਰਗੇ ਆਤਮ ਦਰਸ਼ੀ ਵਿਦਵਾਨਾਂ ਨੇ ਇਸਦਾ ਸੰਕੇਤ ਆਪਣੀਆਂ ਲਿਖਤਾਂ ਵਿਚ ਦਿਤਾ ਹੈ ਅਤੇ ਉਹ ਲਿਖਦੇ ਹਨ ਕਿ ਨਾਭੀ ਦੇ ਹੇਠਾਂ ਇਕ ਐਸੀ ਅਦਭੂਤ ਸ਼ਕਤੀ ਹੈ ਜੋ ਬੁੱਧੀ ਨੂੰ ਪ੍ਰਕਾਸ਼ ਦੇ ਕੇ ਉਜਲ ਕਰ ਦਿੰਦੀ ਹੈ। ਜਿਸ ਤੋਂ ਆਦਮੀ ਦੇ ਅੰਦਰ ਦਿਬ ਸ਼ਕਤੀਆਂ ਪ੍ਰਗਟ ਹੋ ਜਾਇਆ ਕਰਦੀਆਂ ਹਨ।

ਇਹ ਨਾੜੀ ਜੇ ਕਿਸੇ ਪ੍ਰਕਾਰ ਸਾਧਨ ਕਰਨ ਨਾਲ ਆਪਣੇ ਲਪੇਟਾਂ ਨੂੰ ਖੋਲ੍ਹ ਕੇ ਸਿਧੀ ਹੋ ਜਾਵੇ ਤੇ ਉਸਦਾ ਮੁਖ, ਸੁਖਮਨਾ ਨਾੜੀ ਦੇ ਭੀਤਰ ਚਲਾ ਜਾਏ ਤਾਂ ਇਸਨੂੰ ਕੁੰਡਲਨੀ ਨਾੜੀ ਜਾਗਰਤ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਘਰ ਵਿਚ ਲਗੀ ਹੋਈ ਬਿਜਲੀ ਦੇ ਬਟਨ ਦਬਾਉਣ ਨਾਲ ਬਲਬ, ਪੱਖੇ, ਫਰਿਜ਼ ਸਭ ਚਲ ਜਾਂਦੇ ਹਨ। ਇਸੇ ਤਰ੍ਹਾਂ ਦੇ ਨਾਲ ਕੁੰਡਲਨੀ ਸ਼ਕਤੀ ਦਾ ਸਵਿੱਚ (switch) ਦਬਾਉਣ ਨਾਲ electric current ਸੁਖਮਨਾ ਰੂਪੀ ਤਾਰ ਨਾਲ ਸਾਰੇ ਸਰੀਰ ਵਿਚ ਪਹੁੰਚ ਜਾਂਦਾ ਹੈ ਅਤੇ ਇਹ ਸਾਰੇ ਚੱਕਰਾਂ ਅਤੇ ਨਾੜੀਆਂ ਨੂੰ ਪ੍ਰਕਾਸ਼ਿਤ ਕਰ ਦਿੰਦੀ ਹੈ। ਜਿਥੇ-ਜਿਥੇ ਵੀ ਇਹ ਕੁੰਡਲਨੀ ਸ਼ਕਤੀ ਪਹੁੰਚ ਜਾਂਦੀ ਹੈ, ਸਾਰੇ ਕਮਲ ਸਿੱਧੇ ਹੋ ਜਾਂਦੇ ਹਨ ਅਤੇ ਮਨ ਟਿੱਕ ਜਾਂਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*

ਇਹੁ ਮਨੁ ਬਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ॥
ਸਭਿ ਸਖੀਆ ਪੰਚੇ ਮਿਲੇ
ਗੁਰਮੁਖਿ ਨਿਜ ਘਰਿ ਵਾਸੁ॥
ਸਬਦੁ ਖੋਜਿ ਇਹੁ ਘਰੁ ਲਹੈ
ਨਾਨਕੁ ਤਾ ਕਾ ਦਾਸੁ॥ ਪੰਨਾ - 1291

ਜਦ ਇਹ ਆਗਿਆ ਚੱਕਰ ਵਿਚ ਪਹੁੰਚ ਜਾਂਦੀ ਹੈ ਤਾਂ ਸੰਪ੍ਰਗਿਆਤ ਅਤੇ ਦਸਵੇਂ ਦੁਆਰ ਵਿਚ ਵੀ ਪਹੁੰਚ ਜਾਂਦੀ ਹੈ ਤਾਂ ਸਾਰੀਆਂ ਬਿਰਤੀਆਂ ਦਾ ਨਿਰੋਧ ਹੋ ਕੇ ਅਸੰਪ੍ਰਗਿਆਤ ਸਮਾਧ ਦੀ ਵਾਸਤਵਿਕ ਰੂਪ ਵਿਚ ਯੋਗਤਾ ਪ੍ਰਾਪਤ ਹੋ ਜਾਂਦੀ ਹੈ। ਇਸ ਅਵਸਥਾ ਵਿਚ ਜਗਿਆਸੂ ਨੂੰ ਸਾਰੇ ਸੰਸਾਰ ਦਾ ਗਿਆਨ ਬਹੁਤ ਹੀ ਸ਼ੀਘਰ ਪ੍ਰਾਪਤ ਹੋ ਜਾਂਦਾ ਹੈ। ਕੁੰਡਲਨੀ ਸ਼ਕਤੀ ਦਾ ਸੁਖਮਨਾ ਦੇ ਮੁਖ ਵਿਚ ਪ੍ਰਵੇਸ਼ ਹੋਣ ਨਾਲ ਨਾਮ, ਪ੍ਰਕਾਰ ਦੇ ਅਨੁਭਵ ਹੋਣ ਲਗ ਜਾਂਦੇ ਹਨ। ਉਨ੍ਹਾਂ ਨੂੰ ਪ੍ਰਗਟ ਕਰਨਾ ਵਰਜਿਤ ਹੈ। ਉਸ ਬਾਰੇ ਸੰਕੇਤ ਹੈ -

ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ॥ ਪੰਨਾ - 580

ਇਤਨੇ ਬਚਨ ਕਰਦਿਆਂ ਹੀ ਸਮਾਂ ਹੋ ਗਿਆ ਸੀ। ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਇਸ ਦੇ ਉਪਰ ਬ੍ਰਹਿਮੰਡ ਦਾ ਸੁੰਨ ਸਥਾਨ ਹੈ ਅਤੇ ਉਸ ਤੋਂ ਉਪਰ ਖੰਡ ਅਤੇ ਬ੍ਰਹਿਮੰਡ ਖਤਮ ਹੋ ਜਾਂਦੇ ਹਨ। ਮਾਇਆ ਤੋਂ ਪਾਰ ਹੋਇਆ ਜਗਿਆਸੂ ਨਾਮ, ਸਿਮਰਨ ਦੇ ਬਲ ਨਾਲ ਸਚਖੰਡ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਸਾਕਾਰ ਮੰਡਲ ਦੇ ਬੇਅੰਤ ਨਜ਼ਾਰੇ ਵੇਖ ਕੇ ਅਨੰਦਿਤ ਹੁੰਦਾ ਹੈ। ਇਸ ਤੋਂ ਉਪਰ 'ਨਾਨਕ ਨਦਰੀ ਨਦਰਿ ਨਿਹਾਲ' ਦਾ ਕਰਿਸ਼ਮਾ ਵਰਤਦਾ ਹੈ ਅਤੇ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਵਿਛੜੀ ਹੋਈ ਜੀਵ ਆਤਮਾ ਨੂੰ ਆਪਣੇ ਅਗੰਮ, ਅਕਹਿ ਅਤੇ ਅਲਖ ਦੇਸ਼ ਵਿਚ ਖਿਚ ਕੇ ਆਪਣਾ ਰੂਪ ਬਣਾ ਲੈਂਦਾ ਹੈ। ਜਿਵੇਂ ਕਿ ਫੁਰਮਾਨ ਹੈ -

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥ ਪੰਨਾ - 278

ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਹੈ ਕਿ -

ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397
ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486

ਸੁਖਮਨੀ ਸਾਹਿਬ ਵਿਚ ਵੀ ਫੁਰਮਾਇਆ ਹੈ -

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273

ਇਸ ਅਵਸਥਾ ਵਿਚ ਪਹੁੰਚੇ ਹੋਏ ਨੂੰ ਸੰਤ, ਬ੍ਰਹਮਗਿਆਨੀ, ਖਾਲਸਾ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਪਰ ਮੂਰਖ ਲੋਕ ਅਗਿਆਨ ਦੇ ਹਨ੍ਹੇਰੇ ਵਿਚ ਬੁਰੀ ਤਰ੍ਹਾਂ ਖਚਿਤ ਹੋਏ ਹੋਏ ਇਸ ਗੁਰ ਸਿਧਾਂਤ ਨੂੰ ਪ੍ਰਵਾਨ ਨਾ ਕਰਕੇ ਮਨਮੁਖ ਦੀ ਉਪਾਧੀ ਪ੍ਰਾਪਤ ਕਰਦੇ ਹਨ ਅਤੇ ਕਾਵਾਂ ਦੀ ਤਰ੍ਹਾਂ ਕਾਵਾਂਰੌਲੀ ਪਾ ਕੇ ਸਤਿ ਦੇ ਮਾਰਗ ਨੂੰ ਭ੍ਰਿਸ਼ਟ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਤੋਂ ਮੁਨਕਰ ਹੋ ਕੇ ਇਹ ਗੁਰੂ ਤੋਂ ਬੇਮੁਖ ਹੋਏ, ਭੇਖਾਂ ਦੀ ਮਦਦ ਨਾਲ ਕੋਈ ਅਵਸਥਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜੰਮਣ ਮਰਣ ਦਾ ਚੱਕਰ ਇਨ੍ਹਾਂ ਦੇ ਸਿਰੋਂ ਉਤਰ ਨਹੀਂ ਸਕਦਾ। ਅਧਿਆਤਮ ਵਿਚਾਰ, ਤੱਤ ਵਿਚਾਰ ਹੈ, ਜਿਸ ਨੂੰ ਗੁਰਬਾਣੀ ਦੀ ਰੋਸ਼ਨੀ ਦੇ ਅੰਦਰ ਮੰਨ ਲੈਣ ਨਾਲ ਹੀ ਕਲਿਆਣ ਹੈ।

ਇਸ ਕਰਕੇ ਪ੍ਰੇਮੀ ਜਨੋ! ਭਾਵੇਂ ਤੁਸੀਂ ਬਹੁਤ ਸਾਰੀਆਂ ਸੰਪਰਦਾਵਾਂ ਨਾਲ ਸਬੰਧ ਰਖਦੇ ਹੋ ਅਤੇ ਬਹੁਤ ਸਾਰੇ ਮਹਾਂਪੁਰਸ਼ਾਂ ਤੋਂ ਤੱਤ ਉਪਦੇਸ਼ ਸੁਣਦੇ ਹੋ ਪਰ ਜਦੋਂ ਤੀਕਰ ਤੁਸੀਂ ਦ੍ਵੈਤ ਦੇ ਚਿੱਕੜ ਵਿਚੋਂ ਆਪਣੇ ਆਪ ਨੂੰ ਕੱਢ ਕੇ 'ਸਬਦਿ ਸੁਰਤਿ ਮਾਰਗ' ਦੇ ਬਲ ਨਾਲ ਇਨ੍ਹਾਂ ਉਪਰਲੇ ਬ੍ਰਹਿਮੰਡੀ ਮੁਕਾਮਾਂ ਵਿਚ ਪ੍ਰਵੇਸ਼ ਨਹੀਂ ਕਰਦੇ ਓਨੀ ਦੇਰ ਤੱਕ ਇਹ ਅਵਸਥਾ ਬਣੀ ਰਹਿੰਦੀ ਹੈ -

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥
ਪੰਨਾ - 85

ਸੋ ਸਾਰੀ ਸੰਗਤ ਨੇ ਮਹਾਂਪੁਰਸ਼ਾਂ ਨੂੰ ਬਹੁਤ ਸ਼ਰਧਾ ਸਹਿਤ ਨਮਸਕਾਰ ਕੀਤੀ ਤੇ ਸ਼ਾਮ ਦੇ ਦੀਵਾਨ ਵਿਚ ਮਹਾਂਪੁਰਸ਼ਾਂ ਦੇ ਬਚਨਾਂ ਦੀ ਤੀਬਰ ਇੱਛਾ ਰਖਦੇ ਹੋਏ ਆਪਣੇ-ਆਪਣੇ ਕਾਰਜਾਂ ਵਿਚ ਪ੍ਰਵਿਰਤ ਹੋਏ।


With best compliments from :-

CITY COMPUTER EDUCATIONAL INSTITUTE

REGD. OFFICE : OFFICE S.C.O. 37 (1st FLOOR), SECTOR 35-C, CHANDIGARH.
INSTITUTE : # 543, PHASE 1ST (AT THE BACK OF FRANCO HOTEL), S.A.S. NAGAR, MOHALI

Certificate Courses in DTP & Engineering Designing

# ਭੂਲੀ ਠਉਰ ਨ ਕਾਇ॥

ਪ੍ਰੋ. ਗੁਰਦੇਵ ਸਿੰਘ

ਵਾਹਿਗੁਰੂ ਜੀ ਦੀ ਰੰਗਾ ਰੰਗੀ ਦੁਨੀਆਂ ਵਿਚ ਅਨੇਕਾਂ ਪ੍ਰਕਾਰ ਨਾਲ ਜੀਵਾਂ ਦੀ ਉਤਪਤੀ ਤੇ ਸੰਘਾਰ ਦਾ ਪਰਵਾਹ ਸਦੀਆਂ ਤੋਂ ਨਿਰੰਤਰ ਚਲ ਰਿਹਾ ਹੈ ਜਿਸਦਾ ਕੋਈ ਪਾਰਾਵਾਰ ਨਹੀਂ, ਨਾ ਹੀ ਕੋਈ ਥਹੁ ਪਤਾ ਹੈ ਅਤੇ ਸਤਿਗੁਰੂ ਜੀ ਦੇ ਪਵਿੱਤਰ ਫੁਰਮਾਨ ਦੀ ਅਟੱਲ ਸਚਿਆਈ ਨੂੰ ਦਰਸਾਉਂਦਾ ਹੈ –

*ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਪੰਨਾ - 4*

ਵਾਹਿਗੁਰੂ ਜੀ ਦੀ ਇਸ ਫੁਲਵਾੜੀ ਵਿਚ ਅਨੇਕਾਂ ਤਰ੍ਹਾਂ ਦੇ ਦ੍ਰਿਸ਼ ਵੇਖਣ ਨੂੰ ਮਿਲਦੇ ਹਨ ਜਿਵੇਂ ਦਿਨ ਤੇ ਰਾਤ, ਸੁੰਦਰਤਾ ਤੇ ਕੋਹਝਾਪਣ, ਖੁਸ਼ੀ ਤੇ ਗਮੀ, ਅਮੀਰੀ-ਗਰੀਬੀ, ਖੁਸ਼ਹਾਲੀ-ਮੰਦਹਾਲੀ, ਅਰੋਗਤਾ ਤੇ ਬੀਮਾਰੀ ਆਦਿ ਪ੍ਰਮੇਸ਼ਰ ਦੀ ਇਸ ਕਾਰੀਗਰੀ ਵਿਚ ਹਰ ਚੀਜ਼ ਇਕ ਦੂਸਰੀ ਤੋਂ ਭਿੰਨ ਹੈ ਭਾਵੇਂ ਉਹ ਦਰਖ਼ਤ ਹੋਣ, ਪੱਤੇ ਹੋਣ, ਫੁੱਲ ਹੋਣ, ਫਲ ਹੋਣ, ਪਸ਼ੂ ਹੋਣ, ਪਰਿੰਦੇ ਹੋਣ, ਪੇਟ ਭਾਰ ਚੱਲਣ ਵਾਲੇ ਜੀਵ-ਜੰਤੂ ਹੋਣ ਜਾਂ ਮਨੁੱਖ ਹੋਣ। ਅਨੇਕਾਂ ਰੂਪਾਂ ਵਿਚ ਪਸਰਿਆ, ਅਨੇਕਤਾ ਵਿਚ ਏਕਤਾ ਦਰਸਾਉਂਦਾ, ਇਕ ਸੂਤਰ ਵਿਚ ਪ੍ਰੋਤੀ ਇਸ ਸ੍ਰਿਸ਼ਟੀ ਦਾ ਮਾਲਕ, ਪਿਆਰ ਦਾ ਸਰੂਪ ਹੋ ਕੇ ਫੈਲਿਆ ਹੋਇਆ ਹੈ।

ਪ੍ਰਭੂ ਜੀ ਦੀ ਇਸ ਕਾਇਨਾਤ ਦਾ ਸਭ ਤੋਂ ਉਤਮ ਕਰਿਸ਼ਮਾ ਮਨੁੱਖ ਹੈ ਜਿਸਨੂੰ ਇਸ ਧਰਤੀ ਦੇ ਸਭ ਜੀਵਾਂ ਦਾ ਸਰਦਾਰ ਬਣਾ ਕੇ ਭੇਜਿਆ ਹੈ –

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਪੰਨਾ - 374*

ਦੇ ਮਹਾਂਵਾਕ ਅਨੁਸਾਰ ਇਸਨੂੰ ਵਡਿਆਈ ਬਖਸ਼ੀ ਹੈ ਅਤੇ ਇਸ ਧਰਤੀ ਦੀ ਰਚਨਾ ਕੇਵਲ ਸੰਤਾਂ ਤੇ ਪ੍ਰਭੂ ਦੇ ਪਿਆਰਿਆਂ ਵਾਸਤੇ ਹੀ ਪ੍ਰਭੂ ਨੇ ਕੀਤੀ ਹੈ –

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਪੰਨਾ - 224*

ਜਦ ਇਸ ਸ੍ਰਿਸ਼ਟੀ ਦੀ ਰਚਨਾ ਪ੍ਰਭੂ ਪਿਆਰਿਆਂ ਤੇ ਨਾਮ ਜਪਣ ਵਾਲਿਆਂ ਵਾਸਤੇ ਹੀ ਕੀਤੀ ਗਈ ਸੀ ਤਾਂ ਫਿਰ ਇਥੇ ਚੋਰ ਉਚੱਕੇ ਤੇ ਮਨਮੁਖ ਕਿਥੋਂ ਆ ਗਏ?

ਪ੍ਰਭੂ ਜੀ ਨੇ ਮਨੁੱਖ ਨੂੰ ਨਾਮ ਜਪਣ, ਭਗਤੀ ਭਾਵ ਦਾ ਜੀਵਨ ਬਤੀਤ ਕਰਨ ਤੇ ਮਨੁੱਖਤਾ ਤੇ ਪ੍ਰਭੂ ਪਿਆਰਿਆਂ ਦੀ ਸੇਵਾ ਲਈ ਪੈਦਾ ਕੀਤਾ ਹੈ ਤਾਂ ਕਿ ਸੰਸਾਰ ਵਿਚ ਸੁਖ ਤੇ ਸ਼ਾਂਤੀ ਬਣੀ ਰਹੇ ਅਤੇ ਖੁਸ਼ਹਾਲੀ ਦਾ ਵਾਤਾਵਰਣ ਛਾਇਆ ਰਹੇ। ਸ੍ਰਿਸ਼ਟੀ ਦੇ ਕਿਸੇ ਜੀਵ ਨੂੰ ਦੁਖੀ ਨਾ ਕੀਤਾ ਜਾਵੇ। ਐਸੀ ਆਦਰਸ਼ਕ ਮਨੁੱਖਾ ਦੇਹੀ ਦੀ ਪ੍ਰਾਪਤੀ ਲਈ ਸਵਰਗਾਂ ਵਿਚ ਬੈਠੇ ਦੇਵਤਾ ਲੋਕ ਵੀ ਅਰਦਾਸਾਂ ਕਰਦੇ ਹਨ ਕਿ ਹੇ ਪ੍ਰਭੂ! ਸਾਡਾ ਸਵਰਗ ਛੇਤੀ ਖ਼ਤਮ ਹੋਵੇ ਅਤੇ ਅਸੀਂ ਮਾਤ ਲੋਕ ਵਿਚ ਜਾ ਕੇ ਮਨੁੱਖਾ ਦੇਹੀ ਪ੍ਰਾਪਤ ਕਰਕੇ ਕਰਮ, ਉਪਾਸ਼ਨਾ, ਗਿਆਨ ਅਤੇ ਵਿਗਿਆਨ ਦਾ ਸਾਧਨ ਕਰਕੇ ਮੋਕਸ਼ ਦੀ ਪ੍ਰਾਪਤੀ ਕਰੀਏ –

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥ ਪੰਨਾ - 1159*

ਪਰ ਇਸ ਤੋਂ ਉਲਟ ਇਹ ਕੀ ਹੋ ਗਿਆ? ਪ੍ਰਮਾਰਥ ਦੇ ਰਸਤੇ ਚਲਣ ਦੀ ਥਾਂ ਨਾਸਤਿਕਤਾ ਛਾ ਗਈ, ਸ਼ੁਭ ਗੁਣਾਂ ਦੀ ਥਾਂ ਠੱਗੀ, ਫਰੇਬ ਤੇ ਅਵਗੁਣਾਂ ਨੇ ਮੱਲ ਲਈ, ਪ੍ਰਕਾਸ਼ ਦੀ ਥਾਂ ਹਨ੍ਹੇਰੇ ਨੇ ਲੈ ਲਈ, ਤੇ ਫਿਰ ਇਸ ਜੀਵ ਦਾ ਛੁਟਕਾਰਾ ਕਿਸ ਤਰ੍ਹਾਂ ਹੋਵੇਗਾ ਤੇ ਇਹ ਅਨੰਤਕਾਲ ਇਸ ਜਨਮ ਮਰਨ ਦੇ ਲੰਮੇ ਚੱਕਰ ਵਿਚ ਭਟਕਦਾ ਰਹੇਗਾ, ਕੀ ਕਾਰਨ ਹੈ?

ਜਿਵੇਂ ਕਿਸਾਨ ਧਰਤੀ ਵਿਚ ਜੋ ਬੀਜ ਬੀਜਦਾ ਹੈ, ਉਹੋ ਜਿਹਾ ਉਗਦਾ ਹੈ ਤੇ ਫਲ ਪੈਂਦਾ ਹੈ। ਮਿਸਾਲ ਦੇ ਤੌਰ ਤੇ ਜੇ ਅੰਗੂਰਾਂ ਦਾ ਬੀਜ ਬੀਜਿਆ ਹੋਵੇਗਾ, ਉਸ ਨੂੰ ਅਵੱਸ਼ ਅੰਗੂਰ ਹੀ ਲਗਣਗੇ; ਤੇ ਜੇ ਕਿੱਕਰਾਂ ਦੇ ਬੀਜ ਬੀਜੇਂਗਾ ਤਾਂ ਕਿੱਕਰਾਂ ਨੂੰ ਅੰਗੂਰ ਨਹੀਂ ਲਗ ਸਕਦੇ, ਉਸਨੂੰ ਤਾਂ ਕੰਡੇ ਹੀ ਲੱਗਦੇ ਹਨ ਜਿਵੇਂ ਗੁਰਵਾਕ ਹੈ –

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥*
*ਪੰਨਾ - 1379*

ਸੰਸਾਰ ਵਿਚ ਰਹਿੰਦਾ ਹੋਇਆ ਮਹਾਂਪੁਰਖਾਂ, ਸਾਧੂ ਸੰਤਾਂ ਤੇ ਗੁਰੂ ਸਾਹਿਬਾਨ ਦੇ ਪਾਵਨ ਉਪਦੇਸ਼ ਨੂੰ ਮੰਨਦਾ ਹੀ ਨਹੀਂ ਅਤੇ ਇਸਦੇ ਉਲਟ 'ਖਾਓ, ਪੀਓ ਅਤੇ ਐਸ਼ ਕਰੋ' ਦੀ ਬਿਰਤੀ ਧਾਰਨ ਕਰਦਾ ਹੋਇਆ ਦ੍ਰਿੜ੍ਹ ਕਰ ਲੈਂਦਾ ਹੈ ਕਿ 'ਇਹ ਜਗ ਮਿਠਾ ਅਗਲਾ ਕਿਨ ਡਿੱਠਾ।' ਝੂਠੀ ਮੈਂ ਨੂੰ ਸੱਚ ਜਾਣ ਕੇ ਹੈਂਕੜ ਵਿਚ, ਮਾਇਆ ਦੇ ਨਸ਼ੇ ਵਿਚ, ਸੁੰਦਰਤਾ ਤੇ ਜੋਬਨ ਦੇ ਮੱਦ ਵਿਚ, ਅਹੁਦੇ ਦੇ ਅਭਿਮਾਨ ਵਿਚ ਰੱਤਾ, ਸਭ ਕੁਝ ਸੁਣਦਿਆਂ ਹੋਇਆਂ ਵੀ ਅਣਸੁਣਿਆ ਕਰ ਦਿੰਦਾ ਹੈ ਤੇ ਮਹਾਂਪੁਰਸ਼ਾਂ ਦੇ ਸਤਿ ਬਚਨਾਂ ਨੂੰ ਨਹੀਂ ਮੰਨਦਾ ਤੇ ਜੀਵਨ ਦੀ ਧਾਰਾ ਨੂੰ ਸੱਚ ਨਾਲ ਜੋੜਨ ਤੋਂ ਇਨਕਾਰੀ ਰਹਿੰਦਾ ਹੈ –

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਪੰਨਾ - 1378*

ਚਾਰ ਵੇਦ, ਛੇ ਸ਼ਾਸ਼ਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਜੰਬੂਰ, ਅੰਜੀਲ, ਬਾਈਬਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪੁਕਾਰ-ਪੁਕਾਰ ਕੇ ਇਸਨੂੰ ਚੇਤੇ ਕਰਵਾ ਰਹੇ ਹਨ ਕਿ ਐ ਇਨਸਾਨ! ਤੂੰ ਇਥੇ ਕੇਵਲ ਨਾਮ ਜਪਣ ਲਈ ਆਇਆ ਹੈਂ ਤੇ ਤੇਰੇ ਜੀਵਨ ਦਾ ਮਨੋਰਥ ਨਾਮ ਜਪ ਕੇ ਮੋਕਸ਼ ਪ੍ਰਾਪਤ ਕਰਨਾ ਹੈ। ਨਾਮ ਜਪਣ ਤੋਂ ਬਿਨਾਂ ਜਿਤਨੇ ਭੀ ਅਵਰ ਕਾਜ ਹਨ, ਉਨ੍ਹਾਂ ਵਿਚ ਪ੍ਰਵਿਰਤ ਹੋ ਕੇ ਨਾਮ ਨੂੰ ਭੁੱਲ ਜਾਣਾ ਨਿਰਾਰਥਕ ਹੀ ਹੈ। ਪ੍ਰਮੇਸ਼ਰ ਨੂੰ ਭੁੱਲ ਕੇ ਵਿਹੁਲੇ ਕਰਮ ਕਰਕੇ ਲੇਖਾ ਦੇਣਾ ਪੈਂਦਾ ਹੈ –

*ਸਿੰਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ ਪੰਨਾ - 761*

*ਸਿੰਮ੍ਰਿਤਿ ਬੇਦ ਪੁਰਾਣ ਪੁਕਾਰਹਿ ਪੋਥੀਆ॥*
*ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥ ਪੰਨਾ - 761*

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥*

*ਪੰਨਾ - 473*

*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ਪੰਨਾ - 315*

ਐਸੇ ਮਨੁੱਖ ਜਦੋਂ ਕਰਮ ਬੀਜ ਰਹੇ ਹੁੰਦੇ ਹਨ ਤਾਂ ਉਹਨਾਂ ਨੂੰ ਪਤਾ ਨਹੀਂ ਲਗਦਾ। ਉਹ ਮਨਮੁਖਤਾ ਤੇ ਅਗਿਆਨਤਾ ਦੇ ਵਹਿਣ ਵਿਚ ਵਹਿ ਰਹੇ ਆਪਣੇ ਪੂਰਬਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ ਦੀ ਰਾਸ ਨੂੰ ਵੀ ਕੋਲਾ ਬਣਾ ਦਿਆ ਕਰਦੇ ਹਨ ਕਿਉਂਕਿ ਮਨਮੁਖ ਦਾ ਸੁਭਾਅ ਹੈ -

*ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥ਪੰਨਾ - 229*

ਜਿਸ ਤਰ੍ਹਾਂ ਸਾਖੀ ਹੈ ਕਿ ਦੋ ਪ੍ਰੇਮੀ ਹਰ ਰੋਜ਼ ਇਕੱਠੇ ਇਕ ਪਿੰਡ ਤੋਂ ਚਲ ਕੇ ਆਪਣੇ ਕੰਮ ਜਾਇਆ ਕਰਦੇ ਸਨ। ਉਹਨਾਂ ਵਿਚੋਂ ਇਕ ਤਾਂ ਮਹਾਤਮਾ ਦੀ ਸੰਗਤ ਤੇ ਸੇਵਾ ਕਰਿਆ ਕਰਦਾ ਸੀ ਤੇ ਦੂਜਾ ਨੇੜੇ ਦੇ ਸ਼ਹਿਰ ਵਿਚ ਸ਼ਰਾਬ, ਜੂਆ ਆਦਿ ਕੁਕਰਮ ਕਰਨ ਜਾਇਆ ਕਰਦਾ ਸੀ। ਜਿਥੇ ਦੋਨਾਂ ਦੇ ਰਸਤੇ ਵੱਖਰੇ ਹੁੰਦੇ, ਉਸ ਥਾਂ ਤੇ ਹੀ ਬੈਠ ਕੇ ਇਕ ਦੂਜੇ ਦਾ ਇੰਤਜ਼ਾਰ ਕਰਦੇ ਤੇ ਇਕੱਠੇ ਹੀ ਸ਼ਾਮ ਨੂੰ ਵਾਪਿਸ ਆਇਆ ਕਰਦੇ ਸਨ। ਮਹਾਤਮਾ ਦੀ ਸੰਗਤ ਕਰਨ ਵਾਲਾ ਪ੍ਰੇਮੀ ਦੂਜੇ ਨੂੰ ਸਮਝਾਉਂਦਾ ਰਹਿੰਦਾ ਸੀ ਕਿ ਤੂੰ ਵੀ ਮੇਰੇ ਨਾਲ ਚਲਿਆ ਕਰ, ਸਾਡੇ ਮਹਾਤਮਾ ਬਹੁਤ ਚੰਗੀਆਂ ਗੱਲਾਂ ਦੱਸਦੇ ਹਨ ਕਿ ਮਾੜੇ ਕਰਮ ਨਹੀਂ ਕਰਨੇ ਚਾਹੀਦੇ ਕਿਉਂਕਿ ਇਸ ਦਾ ਸਿੱਟਾ ਅਖੀਰ ਨੂੰ ਦੁਖ ਹੋਇਆ ਕਰਦਾ ਹੈ ਪਰੰਤੂ ਮਨਮੁਖ ਪ੍ਰੇਮੀ ਦੇ ਕਦੀ ਵੀ ਕੰਨੀ ਜੂੰ ਨਹੀਂ ਸੀ ਸਰਕਦੀ ਤੇ ਇਕ ਕੰਨ ਤੋਂ ਸੁਣ ਕੇ ਦੂਜੇ ਕੰਨੋਂ ਕੱਢ ਦਿਆ ਕਰਦਾ ਸੀ।

ਇਕ ਦਿਨ ਦਾ ਜ਼ਿਕਰ ਹੈ ਕਿ ਸਤਸੰਗੀ ਨੂੰ ਪਹੁੰਚਣ ਨੂੰ ਥੋੜ੍ਹੀ ਦੇਰ ਲਗ ਗਈ ਤੇ ਦੂਜਾ ਪ੍ਰੇਮੀ ਇਕ ਦਰਖ਼ਤ ਦੀ ਛਾਵੇਂ ਸੜਕ ਦੇ ਕੰਢੇ ਤੇ ਬੈਠ ਉਨਾਂ ਦੀ ਇੰਤਜ਼ਾਰ ਕਰਨ ਲਗ ਪਿਆ ਤੇ ਇਕ ਡੱਕਾ ਲੈ ਕੇ ਮਿੱਟੀ ਫਰੋਲਣ ਲਗ ਪਿਆ। ਇਸ ਫਰੋਲਾ ਫਰਾਲੀ ਤੇ ਪੁਟ ਪੁਟਾਈ ਵਿਚ ਹੇਠਾਂ ਕੁਝ ਚਮਕਦਾਰ ਤੇ ਸਖਤ ਚੀਜ਼ ਨਜ਼ਰੀਂ ਪਈ ਤੇ ਉਸ ਦੀ ਉਤਸੁਕਤਾ ਵਿਚ ਵਾਧਾ ਹੋਇਆ ਤੇ ਪੁੱਟ ਕੇ ਵੇਖਿਆ ਤਾਂ ਇਕ ਗਾਗਰ ਨਿਕਲੀ। ਢੱਕਣ ਖੋਲ੍ਹ ਕੇ ਕੀ ਵੇਖਦਾ ਹੈ ਕਿ ਨਿਰੀ ਕੋਲਿਆਂ ਦੀ ਭਰੀ ਪਈ ਹੈ ਤੇ ਜਦੋਂ ਖਾਲੀ ਕਰਕੇ ਵੇਖੀ ਤਾਂ ਹੇਠਾਂ ਇਕ ਸੋਨੇ ਦੀ ਮੋਹਰ ਨਿਕਲੀ। ਇਸ ਖੁਸ਼ੀ ਦਾ ਪ੍ਰਗਟਾਵਾ ਆਪਣੇ ਮਿਤ੍ਰ ਪ੍ਰਤੀ ਕਰਨ ਲਈ, ਬੜੀ ਬੇਤਾਬੀ ਤੇ ਬੇਕਰਾਰੀ ਨਾਲ ਉਸ ਦੀ ਉਡੀਕ ਕਰਨ ਲੱਗਾ। ਦੂਰੋਂ ਕੀ ਦੇਖਦਾ ਹੈ ਕਿ ਮਿਤਰ ਕੁਝ ਲੰਗੜਾਉਂਦਾ ਤੇ ਤਕਲੀਫ ਮਹਿਸੂਸ ਕਰ ਰਿਹਾ ਹੈ ਜਿਵੇਂ ਪੈਰ ਵਿਚ ਕੋਈ ਗਹਿਰਾ ਜ਼ਖਮ ਹੋਵੇ। ਕੋਲ ਪਹੁੰਚ ਕੇ ਪੁੱਛਣ ਲੱਗਾ ਕਿ ਮਿੱਤਰ! ਤੇਰੀ ਇਸ ਤਕਲੀਫ ਦਾ ਕੀ ਕਾਰਨ ਹੈ? ਉਤਰ ਮਿਲਿਆ ਕਿ ਰਸਤੇ ਵਿਚ ਇਕ ਬਹੁਤ ਵੱਡਾ ਕੰਡਾ ਪੈਰ ਦੇ ਵਿਚੋਂ ਆਰ-ਪਾਰ ਲੰਘ ਗਿਆ ਜਿਸ ਕਰਕੇ ਮੇਰਾ ਇਹ ਹਾਲ ਹੋਇਆ ਹੈ। ਮਨਮੁਖ ਇਸ ਗੱਲੋਂ ਖਿੜਖਿੜਾ ਕੇ ਹੱਸਿਆ ਤੇ ਕਟਾਖਸ਼ ਕਰਦਿਆਂ ਕਹਿਣ ਲਗਾ ਕਿ ਵੇਖ ਲਿਆ ਸੁਆਦ - ਸੰਤਾਂ ਦੀ ਸੰਗਤ ਕਰਨ ਦਾ? ਮੇਰੇ ਵੱਲ ਵੇਖ, ਮੈਂ ਕੋਈ ਸ਼ੁਭ ਕਰਮ ਨਹੀਂ ਕਰਦਾ, ਨਾ ਹੀ ਸਤਿਸੰਗ ਕਰਦਾ ਹਾਂ ਸਗੋਂ ਇਸ ਦੇ ਉਲਟ ਮਨਮਰਜ਼ੀ ਦੇ ਤੁਹਾਡੇ ਕਹਿਣ ਅਨੁਸਾਰ, ਭੈੜੇ ਕੰਮਾਂ ਵਿਚ ਪ੍ਰਵਿਰਤ ਹਾਂ ਪਰ ਫਿਰ ਵੀ ਮੈਨੂੰ ਸੋਨੇ ਦੀ ਮੋਹਰ ਪ੍ਰਾਪਤ ਹੋਈ ਹੈ ਤੇ ਤੈਨੂੰ ਤੇਰੇ ਸ਼ੁਭ ਕਰਮਾਂ ਦੇ ਬਦਲੇ ਇਨੀਂ ਵੱਡੀ ਤਕਲੀਫ, ਤੇ ਤੇਰਾ ਤੁਰਨਾ ਵੀ ਮੁਸ਼ਕਲ ਹੋ ਗਿਆ ਹੈ। ਇਹ ਸੁਣ ਕੇ ਸਤਸੰਗੀ ਪ੍ਰੇਮੀ ਨੇ ਧੀਰਜ ਨਾਲ ਜਵਾਬ ਦਿੰਦਿਆਂ ਕਿਹਾ, ਪਿਆਰਿਆ! ਇਹ ਸਭ ਕੁਝ ਮਹਾਂਪੁਰਖਾਂ ਦੀ ਸਤਿਸੰਗਤ ਕਾਰਨ ਨਹੀਂ ਵਾਪਰਿਆ, ਸਗੋਂ ਮੇਰੇ ਪੂਰਬਲੇ ਕਰਮ ਹੀ ਐਸੇ ਹੋਣਗੇ। ਜੇ ਤੈਨੂੰ ਸ਼ੱਕ ਹੈ ਤਾਂ ਕਲ੍ਹ ਆਪਾਂ ਮਹਾਂਪੁਰਖਾਂ ਪਾਸੋਂ ਸ਼ੰਕਾ ਨਵਿਰਤ ਕਰਵਾ ਲਵਾਂਗੇ।

ਦੂਸਰੇ ਦਿਨ ਦੋਵੇਂ ਪ੍ਰੇਮੀ ਮਹਾਤਮਾ ਦੀ ਹਜ਼ੂਰੀ ਵਿਚ ਪਹੁੰਚੇ। ਮਨਮੁਖ ਪ੍ਰੇਮੀ ਨੇ ਆਪਣਾ ਸਵਾਲ ਦੁਹਰਾਇਆ ਤੇ ਸ਼ੰਕਾ ਨਵਿਰਤ ਕਰਨ ਲਈ ਬੇਨਤੀ ਕੀਤੀ। ਮਹਾਤਮਾ ਨੇ ਮੁਸਕਰਾ ਕੇ ਜਵਾਬ ਦਿਤਾ ਕਿ ਸਾਡੇ ਪ੍ਰੇਮੀ ਨੇ ਤੈਨੂੰ ਠੀਕ ਹੀ ਜਵਾਬ ਦਿਤਾ ਸੀ। ਇਸ ਦੇ ਪੂਰਬਲੇ ਕਰਮਾਂ ਅਨੁਸਾਰ ਕੱਲ ਇਸ ਨੂੰ ਸੂਲੀ ਲੱਗਣੀ ਸੀ ਪਰੰਤੂ ਸਤਿਸੰਗਤ ਦਾ ਸਦਕਾ ਸੂਲੀ ਦੀ ਸੂਲ ਬਣ ਗਈ। ਤੈਨੂੰ ਮੋਹਰ ਮਿਲਣ ਬਾਰੇ ਇਸ ਤਰ੍ਹਾਂ ਹੈ ਕਿ ਤੈਨੂੰ ਪੂਰਬਲੇ ਸ਼ੁਭ ਕਰਮਾਂ ਦਾ ਸਦਕਾ ਇਹ ਗਾਗਰ ਭਰੀ ਹੋਈ ਮੋਹਰਾਂ ਦੀ ਮਿਲਣੀ ਸੀ ਜਦ ਕਿ ਤੇਰੇ ਮੰਦੇ ਕਰਮਾਂ ਵਿਚ ਪ੍ਰਵਿਰਤ ਹੋਣ ਕਾਰਨ ਇਸ ਦੇ ਕੋਲੇ ਬਣ ਗਏ ਅਤੇ ਇਸ ਪ੍ਰੇਮੀ ਦੀ ਸੰਗਤ ਦਾ ਸਦਕਾ ਇਕ ਮੋਹਰ ਬਚ ਗਈ, ਨਹੀਂ ਤਾਂ ਉਹ ਵੀ ਕੋਲਾ ਹੋ ਜਾਣੀ ਸੀ। ਇਸ ਤੇ ਤੁਹਾਨੂੰ ਖੁਸ਼ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਤਰਕ ਕਰਨੀ ਚਾਹੀਦੀ ਹੈ।

ਸੋ ਮਨਮੁਖ ਇਸ ਤਰ੍ਹਾਂ ਆਪਣੇ ਪੂਰਬਲੇ ਸ਼ੁਭ ਕਰਮਾਂ ਨੂੰ ਸਾੜ ਕੇ ਸੁਆਹ ਕਰ ਲੈਂਦਾ ਹੈ ਅਤੇ ਗੁਰਬਾਣੀ ਵਿਚ ਇਸਨੂੰ ਸਾਕਤ ਦੀ ਸੰਗਿਆ ਵੀ ਦਿਤੀ ਗਈ ਹੈ। ਪ੍ਰਮਾਰਥ ਦੇ ਰਸਤੇ ਚਲਣ ਵਾਲੇ ਜਗਿਆਸੂਆਂ ਨੂੰ ਇਸ ਦੀ ਸੰਗਤ ਤੋਂ ਦੂਰ ਰਹਿਣ ਲਈ ਸਾਵਧਾਨ ਕੀਤਾ ਗਿਆ ਹੈ ਕਿ ਜਿਸ ਤਰ੍ਹਾਂ ਕਾਲੇ ਰੰਗ ਦੇ ਨਾਲ ਕਾਲਾ ਦਾਗ ਪੈ ਜਾਂਦਾ ਹੈ, ਇਸੇ ਤਰ੍ਹਾਂ ਮਨਮੁਖ ਦੀ ਸੰਗਤ ਵੀ ਮਨ ਮੈਲਾ ਕਰ ਦਿੰਦੀ ਹੈ। ਇਸਨੂੰ ਪਿਆਰ ਦੀ ਕੀਮਤ ਦਾ ਕੋਈ ਪਤਾ ਨਹੀਂ ਹੁੰਦਾ, ਪਿਆਰ ਕਰਨ ਵਾਲੇ ਦੇ ਹਿਰਦੇ ਨੂੰ ਵੀ ਦੁਫਾੜ ਕਰ ਦਿੰਦਾ ਹੈ ਕਿਉਂਕਿ ਇਸਨੂੰ ਮਿਤ੍ਰਤਾ ਨਾਲ ਕੋਈ ਸਾਂਝ ਨਹੀਂ ਹੁੰਦੀ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*

*ਪੰਨਾ - 1371*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥*

*ਪੰਨਾ - 1369*

ਦਰ ਦਰ ਦੀਆਂ ਚੋਟਾਂ, ਦਰ ਦਰ ਦੇ ਧੱਕੇ, ਖੂਹ ਦੀਆਂ ਟਿੰਡਾਂ ਵਾਂਗ ਚੁਰਾਸੀ ਦਾ ਗੇੜ ਖਾ ਕੇ ਫੇਰ ਖਾਲੀ ਦਾ ਖਾਲੀ ਰਹਿੰਦਾ ਹੈ। ਮਾਤਲੋਕ ਵਿਚ ਦਵੈਤ ਦਾ ਜੀਵਨ ਬਤੀਤ ਕਰਦਾ ਹੈ, ਦਰਗਾਹ ਵਿਚ ਧੱਕੇ ਪੈਂਦੇ ਹਨ। ਮਨਮੁਖ ਦਾ ਜੀਵਨ ਉਸ ਬੂਆੜ ਤਿਲ ਦੇ ਬੂਟੇ ਵਾਂਗ ਹੈ ਜੋ ਉਗਦਾ ਤਾਂ ਹੈ.ਪਰ ਫਲ ਦੀ ਥਾਂ ਇਸਦੇ ਸਿਟਿਆਂ ਵਿਚ ਸੁਆਹ ਭਰ ਜਾਂਦੀ ਹੈ। ਕਿਸਾਨ ਇਸ ਬੂਟੇ ਨੂੰ ਖੇਤ ਵਿਚ ਇਕੱਲਿਆਂ ਛੱਡ ਦਿੰਦਾ ਹੈ ਤੇ ਡੰਗਰ ਚਾਰਨ ਵਾਲੇ ਇਸਨੂੰ ਸੋਟੀਆਂ ਮਾਰ ਮਾਰ ਕੇ ਭੰਨ ਤੋੜ ਸੁਟਦੇ ਹਨ। ਸੋ ਇਸਨੇ ਵੀ ਮਨੁੱਖ ਦਾ ਜਾਮਾਂ ਤਾਂ ਪ੍ਰਾਪਤ ਕੀਤਾ ਪਰ ਸ਼ੁਭ ਕਰਮਾਂ ਰੂਪੀ ਰਾਸ ਦਾ ਫਲ ਨਹੀਂ ਲੱਗਾ ਸਗੋਂ ਮੰਦੇ ਕਰਮਾਂ ਤੇ ਵਾਸ਼ਨਾਵਾਂ ਦੀ ਸੁਆਹ ਭਰ ਗਈ ਤੇ ਸੰਤਾਂ ਦੀ ਸੰਗਤ ਤੋਂ ਵਾਂਝਾ ਰਹਿ ਗਿਆ, ਇਕੱਲਾ ਰਹਿ ਗਿਆ -

ਫੂਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਫੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥

ਪੰਨਾ - 463

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥

ਪੰਨਾ - 135

ਦੈਵੀ ਸੰਪਰਦਾ ਤੋਂ ਵਾਂਝੇ ਹੋ ਕੇ ਆਸਰੀ ਸੰਪਰਦਾ ਦੇ ਦੈਂਤਾਂ ਦੇ ਡੰਡੇ ਸਹਿੰਦਾ ਹੋਇਆ ਦੁਖੀ ਹੁੰਦਾ ਹੈ ਤੇ ਕੁਰਲਾਉਂਦਾ ਹੈ ਤੇ ਫੇਰ ਪੁਕਾਰਾਂ ਕਰਦਾ ਹੈ, ਪਰ ਉਥੇ ਦਰਗਾਹ ਵਿਚ ਕੋਈ ਇਸਦੀ ਕੂਕ ਪੁਕਾਰ ਨਹੀਂ ਸੁਣਦਾ। ਉਥੇ ਤਾਂ ਕੇਵਲ ਸ਼ੁਭ ਕਰਮ ਤੇ ਸੰਤਾਂ ਦੀ ਸੰਗਤ ਹੀ ਕੰਮ ਆਉਂਦੀ ਹੈ -

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥

ਪੰਨਾ - 1383

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥

ਪੰਨਾ - 1281

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥

ਪੰਨਾ - 1425

ਮਨਮੁਖਾਂ, ਪਾਪੀਆਂ, ਸਾਕਤਾਂ, ਨਿੰਦਕਾਂ, ਹਤਿਆਰਿਆਂ ਨੂੰ ਧਰਮਰਾਜ ਦੀ ਕਚਹਿਰੀ ਵਿਚ ਪੇਸ਼ ਹੋਣਾ ਪੈਂਦਾ ਹੈ। ਇਥੇ ਮਨ ਮਰਜ਼ੀਆਂ ਕੀਤੀਆਂ, ਧੋਖੇ ਤੇ ਫਰੇਬ ਕੀਤੇ, ਸਤਪੁਰਸ਼ਾਂ ਦੇ ਬਚਨਾਂ ਤੇ ਪਹਿਰਾ ਨਹੀਂ ਦਿਤਾ, ਤੇ ਫੇਰ ਧਰਮਰਾਜ ਅੱਗੇ ਕੋਈ ਜਵਾਬ ਨਹੀਂ ਦੇ ਸਕਦਾ -

ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ॥ ਪੰਨਾ - 464
ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ॥ ਪੰਨਾ - 463
ਧਰਮਰਾਇ ਨੋ ਹੁਕਮੁ ਹੈ
ਬਹਿ ਸਚਾ ਧਰਮੁ ਬੀਚਾਰਿ॥ ਪੰਨਾ - 38

ਸੰਸਾਰ ਵਿਚ ਰਹਿ ਕੇ ਝੂਠੇ ਮਿੱਤਰ ਬਣਾਏ ਜੋ ਸ਼ਮਸ਼ਾਨ ਭੂਮੀ ਤੱਕ ਹੀ ਸਾਥੀ ਬਣਦੇ ਹਨ। ਦਰਗਾਹ ਦਾ ਸਾਥੀ, ਸੱਚਾ ਮਿਤਰ ਨਹੀਂ ਬਣਾਇਆ ਜੋ ਅੱਗੇ ਜਾ ਕੇ ਇਸਨੂੰ ਛੁਡਾ ਲੈਂਦਾ। ਸੋ ਮਹਾਰਾਜ ਬਾਣੀ ਰਾਹੀਂ ਉਪਦੇਸ਼ ਕਰਦੇ ਹਨ ਕਿ ਤੂੰ ਸੱਚਾ ਮਿੱਤਰ ਬਣਾ ਲੈ, ਜਿਨ੍ਹਾਂ ਦੀ ਸੰਗਤ ਦੁਆਰਾ ਤੇਰੇ ਜੀਵਨ ਵਿਚ ਤਬਦੀਲੀ ਆਏਗੀ, ਲੋਕ ਤੇ ਪਰਲੋਕ ਦਾ ਸੁਖ ਮਿਲੇਗਾ, ਤੇਰੇ ਜੀਵਨ ਵਿਚ ਖੁਸ਼ੀ ਤੇ ਖੇੜਾ ਆ ਜਾਏਗਾ ਤੇ ਮਨ ਦਾ ਅੰਧਕਾਰ ਦੂਰ ਹੋ ਕੇ ਪ੍ਰਕਾਸ਼ ਹੋ ਜਾਏਗਾ। ਫੇਰ ਤੈਨੂੰ ਇਹ ਸੰਸਾਰ ਆਪਣਾ ਲੱਗਣ ਲੱਗ ਪਵੇਗਾ। ਇਹ ਸੰਸਾਰ ਜੋ ਵਾਹਿਗੁਰੂ ਦਾ ਰੂਪ ਹੈ, ਇਸਦੀ ਸੇਵਾ ਕਰਨ ਵਿਚ ਖੁਸ਼ੀ ਮਹਿਸੂਸ ਹੋਵੇਗੀ, ਤੇਰੇ ਪਰਵਾਰਿਕ, ਸਮਾਜਿਕ, ਆਰਥਿਕ ਤੇ ਰਾਜਸੀ ਦੁਖਾਂ ਦਾ ਖਾਤਮਾ ਹੋ ਜਾਵੇਗਾ। ਇਸ ਲਈ -

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ਪੰਨਾ - 729

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

ਪੰਨਾ - 1102

ਉਪਰੋਕਤ ਵੀਚਾਰ ਤੋਂ ਇਸ ਜੀਵ ਦੀ ਅਧੋਗਤੀ ਵਾਰੇ ਅਸਾਨੂੰ ਗਿਆਤ ਹੁੰਦੀ ਹੈ। ਸਾਰ-ਸਾਰ ਇਸ ਗੁਰ ਸ਼ਬਦ ਵਿਚ ਹੈ-

ਭੂਲਿਓ ਮਨੁ ਮਾਇਆ ਉਰਝਾਇਓ॥
ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ॥ ਰਹਾਉ॥
ਸਮਝ ਨ ਪਰੀ ਬਿਖੈ ਰਸ ਰਚਿਓ
ਜਸੁ ਹਰਿ ਕੋ ਬਿਸਰਾਇਓ॥
ਸੰਗਿ ਸੁਆਮੀ ਸੋ ਜਾਨਿਓ ਨਾਹਿਨ
ਬਨੁ ਖੋਜਨ ਕਉ ਧਾਇਓ॥
ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ॥
ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ॥ ਪੰਨਾ - 702-3

(ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਹ ਬਚਨ ਦਾਸ ਦਾ ਨਿੱਜੀ ਅਨੁਭਵ ਨਹੀਂ ਹੈ ਸਗੋਂ ਮਹਾਂਪੁਰਖਾਂ ਦੀ ਬਖਸ਼ਿਸ਼ ਦੁਆਰਾ, ਉਨ੍ਹਾਂ ਦੇ ਮੁਖਾਰਬਿੰਦ ਤੋਂ ਸੁਣੇ ਹੋਏ ਬਚਨਾਂ ਨੂੰ ਲਿਖਤੀ ਰੂਪ ਦੇਣ ਦਾ ਯਤਨ ਕੀਤਾ ਹੈ ਅਤੇ ਐਸੀ ਬ੍ਰਿਤੀ ਤੋਂ ਉਤਾਂਹ ਉਠਣ ਲਈ ਯਤਨਸ਼ੀਲ ਪਾਠਕਾਂ ਵਿਚੋਂ ਦਾਸ ਵੀ ਸਹਿਪਾਠੀ ਹੈ।)

## ਨਾਮ ਜਿਨ ਕੇ ਮਨਿ ਸਾਜਿਦਾ

ਗੱਲਾਂ ਦੇ ਅਸੀਂ ਚੰਗੇ, ਆਚਾਰ ਦੇ ਪਰ ਮੰਦੇ ਹਾਂ।
ਤਨ ਉਜਲੇ ਮਨ ਮੈਲੇ, ਕੈਸੇ ਰੱਬ ਦੇ ਬੰਦੇ ਹਾਂ।
ਮਾਇਆ ਨਾਗਿਨ ਡੰਗ ਗਈ, ਕਿਦਾਂ ਪਾਪੀ ਬਣ ਬੈਠੇ।
ਉਸ ਸਾਹਿਬ ਨੂੰ ਭੁੱਲ ਕੇ ਤੇ, ਕਿਹੋ ਕਰਮ ਕਰੇਂਦੇ ਹਾਂ?
ਅਸੀਂ ਨਹੀਂ ਚੰਗੇ, ਕੋਈ ਨਹੀਂ ਮੰਦਾ।
ਹਰ ਇਕ 'ਚ ਉਹ, ਹਰ ਕੋਈ ਉਸ ਦਾ ਬੰਦਾ।
ਸਾਜਿਦਾ ਫਿਕਰ ਤੂੰ ਕਾਹਦਾ ਕਰਦਾ ਹੈ।
ਜਗ 'ਚ ਤਿਉਂ ਹੋ ਰਿਹਾ, ਜਿਉਂ ਹੁਕਮ ਹੈ ਹੁੰਦਾ।
ਸਤਿਨਾਮ ਮੇਰਾ ਆਧਾਰ ਹੈ, ਭੁੱਖਾਂ ਸਭ ਮਿਟਾਂਦਾ ਹੈ।
ਸਭ ਕੁਝ ਹੈ ਉਹਦੇ ਘਰ, ਉਹ ਆਪ ਬਖਸ਼ ਕਰਾਂਦਾ ਹੈ।
ਸਿਫਤਿ ਸਲਾਹ ਉਸਦੀ ਹੈ, ਜਿਸਨੂੰ ਦੇਵੇ ਸੋਈ ਪਾਵੇ,
ਜਿਸ ਤੇ ਸਾਹਿਬ ਨਦਰ ਕਰੇ, ਜਗ ਵਿਚ ਨਾਮ ਕਮਾਂਦਾ ਹੈ।
ਮੰਦਾ ਸਮਝੇ ਆਪ ਨੂੰ, ਬਾਕੀ ਭਲਾ ਸੰਸਾਰ।
ਨਿੰਦਾ ਭਲੀ ਕਿਸੇ ਦੀ ਨਹੀਂ, ਅਰਜ਼ ਰਿਹਾਂ ਗੁਜ਼ਾਰ।
ਸਿਫਤਿ ਸਲਾਹ ਹਮੇਸ਼ਾਂ ਉਸਦੀ, ਸ਼ਬਦ ਮਨ ਵਸਾਓ।
ਨਾਮ ਜਿਨ ਕੇ ਮਨਿ ਸਾਜਿਦਾ, ਹੁੰਦੇ ਨਹੀਂ ਖੁਆਰ।

ਤੇਜਿੰਦਰ ਸਿੰਘ 'ਸਾਜਿਦ'

# ਨਿੰਦਾ ਭਲੀ ਕਿਸੇ ਕੀ ਨਾਹੀ

*ਇੰਜ: ਜਸਵੰਤ ਸਿੰਘ 'ਸਿਆਣ'*

ਭਾਵੇਂ ਸਮੁੱਚੀ ਕਾਇਨਾਤ ਦੇ ਅੰਦਰ ਇਲਾਹੀ ਜੋਤ ਰਵ ਰਹੀ ਹੈ ਪਰ ਮਨੁੱਖਾ ਸਰੀਰ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਉਸਦੀ ਇਲਾਹੀ ਜੋਤ ਪ੍ਰਗਟ ਹੋ ਸਕਦੀ ਹੈ। ਜੀਵ ਆਤਮਾਂ ਅਤੇ ਪ੍ਰਮ-ਆਤਮਾ ਇਕ-ਮਿਕ ਹੋ ਸਕਦੀਆਂ ਹਨ। ਸੱਚਮੁੱਚ ਇਹ ਕਾਇਆ, ਪ੍ਰਮੇਸ਼ਰ ਜੀ ਨੇ ਆਪਣੇ ਰਹਿਣ ਲਈ ਸਥਾਨ ਬਣਾਇਆ ਹੈ ਅਤੇ ਇਸਦੇ ਅੰਦਰ ਉਸਦੀ 'ਨਿਰਮਲ ਜੋਤ' ਦਾ ਪ੍ਰਕਾਸ਼ ਹੈ।

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥* *ਪੰਨਾ - 1033*

ਪਰ ਜੀਵ ਆਤਮਾ ਨੇ ਹਉਮੈ ਧਾਰਨ ਕਰਕੇ 'ਮੈਂ-ਮੇਰੀ' ਨੂੰ ਅਪਣਾ ਲਿਆ। ਇਹ ਹਉਮੈ ਪ੍ਰਭੂ ਜੀ ਵਲੋਂ ਹੀ ਪੈਦਾ ਕੀਤੀ ਤਿੰਨ ਗੁਣਾਂ ਵਾਲੀ ਮਾਇਆ ਦੀ ਪੈਦਾਇਸ਼ ਹੈ। ਇਹ ਮਾਇਆ ਝੂਠੀ ਹੈ ਅਤੇ ਅਗਿਆਨਤਾ ਜਾਂ ਭਰਮ ਕਰਕੇ ਪ੍ਰਤੀਤ ਹੁੰਦੀ ਹੈ। ਇਸ ਨਿਰਮਲ ਜੋਤ ਦੁਆਲੇ ਇਸ ਝੂਠੀ ਮਾਇਆ ਦਾ ਘੇਰਾ ਐਨਾ ਪ੍ਰਬਲ ਹੈ ਕਿ ਸਾਡਾ ਮਨ ਇਸਦਾ ਪ੍ਰਭਾਵ ਕਬੂਲੇ ਬਿਨਾਂ ਨਹੀਂ ਰਹਿ ਸਕਦਾ। ਜਿਉਂ-ਜਿਉਂ ਇਸ ਮਾਇਆ ਦਾ ਅਸਰ ਅਸੀਂ ਵਧੇਰੇ ਕਬੂਲਦੇ ਜਾ ਰਹੇ ਹਾਂ, ਤਿਉਂ-ਤਿਉਂ ਇਸਦੇ ਮੈਲੇ ਪ੍ਰਭਾਵ ਦੀਆਂ ਤੈਹਾਂ, ਸਾਡੇ ਮਨ ਤੇ ਜੰਮੀਂ ਜਾ ਰਹੀਆਂ ਹਨ। ਇਹ ਸਿਲਸਿਲਾ ਪਤਾ ਨਹੀਂ ਕਦੋਂ ਤੋਂ ਚਲ ਰਿਹਾ ਹੈ। ਇਸੇ ਕਾਰਣ ਸਾਡੇ ਮਨ ਉਤੇ ਜਨਮਾਂ-ਜਨਮਾਂਤਰਾਂ ਦੀ ਮੈਲ ਚੜ੍ਹਨ ਕਾਰਣ ਇਹ ਕਾਲਾ ਸਿਆਹ ਹੋਇਆ ਪਿਆ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥* *ਪੰਨਾ - 651*

ਇਹ ਮਲੀਨ ਹੋਏ ਮਨ ਵਿਚੋਂ ਪਵਿੱਤਰ, ਨਿਰਮਲ, ਸਤਿ ਅਤੇ ਪ੍ਰੀਤ ਪਿਆਰ ਵਾਲੇ ਵੀਚਾਰਾਂ ਦੀ ਬਜਾਏ, ਨੀਂਵੇਂ, ਮਲੀਨ, ਈਰਖਾਲੂ, ਕੂੜੇ ਅਤੇ ਸਾੜੇ ਦੇ ਵੀਚਾਰ ਉਤਪੰਨ ਹੁੰਦੇ ਹਨ। ਇਹਨਾਂ ਮਲੀਨ ਵਿਚਾਰਾਂ ਦੇ ਉਤਪੰਨ ਹੁੰਦਿਆਂ ਹੀ ਅਸੀਂ ਮਨ ਦੇ ਰੋਗੀ ਹੋਣ ਦੇ ਨਾਲ-ਨਾਲ ਤਨ ਦੇ ਰੋਗੀ ਹੋ ਕੇ ਵੀ ਦੁੱਖ ਪਾਉਂਦੇ ਹਾਂ। ਇਨ੍ਹਾਂ ਮਲੀਨ ਜਾਂ ਸਾੜੇ ਦੀਆਂ ਭਾਵਨਾਵਾਂ ਕਰਕੇ ਹੀ ਅਸੀਂ ਕਿਸੇ ਦੇ ਸ਼ੁਭ ਗੁਣਾਂ ਨੂੰ ਵੇਖ ਨਹੀਂ ਸਖਾਂਦੇ, ਬਲਕਿ ਕਿਸੇ ਦੇ ਸ਼ੁਭ ਗੁਣਾਂ ਨੂੰ ਵੇਖ ਕੇ ਸੜ-ਬਲ ਜਾਂਦੇ ਹਾਂ ਅਤੇ ਈਰਖਾ ਵਸ ਹੋ ਕੇ, ਦੂਸਰੇ ਦੀ ਨਿੰਦਿਆ ਕਰਕੇ, ਅਪਣੇ ਤਪਦੇ ਹਿਰਦੇ ਨੂੰ ਠਾਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ, ਕੀ ਕਦੀ ਮਿੱਟੀ ਦਾ ਤੇਲ ਜਾਂ ਪੈਟਰੋਲ ਛਿੜਕਣ ਨਾਲ ਵੀ ਅੱਗ ਬੁਝੀ ਹੈ?

*ਹਉਮੈ ਜਲਤੇ ਜਲਿ ਮੁਏ*
*ਭ੍ਰਮਿ ਆਏ ਦੂਜੈ ਭਾਇ॥* *ਪੰਨਾ - 643*

ਜਿਉਂ ਜਿਉਂ ਇਨ੍ਹਾਂ ਵੀਚਾਰਾਂ ਦਾ ਅਭਿਆਸ ਅਸੀਂ ਵਧੇਰੇ ਕਰਦੇ ਹਾਂ, ਤਿਉਂ-ਤਿਉਂ ਸਾਡਾ ਸੁਭਾਅ ਚਿੜਚਿੜਾ ਅਤੇ ਈਰਖਾਲੂ ਹੋਈ ਜਾਂਦਾ ਹੈ।

ਇਸ ਹਰੀ ਦੇ ਮੰਦਰ ਰੂਪੀ ਸਰੀਰ ਦੇ 10 ਦਰਵਾਜ਼ਿਆਂ ਵਿਚੋਂ ਕੇਵਲ ਇਕ ਦਰਵਾਜ਼ਾ, ਜੋ ਗੁਪਤ ਹੈ - ਪ੍ਰਮੇਸ਼ਰ ਦੇ ਘਰ ਵਲ ਨੂੰ ਖੁੱਲ੍ਹਦਾ ਹੈ ਤੇ ਬਾਕੀ ਦੇ ਨੌ ਦਰਵਾਜ਼ੇ ਇਸ ਮਾਇਆ ਮੰਡਲ ਵੱਲ ਨੂੰ ਖੁਲ੍ਹਦੇ ਹਨ। ਇਨ੍ਹਾਂ ਵਿਚੋਂ ਕੰਨ, ਇਸ ਮੰਦਰ ਦੇ ਮੁੱਖ ਦਰਵਾਜ਼ੇ ਹਨ। ਪ੍ਰਮੇਸ਼ਰ ਨੇ ਇਹ ਦਿਤੇ ਤਾਂ ਇਸ ਕਰਕੇ ਹਨ ਕਿ ਜੀਵ 'ਸਤਿ ਦੀ ਬਾਣੀ' ਸਰਵਣ ਕਰਕੇ ਅੰਤਸ਼ਕਰਣ ਦੀ ਮਲੀਨਤਾ ਤੋਂ ਛੁਟਕਾਰਾ ਪਾਵੇ। ਜਿਵੇਂ ਇਕ ਗੰਦੇ ਪਾਣੀ ਦੇ ਭਾਂਡੇ ਵਿਚ ਸਾਫ ਪਾਣੀ ਲਗਾਤਾਰ ਪਾਉਣ ਨਾਲ ਹੌਲੀ ਹੌਲੀ ਉਹ ਸਾਰਾ ਗੰਦਾ ਪਾਣੀ ਬਾਹਰ ਨਿਕਲ ਜਾਂਦਾ ਹੈ ਅਤੇ ਸਵੱਛ ਪਾਣੀ ਹੀ ਬਰਤਨ ਵਿਚ ਰਹਿ ਜਾਂਦਾ ਹੈ। ਇਉਂ ਮਲੀਨ ਹਿਰਦੇ ਵਿਚ ਇਨ੍ਹਾਂ ਕੰਨਾਂ ਦੁਆਰਾ 'ਧੁਰ ਕੀ ਬਾਣੀ' ਜਾਂ ਤੱਤ ਬੇਤੇ ਸਾਧੂਆਂ ਦੇ ਅਨੁਭਵੀ ਬਚਨ ਪਾਉਣ ਨਾਲ ਮਲੀਨ ਹਿਰਦਾ ਸ਼ੁੱਧ ਹੋ ਜਾਣਾ ਸੀ। ਪਰ ਅਸੀਂ, ਲੋਕਾਂ ਦੀ ਨਿੰਦਾ, ਚੁਗਲੀ ਸੁਣ-ਸੁਣ ਕੇ ਇਸ ਹਰੀ ਮੰਦਰ ਦੇ ਮੁੱਖ ਦਰਵਾਜ਼ੇ 'ਕੰਨਾਂ' ਦੇ ਅੱਗੇ ਗੰਦਗੀ ਦੇ ਢੇਰ ਲਾ ਦਿਤੇ। ਦੂਸਰੇ ਪਾਸੇ ਜ਼ਰਾ ਦੇਖੀਏ, ਜਿਸ ਇੱਟਾਂ, ਪੱਥਰ ਦੇ ਬਣੇ ਮਕਾਨ ਵਿਚ ਅਸੀਂ ਰਹਿੰਦੇ ਹਾਂ, ਉਸਦੇ ਦਰਵਾਜ਼ੇ ਅੱਗੇ ਕੋਈ ਗੰਦਗੀ ਦਾ ਢੇਰ ਲਾ ਦੇਵੇ ਤਾਂ ਅਸੀਂ ਸਣੇ-ਕੱਪੜੀਂ ਜਲ-ਬਲ ਕੇ ਮਰਨ ਮਰਾਉਣ ਤੱਕ ਪਹੁੰਚ ਜਾਂਦੇ ਹਾਂ ਕਿਉਂਕਿ ਸਾਨੂੰ ਇਸ ਗੰਦਗੀ ਤੋਂ ਬਦਬੂ ਆਉਂਦੀ ਹੈ। ਪਰ ਇਸ ਸਰੀਰ ਰੂਪੀ ਕਿਲੇ ਦੇ, ਕੰਨ ਰੂਪੀ ਦਰਵਾਜ਼ਿਆਂ ਅੱਗੇ ਨਿੰਦਾ-ਚੁਗਲੀ ਦੀ ਗੰਦਗੀ ਦੇ ਢੇਰ ਲੱਗਣ ਨਾਲ ਸਾਨੂੰ ਕਦੀ ਬਦਬੂ ਨਹੀਂ ਆਉਂਦੀ। ਬਲਕਿ ਤਾਂ, ਅਸੀਂ ਬੜੀ ਤੀਬਰਤਾ ਨਾਲ ਕੰਨਾਂ ਤੇ ਹੱਥ ਧਰ ਕੇ ਦੂਸਰੇ ਦੀ ਨਿੰਦਾ ਸੁਣ-ਸੁਣ ਕੇਵਲ ਖੁਸ਼ ਨਹੀਂ ਹੁੰਦੇ। ਉਸ ਨਿੰਦਕ ਨਾਲ ਨਿੰਦਾ ਕਰਨ ਵਿਚ ਭਾਗੀ ਵੀ ਬਣਦੇ ਹਾਂ। ਜਿਸ ਤਰ੍ਹਾਂ ਇਹ ਕੰਨ ਪ੍ਰਭੂ ਜੀ ਨੇ 'ਧੁਰ ਕੀ ਬਾਣੀ' ਸੁਣਨ ਲਈ ਦਿਤੇ ਹਨ, ਉਸੇ ਤਰ੍ਹਾਂ ਇਹ ਰਸਨਾ ਵੀ ਪ੍ਰਭੂ ਜੀ ਦੇ ਗੁਣ ਗਾਉਣ ਅਤੇ ਉਸਦਾ ਨਾਮ ਸਿਮਰਨ ਲਈ ਹੀ ਦਿਤੀ ਹੈ। ਹੁਣ ਜੇ ਇਹ ਰਸਨਾ ਪ੍ਰਭੂ ਦੀ ਸਿਫਤ ਸਲਾਹ ਛੱਡ ਕੇ ਪਰਾਈ ਨਿੰਦਾ ਕਰਦੀ ਹੈ ਜਾਂ ਹੋਰ ਅਨੇਕਾਂ ਸਵਾਦ ਚੱਖਦੀ ਹੈ ਤਾਂ ਇਹ ਰਸਨਾ ਤਿਲ-ਤਿਲ ਕਰਕੇ ਕੱਟੀ ਜਾਏਗੀ -

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥*
*ਪੰਨਾ - 1363*

ਸਿਆਣਿਆਂ ਦਾ ਕਥਨ ਹੈ ਕਿ ਇਹ ਦੋ ਛਟਾਂਕ ਦੀ ਜੀਭ, ਬੰਦੇ ਨੂੰ ਰਾਜ ਗੱਦੀ ਤੇ ਬਿਠਾ ਦਿੰਦੀ ਹੈ ਤੇ ਇਹੀ ਜੀਭ, ਜੁੱਤੀਆਂ ਪਵਾ ਦਿੰਦੀ ਹੈ। ਜੇ ਇਹ ਜੀਭਾ, ਪ੍ਰਮੇਸ਼ਰ ਦੇ ਗੁਣ ਗਾਇਨ ਕਰਦੀ ਹੈ, ਤਾਂ ਆਪ ਸਫਲੀ ਹੋ ਕੇ ਜੀਵ ਨੂੰ ਬੈਕੁੰਠਾਂ ਵਿਚ ਲੈ ਜਾਂਦੀ ਹੈ; ਜੇ ਪਰਾਈ ਨਿੰਦਾ ਕਰਦੀ ਹੈ ਤਾਂ ਘੋਰ ਨਰਕਾਂ ਵਿਚ ਸੁੱਟ ਦਿੰਦੀ ਹੈ। ਸਤਿਗੁਰੂ ਜੀ ਦਾ ਪਵਿੱਤਰ ਬਚਨ ਹੈ ਕਿ ਅਜੇਹੀ ਰਸਨਾ ਨੂੰ ਤਾਂ ਭਲਾ ਸੀ ਜੇ ਅੱਗ ਵਿਚ ਪਾ ਕੇ ਸਾੜ ਦਿਤੀ ਜਾਂਦੀ, ਜੋ ਮਾਲਕ ਦੀ ਸਿਫਤ ਸਲਾਹ ਛੱਡ ਕੇ ਪਰਾਈ ਨਿੰਦਾ ਕਰਦੀ ਹੈ -

*ਸਾ ਰਸਨਾ ਜਲਿ ਜਾਉ*
*ਜਿਨਿ ਹਰਿ ਕਾ ਨਾਉ ਵਿਸਾਰਿਆ॥* *ਪੰਨਾ - 550*

ਇਕ ਵਾਰੀ ਭਗਤ ਕਬੀਰ ਜੀ ਕਹਿਣ ਲੱਗੇ ਕਿ ਮੇਰੀ ਨਿੰਦਾ ਮੈਨੂੰ ਬਹੁਤ ਪਿਆਰੀ ਲਗਦੀ ਹੈ ਕਿਉਂਕਿ ਨਿੰਦਾ ਹੋਣ ਨਾਲ ਮਨੁੱਖ ਆਪਣੇ ਔਗੁਣਾਂ ਦੀ ਘੋਖ ਕਰਦਾ ਹੈ ਤੇ ਬੈਕੁੰਠ ਨੂੰ ਪ੍ਰਾਪਤ ਹੁੰਦਾ ਹੈ। ਨਿੰਦਾ ਕਰਨ ਵਾਲਾ ਤਾਂ ਸਾਡਾ ਪੱਕਾ ਮਿੱਤਰ ਹੈ ਕਿਉਂਕਿ ਵਿਚਾਰਾ ਸਾਡੇ ਮੈਲੇ ਕੱਪੜੇ ਧੋਂਦਾ ਹੈ। ਨਿੰਦਾ ਕਰਨ ਵਾਲਾ ਤਾਂ ਮੈਨੂੰ ਮੇਰੀ ਮਾਂ ਨਾਲੋਂ ਵੀ ਵੱਧ ਪਿਆਰਾ ਹੈ। ਉਸਨੇ ਆਪ ਡੁੱਬ ਜਾਣਾ ਹੈ ਤੇ ਅਸੀਂ ਉਸਦੀ ਨਿੰਦਿਆ ਸਦਕੇ ਤਰ ਜਾਣਾ ਹੈ।

*ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥*
*ਨਿੰਦਾ ਜਨ ਕਉ ਖਰੀ ਪਿਆਰੀ॥*
*ਨਿੰਦਾ ਬਾਪੁ ਨਿੰਦਾ ਮਹਤਾਰੀ॥*
*ਨਿੰਦਾ ਹੋਇ ਤ ਬੈਕੁੰਠਿ ਜਾਈਐ॥*
*ਨਾਮੁ ਪਦਾਰਥੁ ਮਨਹਿ ਬਸਾਈਐ॥*
*ਰਿਦੈ ਸੁਧ ਜਉ ਨਿੰਦਾ ਹੋਇ॥*
*ਹਮਰੇ ਕਪਰੇ ਨਿੰਦਕੁ ਧੋਇ॥*
*ਨਿੰਦਾ ਕਰੈ ਸੁ ਹਮਰਾ ਮੀਤੁ॥*
*ਨਿੰਦਕ ਮਾਹਿ ਹਮਾਰਾ ਚੀਤੁ॥*
*ਨਿੰਦਕੁ ਸੁ ਜੋ ਨਿੰਦਾ ਹੋਰੈ॥*
*ਹਮਰਾ ਜੀਵਨੁ ਨਿੰਦਕੁ ਲੋਰੈ॥*
*ਨਿੰਦਾ ਹਮਰੀ ਪ੍ਰੇਮ ਪਿਆਰੁ॥*
*ਨਿੰਦਾ ਹਮਰਾ ਕਰੈ ਉਧਾਰੁ॥*
*ਜਨ ਕਬੀਰ ਕਉ ਨਿੰਦਾ ਸਾਰੁ॥*
*ਨਿੰਦਕੁ ਡੂਬਾ ਹਮ ਉਤਰੇ ਪਾਰਿ॥* *ਪੰਨਾ - 339*

ਇਹ ਬਚਨ ਸੁਣ ਕੇ ਕਿਸੇ ਪ੍ਰੇਮੀ ਨੇ ਬੇਨਤੀ ਕੀਤੀ ਕਿ ਭਗਤ ਜੀ, ਹੋਰ ਤਾਂ ਸਭ ਠੀਕ ਹੈ, ਪਰ ਇਕ ਗੱਲ ਸਮਝਾਉ ਕਿ ਤੁਹਾਡੀ ਨਿੰਦਾ ਕਰਨ ਵਾਲਾ ਤੁਹਾਨੂੰ ਤੁਹਾਡੀ ਮਾਂ ਤੋਂ ਵੱਧ ਕਿਵੇਂ ਪਿਆਰਾ ਹੈ ਜਦੋਂ ਕਿ ਮਾਂ ਦੇ ਨਾਲ ਦੀ ਸੰਸਾਰ ਵਿਚ ਕੋਈ ਵੀ ਚੀਜ਼ ਨਹੀਂ। ਭਗਤ ਜੀ ਕਹਿਣ ਲੱਗੇ, ਪ੍ਰੇਮੀਆਂ! ਨਿੰਦਕ ਤਾਂ ਵਿਚਾਰਾ ਮੈਨੂੰ ਮੇਰੀ ਮਾਂ ਨਾਲੋਂ ਵੀ ਪਿਆਰਾ ਹੈ, ਕਿਉਂਕਿ ਬਚਪਨ ਵਿਚ ਮੇਰਾ ਗੰਦ, ਮੇਰੀ ਮਾਂ, ਹੱਥਾਂ ਨਾਲ ਧੋ ਕੇ ਸਾਫ ਕਰਦੀ ਸੀ, ਪਰ ਨਿੰਦਕ ਵਿਚਾਰਾ ਤਾਂ ਮੇਰੀ ਮੈਲ ਆਪਣੀ ਜੀਭ ਨਾਲ ਚੱਟ ਕੇ ਸਾਫ ਕਰਦਾ ਹੈ। ਹੈ ਨਾ ਮੇਰੀ ਮਾਂ ਤੋਂ ਵੀ ਵੱਧ ਕੁਰਬਾਨੀ।

ਜਿਨ੍ਹਾਂ ਮਨੁੱਖਾਂ ਦੇ ਅੰਦਰ ਪਰਾਈ ਨਿੰਦਾ ਕਰਨ ਦੀ ਭੈੜੀ ਵਾਦੀ ਹੈ, ਉਨ੍ਹਾਂ ਦੀ ਇਸ ਸੰਸਾਰ ਵਿਚ ਵੀ, ਔਰ ਅਗਲੇ ਸੰਸਾਰ ਵਿਚ ਵੀ ਹਮੇਸ਼ਾ ਬੇ-ਇੱਜ਼ਤੀ ਹੁੰਦੀ ਹੈ। ਸਤਿਗੁਰਾਂ ਨੇ ਅਜਿਹੇ ਪ੍ਰਾਣੀਆਂ ਨੂੰ ਨੱਕ-ਵੱਢੇ ਆਖਿਆ ਹੈ। ਨਿੰਦਾ ਕਰਨ ਕਰਕੇ ਉਨ੍ਹਾਂ ਦੇ ਚਿਹਰੇ ਕਰੂਪ, ਚੰਡਾਲਾਂ ਵਰਗੇ ਅਤੇ ਡਰਾਉਣੇ ਲਗਦੇ ਹਨ। ਪ੍ਰਮੇਸ਼ਰ ਦੇ ਪਿਆਰੇ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ ਪਰ ਨਿੰਦਕ ਸਵੇਰੇ ਉਠਦੇ ਸਾਰ ਹੀ ਪਰਾਈ ਨਿੰਦਾ ਕਰਨ ਦੇ ਆਹਰ ਵਿਚ ਜੁੱਟ ਜਾਂਦੇ ਹਨ। ਉਨ੍ਹਾਂ ਦੇ ਕੋਲ ਜੇ ਭਲਾਂ ਮਾੜਾ ਮੋਟਾ ਨਾਮ ਧਨ ਹੋਵੇ ਵੀ, ਗਵਾ ਬੈਠਦੇ ਹਨ ਤੇ ਹਮੇਸ਼ਾ ਦੁਖੀ ਰਹਿੰਦੇ ਹਨ। ਇਸ ਸਬੰਧ ਵਿਚ ਗੁਰਬਾਣੀ ਦਾ ਇਹ ਫੁਰਮਾਨ ਹੈ -

*ਜਿਨ ਅੰਦਰਿ ਨਿੰਦਾ ਦੁਸਟੁ ਹੈ*
*ਨਕ ਵਢੇ ਨਕ ਵਢਾਇਆ॥*
*ਮਹਾ ਕਰੂਪ ਦੁਖੀਏ ਸਦਾ*
*ਕਾਲੇ ਮੁਹ ਮਾਇਆ॥*
*ਭਲਕੇ ਉਠਿ ਨਿਤ ਪਰ ਦਰਬੁ ਹਿਰਹਿ*
*ਹਰਿ ਨਾਮੁ ਚੁਰਾਇਆ॥*
*ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ*
*ਰਖਿ ਲੇਹੁ ਹਰਿ ਰਾਇਆ॥* *ਪੰਨਾ - 1244*

ਨਿੰਦਾ ਕਰਨ ਵਾਲੇ, ਕੇਵਲ ਸੰਸਾਰੀ ਬੰਦਿਆਂ ਦੀ ਨਿੰਦਾ ਹੀ ਨਹੀਂ ਕਰਦੇ, ਬਲਕਿ ਗੁਰੂਆਂ, ਭਗਤਾਂ, ਪ੍ਰਮੇਸ਼ਰ ਦੇ ਪਿਆਰਿਆਂ, ਤੱਤ-ਬੇਤੇ ਮਹਾਂਪੁਰਸ਼ਾਂ ਦੀ ਨਿੰਦਾ ਕਰਨ ਤੋਂ ਵੀ ਨਹੀਂ ਬਾਜ ਆਉਂਦੇ ਜਦੋਂ ਕਿ ਇਨ੍ਹਾਂ ਪ੍ਰਮੇਸ਼ਰ ਦੇ ਪਿਆਰਿਆਂ ਤੇ ਨਿੰਦਾ ਦਾ ਕੋਈ ਅਸਰ ਨਹੀਂ ਹੁੰਦਾ ਬਲਕਿ ਨਿੰਦਕ ਹੀ ਆਪਣਾ ਅਹਿਲਾ ਜਨਮ ਗਵਾ ਕੇ ਨਰਕਾਂ ਨੂੰ ਤੁਰ ਜਾਂਦੇ ਹਨ। ਨਿੰਦਾ ਨਾਲ ਉਹ ਦੂਸਰੇ ਦੇ ਜਨਮਾਂ-ਜਨਮਾਂਤਰਾਂ ਦੀ ਮੈਲ ਸਾਫ ਕਰਕੇ ਆਪਣੇ ਅੰਤਸ਼ਕਰਣ ਵਿਚ ਇਕੱਠੀ ਕਰ ਲੈਂਦੇ ਹਨ ਅਤੇ ਅਤਿ ਮਲੀਨ ਹੋ ਜਾਂਦੇ ਹਨ। ਸੰਤ ਜਨਾਂ ਦੀ ਨਿੰਦਾ ਕਰਕੇ ਉਹ ਸੰਤਾਂ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਡੇਗਣਾ ਚਾਹੁੰਦੇ ਹਨ ਪਰ ਅਜਿਹਾ ਹੁੰਦਾ ਨਹੀਂ। ਉਹ ਤਾਂ ਪ੍ਰਮੇਸ਼ਰ ਦੇ ਦਰ ਪ੍ਰਵਾਨ ਚੜ੍ਹੇ ਹੁੰਦੇ ਹਨ ਤੇ ਨਿੰਦਾ-ਉਸਤਤਿ ਤੋਂ ਉਪਰ ਰਹਿੰਦੇ ਹਨ। ਨਿੰਦਕ, ਨਾ ਤਾਂ ਇਨ੍ਹਾਂ ਦੀ ਬਰਾਬਰੀ ਕਰ ਸਕਦਾ ਹੈ ਤੇ ਨਾ ਹੀ ਉਨ੍ਹਾਂ ਦਾ ਕਿਸੇ ਵੀ ਤਰ੍ਹਾਂ ਸਤਿਕਾਰ ਘਟਾ ਸਕਦਾ ਹੈ ਬਲਕਿ ਉਹ ਖੁਦ ਆਪ ਇਸ ਸੰਸਾਰ ਵਿਚ ਖਪ-ਖਪ ਮਰਦਾ ਹੈ ਤੇ ਦੁਖੀ ਹੁੰਦਾ ਹੈ ਤੇ ਉਸਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ਪਰ ਨਿੰਦਕ ਵਿਚਾਰੇ ਦੇ ਵਸ ਵੀ ਕੀ ਹੈ? ਉਸਦੇ ਪੂਰਬਲੇ ਮੰਦ-ਕਰਮਾਂ ਦੀ ਮੈਲ ਉਸਨੂੰ ਨਿੰਦਾ ਕਰਨ ਵੱਲ ਪਰੇਰੀ ਰੱਖਦੀ ਹੈ। ਆਖਿਰ ਉਹ ਐਸੀ ਨਿੱਘਰੀ ਹਾਲਤ ਵਿਚ ਪਹੁੰਚ ਜਾਂਦਾ ਹੈ ਕਿ ਉਸਦੀ ਨਿੱਘਰੀ ਹਾਲਤ ਵੇਖ ਕੇ ਕਿਸੇ ਨੇ ਉਸਦੀ ਮਦਦ ਤਾਂ ਕੀ ਕਰਨੀ ਹੈ ਬਲਕਿ ਉਹ ਕਿਸੇ ਕੋਲ ਪੁਕਾਰ ਕਰਨ ਜੋਗਾ ਵੀ ਨਹੀਂ ਰਹਿੰਦਾ ਤੇ ਉਸਦੀ ਕਿਤੇ ਵੀ ਗਤੀ ਨਹੀਂ ਹੁੰਦੀ। ਜਿਉਂ-ਜਿਉਂ ਉਹ ਸੰਤਾਂ ਦੀ ਨਿੰਦਾ ਵਧੇਰੇ ਕਰਦਾ ਹੈ, ਤਿਉਂ-ਤਿਉਂ ਸੰਤਾਂ ਨੂੰ ਵਧੇਰੇ ਸੁਖ ਪ੍ਰਾਪਤ ਹੁੰਦਾ ਹੈ ਕਿਉਂਕਿ ਇਕ ਤਾਂ ਪ੍ਰਭੂ ਜੀ ਆਪਣੇ ਭਗਤਾਂ ਨੂੰ ਆਪ ਹੱਥ ਦੇ ਕੇ ਰੱਖ ਲੈਂਦੇ ਹਨ, ਦੂਜੇ ਉਨ੍ਹਾਂ ਨੂੰ ਆਪਣੇ ਆਤਮਕ ਜੀਵਨ ਦੀ ਪੜਤਾਲ ਕਰਨ ਦਾ ਮੌਕਾ ਮਿਲਦਾ ਹੈ। ਅਖੀਰ ਨਿੰਦਕ ਨੂੰ ਨਿੰਦਾ, ਹੜ੍ਹਾਂ ਦੇ ਪਾਣੀ ਵਾਂਗੂੰ ਰੋੜ੍ਹ ਕੇ ਲੈ ਜਾਂਦੀ ਹੈ। ਮਹਾਰਾਜ ਦਾ ਪਵਿੱਤਰ ਬਚਨ ਹੈ -

*ਜਨਮ ਜਨਮ ਕੀ ਮਲੁ ਧੋਵੈ ਪਰਾਈ*
*ਆਪਣਾ ਕੀਤਾ ਪਾਵੈ॥*
*ਈਹਾ ਸੁਖੁ ਨਹੀ ਦਰਗਹ ਢੋਈ*
*ਜਮ ਪੁਰਿ ਜਾਇ ਪਚਾਵੈ॥*
*ਨਿੰਦਕਿ ਅਹਿਲਾ ਜਨਮੁ ਗਵਾਇਆ॥*
*ਪਹੁਚਿ ਨ ਸਾਕੈ ਕਾਹੂ ਬਾਤੈ*
*ਆਗੈ ਠਉਰ ਨ ਪਾਇਆ॥*
*ਕਿਰਤੁ ਪਇਆ ਨਿੰਦਕ ਬਪੁਰੇ ਕਾ*
*ਕਿਆ ਓਹੁ ਕਰੈ ਬਿਚਾਰਾ॥*
*ਤਹਾ ਬਿਗੂਤਾ ਜਹ ਕੋਇ ਨ ਰਾਖੈ*
*ਓਹੁ ਕਿਸੁ ਪਹਿ ਕਰੇ ਪੁਕਾਰਾ॥*
*ਨਿੰਦਕ ਕੀ ਗਤਿ ਕਤਹੂੰ ਨਾਹੀ*
*ਖਸਮੈ ਏਵੈ ਭਾਣਾ॥*
*ਜੋ ਜੋ ਨਿੰਦ ਕਰੇ ਸੰਤਨ ਕੀ*
*ਤਿਉ ਸੰਤਨ ਸੁਖੁ ਮਾਨਾ॥* *ਪੰਨਾ - 380*

ਇਸੇ ਤਰ੍ਹਾਂ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸੰਸਾਰ ਵਿਚ ਸਭ ਰੋਗਾਂ ਦੀ ਦਾਰੂ ਹੈ ਪਰ ਨਿੰਦਕ ਦਾ ਕੋਈ ਇਲਾਜ ਨਹੀਂ। ਉਹ ਤਾਂ ਕੀਤੇ ਕਰਮਾਂ ਦਾ ਫਲ ਭੋਗਣ ਲਈ 84 ਲੱਖ ਜੂਨਾਂ ਵਿਚ ਖਪ-ਖਪ ਕੇ ਮਰਦੇ ਹਨ -

*ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥*
*ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥*
*ਪੰਨਾ - 315*

ਨਿੰਦਕਾਂ ਪਾਸੋਂ ਧਰਮਰਾਜ ਲੇਖਾ ਮੰਗ ਕੇ ਕਰੜੀ ਤੋਂ ਕਰੜੀ ਸਜ਼ਾ ਦਿੰਦਾ ਹੈ। ਭਾਵੇਂ ਉਹ ਕਿੰਨਾ ਹੀ ਲੁੱਕ ਛਿਪ ਕੇ ਇਹ ਅਪਰਾਧ ਕਰਨ,

ਭਾਵੇਂ ਧਰਤੀ ਵਿਚ ਉਤਰ ਕੇ ਨਿੰਦਾ ਕਰਨ; ਉਨ੍ਹਾਂ ਦਾ ਕੀਤਾ ਇਹ ਮੰਦ-ਕਰਮ, ਜ਼ਰੂਰ ਪ੍ਰਗਟ ਹੋ ਜਾਂਦਾ ਹੈ ਤੇ ਉਨ੍ਹਾਂ ਲਈ ਅਤਿ ਦੁਖਦਾਈ ਸਾਬਤ ਹੁੰਦਾ ਹੈ। ਨੌਵੇਂ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ ਕਿ ਭਾਈ, ਤੂੰ ਉਸਤਤਿ ਅਤੇ ਨਿੰਦਾ ਦੋਨੋਂ ਹੀ ਛੱਡ ਕੇ, ਕੇਵਲ ਪ੍ਰਭੂ ਦੀ ਸਿਫਤ ਸਲਾਹ ਹੀ ਹਿਰਦੇ ਵਿਚ ਵਸਾ। ਕਿਉਂਕਿ ਇਹ ਚੰਗੇ-ਮੰਦੇ ਸਾਰਿਆਂ ਵਿਚ ਹੀ ਉਸਦੀ ਇਲਾਹੀ ਜੋਤ ਰਵਿ ਰਹੀ ਹੈ ਤਾਂ ਕਿਸਨੂੰ ਚੰਗਾ ਆਖੇਂਗਾ ਤੇ ਕਿਸਨੂੰ ਮੰਦਾ ਆਖੇਂਗਾ। ਸੋ ਇਸ ਸੰਸਾਰ ਵਿਚ ਕੇਵਲ ਇਕ ਪ੍ਰਮੇਸ਼ਰ ਹੀ ਸਲਾਹੁਣ ਯੋਗ ਹੈ।

ਪਰਾਈ ਨਿੰਦਾ ਕਰਨ ਵਾਲਾ ਭਾਵੇਂ ਅਠਾਰ੍ਹਾਂ ਤੀਰਥਾਂ ਤੇ ਜਾ ਇਸ਼ਨਾਨ ਕਰੇ, ਲੋਕ ਭਲਾਈ ਲਈ ਖੂਹ, ਟੋਭੇ, ਤਲਾਬ ਲਗਾਵੇ, ਕੁਰਕਸ਼ੇਤਰ ਤੇ ਜਾ ਸੂਰਜ ਗ੍ਰਹਿਣ ਸਮੇਂ ਇਸ਼ਨਾਨ ਆਦਿ ਕਰਕੇ ਪਵਿੱਤਰ ਬਣਿਆ ਫਿਰੇ, ਸਾਰੀਆਂ ਸਿਮ੍ਰਿਤੀਆਂ ਗ੍ਰੰਥਾਂ ਆਦਿ ਦਾ ਪਾਠ, ਧਿਆਨ ਨਾਲ ਸ੍ਰਵਣ ਕਰੇ, ਗਰੀਬਾਂ ਨੂੰ ਭੂਮੀ ਦਾਨ ਕਰੇ, ਆਪਣਾ ਵਿਗਾੜ ਦੂਸਰਿਆਂ ਦਾ ਸਵਾਰੇ, ਪਰ ਜੇਕਰ ਉਹ ਪ੍ਰਭੂ ਦੇ ਪਿਆਰਿਆਂ ਸੰਤਾਂ, ਭਗਤਾਂ ਜਾਂ ਕਿਸੇ ਦੀ ਵੀ ਨਿੰਦਾ ਕਰਦਾ ਹੈ ਤਾਂ ਉਸਦੇ ਇਹ ਸਭ ਕਰਮ ਰੂਈਂ ਦੇ ਪਹਾੜ ਵਾਂਗੂੰ ਜਲ ਕੇ ਸਵਾਹ ਹੋ ਜਾਣਗੇ ਤੇ ਇਹ ਕਰਮ-ਕਾਂਡ ਉਸਦਾ ਕੁਝ ਨਹੀਂ ਸਵਾਰ ਸਕਣਗੇ ਅਤੇ ਉਹ ਆਤਮਕ ਮੌਤੇ ਮਰ ਕੇ ਦੁਖੀ ਹੋਵੇਗਾ।

ਗੁਰੂਆਂ, ਪੀਰਾਂ, ਸੰਤਾਂ ਭਗਤਾਂ ਦੀ ਨਿੰਦਾ ਕਰਨ ਵਾਲੇ ਦਾ ਕੀ ਹਸ਼ਰ ਹੁੰਦਾ ਹੈ? ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਤੇ ਇਹ ਸਾਖੀ ਸਾਨੂੰ ਚਾਨਣ ਦਿੰਦੀ ਹੈ ਕਿ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਖਡੂਰ ਸਾਹਿਬ ਸ਼ਿਵਨਾਥ ਨਾਂ ਦਾ ਤਪਾ, ਜਾਦੂ-ਟੂਣੇ ਆਦਿ ਦੀ ਵਿਦਿਆ ਸਿਖ ਕੇ ਬੜਾ ਹੰਕਾਰੀ ਅਤੇ ਈਰਖਾਲੂ ਬਣਿਆ ਹੋਇਆ ਸੀ। ਸਤਿਗੁਰੂ ਜੀ ਪਾਸ ਬੇਅੰਤ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ। ਪਾਤਸ਼ਾਹ ਜੀ ਦੇ ਇਲਾਹੀ ਬਚਨ ਸਰਵਣ ਕਰਕੇ ਅਤੇ ਨੂਰਾਨੀ ਚੇਹਰੇ ਦੇ ਦਰਸ਼ਨ ਕਰਕੇ ਗਦ-ਗਦ ਹੋ ਜਾਂਦੀਆਂ। ਇਹ ਵੇਖ ਕੇ ਸ਼ਿਵਨਾਥ ਤਪਾ ਅੰਦਰੋ-ਅੰਦਰ ਸੜਦਾ ਤੇ ਹਮੇਸ਼ਾਂ ਸਤਿਗੁਰੂ ਜੀ ਦੀ ਨਿੰਦਾ ਹੀ ਕਰਦਾ ਰਹਿੰਦਾ।

ਇਕ ਵੇਰ ਐਸਾ ਭਾਣਾ ਵਰਤਿਆ ਕਿ ਭਾਦਰੋਂ ਦੇ ਮਹੀਨੇ ਬਹੁਤ ਔੜ ਲੱਗੀ। ਇਕ ਬੂੰਦ ਵੀ ਪਾਣੀ ਦੀ ਅਸਮਾਨੋਂ ਨਾ ਡਿੱਗੀ। ਲੋਕੀ ਤਰਾਹ-ਤਰਾਹ ਕਰਨ ਲੱਗੇ। ਕੁਝ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ ਕ੍ਰਿਪਾ ਕਰੋ, ਮੀਂਹ ਵਰ੍ਹ ਜਾਵੇ। ਸਤਿਗੁਰੂ ਜੀ ਇਹੀ ਉਤਰ ਦਿੰਦੇ ਕਿ ਇਹ ਪ੍ਰਮੇਸ਼ਰ ਦੀ ਮੌਜ ਹੈ, ਉਸਨੂੰ ਹੀ ਬੇਨਤੀਆਂ ਕਰੋ। ਕੁਝ ਲੋਕੀ ਸ਼ਿਵਨਾਥ ਤਪੇ ਦੇ ਕੋਲ ਜਾ ਕੇ ਵੀ ਬੇਨਤੀ ਕਰਨ ਲੱਗੇ ਕਿ ਤਪਾ ਜੀ ਮੀਂਹ ਪਵਾਓ। ਸ਼ਿਵਨਾਥ ਤਪੇ ਨੇ ਲੋਕਾਂ ਨੂੰ ਆਖਿਆ ਕਿ ਤੁਹਾਡੇ ਤੇ ਤਾਂ ਇੰਦਰ ਦੇਵਤਾ ਦੀ ਸਖਤ ਕਰੋਪੀ ਹੈ ਕਿਉਂਕਿ ਤੁਸੀਂ ਇਕ ਗ੍ਰਹਿਸਤੀ (ਭਾਵ ਗੁਰੂ ਅੰਗਦ ਦੇਵ ਜੀ) ਨੂੰ ਨਮਸਕਾਰਾਂ ਕਰੀ ਜਾਂਦੇ ਹੋ ਤੇ ਗੁਰੂ ਮੰਨੀ ਬੈਠੇ ਹੋ। ਜੇ ਮੀਂਹ ਪਵਾਉਣਾ ਹੈ ਤਾਂ ਇਨ੍ਹਾਂ ਨੂੰ ਪਿੰਡ ਵਿਚੋਂ ਕੱਢ ਦਿਉ। ਮੈਂ ਮੀਂਹ ਪਵਾ ਦਿਆਂਗਾ। ਕੁਝ ਲੋਕਾਂ ਨੇ ਜਦੋਂ ਸਤਿਗੁਰੂ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਹਾਡੇ ਕਾਰਨ ਸਾਡੇ ਪਿੰਡ ਵਿਚ ਮੀਂਹ ਨਹੀਂ ਪੈਂਦਾ। ਜੇ ਆਪ ਕਿਧਰੇ ਹੋਰ ਚਲੇ ਜਾਓ, ਤਾਂ ਮੀਂਹ ਵਰ੍ਹ ਸਕਦਾ ਹੈ। ਦਇਆ ਦੇ ਸਾਗਰ, ਪਰਉਪਕਾਰੀ ਸਤਿਗੁਰੂ ਜੀ ਕਹਿਣ ਲੱਗੇ ਕਿ ਭਾਈ, ਮੀਂਹ ਪਾਉਣਾ ਜਾਂ ਨਾ ਪਾਉਣਾ ਤਾਂ ਪ੍ਰਮੇਸ਼ਰ ਦੀ ਮੌਜ ਹੈ, ਪਰ ਜੇ ਸਾਡੇ ਜਾਣ ਨਾਲ ਤੁਹਾਡਾ ਭਲਾ ਹੋ ਜਾਵੇ ਤਾਂ ਮੈਨੂੰ ਇਥੋਂ ਜਾਣ ਵਿਚ ਕੋਈ ਦੁੱਖ ਨਹੀਂ। ਸਤਿਗੁਰੂ ਜੀ ਪਿੰਡ ਛੱਡ ਗਏ। ਫਿਰ ਲੋਕੀ ਹੋ ਗਏ ਤਪੇ ਦੇ ਦੁਆਲੇ। ਤਪੇ ਨੇ ਬੜੇ ਜਤਨ ਕੀਤੇ, ਧੂਣੀਆਂ ਤਾਪੀਆਂ, ਮੰਤਰ ਪੜ੍ਹੇ, ਵਲ-ਛਲ ਕੀਤੇ, ਪਰ ਇਕ ਬੂੰਦ ਵੀ ਨਾ ਡਿੱਗੀ। ਲੋਕੀ ਰੋਹ ਵਿਚ ਆ ਕੇ ਕਹਿਣ ਲੱਗੇ ਕਿ ਤਪਾ ਜੀ, ਤੁਸੀਂ ਤਾਂ ਕਹਿੰਦੇ ਸੀ ਕਿ ਗੁਰੂ ਅੰਗਦ ਦੇਵ ਜੀ ਨੂੰ ਪਿੰਡ ਵਿਚੋਂ ਕੱਢ ਦਿਉ, ਮੀਂਹ ਪੈ ਜਾਵੇਗਾ, ਪਰ ਹੁਣ ਮੀਂਹ ਕਿਉਂ ਨਹੀਂ ਪੈਂਦਾ? ਅੱਗੋਂ ਤਪੇ ਨੂੰ ਕੋਈ ਗੱਲ ਨਾ ਫੁਰੇ। ਕੁਝ ਸਮੇਂ ਬਾਦ (ਸਤਿਗੁਰੂ) ਅਮਰਦਾਸ ਜੀ ਮਹਾਰਾਜ, ਉਥੇ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਲਈ ਆਏ ਤਾਂ ਵੇਖ ਕੇ ਹੈਰਾਨ ਹੋ ਗਏ ਕਿ ਕਿਸ ਤਰ੍ਹਾਂ ਤਪੇ ਦੀ ਸ਼ਰਾਰਤ ਕਾਰਨ ਪਿੰਡ ਦੇ ਲੋਕਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਪਿੰਡ ਵਿਚੋਂ ਬਾਹਰ ਕੱਢ ਦਿਤਾ ਹੈ। ਕੁਝ ਲੋਕਾਂ ਨੇ (ਗੁਰੂ) ਅਮਰਦਾਸ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਹੁਣ ਕੀ ਬਣੂ? ਮੀਂਹ ਤਾਂ ਹੁਣ ਵੀ ਨਹੀਂ ਪੈਂਦਾ ਤਾਂ (ਸਤਿਗੁਰੂ) ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, "ਪ੍ਰੇਮੀਓ! ਇਹ ਤਾਂ ਕੋਈ ਔਖੀ ਗੱਲ ਨਹੀਂ - ਮੀਂਹ ਪਵਾਉਣਾ। ਤੁਸੀਂ ਜਿਥੇ-ਜਿਥੇ ਮੀਂਹ ਪਵਾਉਣਾ ਚਾਹੁੰਦੇ ਹੋ, ਓਥੇ-ਓਥੇ ਸ਼ਿਵਨਾਥ ਤਪੇ ਨੂੰ ਲੈ ਜਾਓ। ਇਹ ਸੁਣ ਕੇ ਲੋਕੀ ਤਪੇ ਵਲ ਨੂੰ ਭੱਜ ਪਏ ਅਤੇ ਖਿੱਚ-ਖਿੱਚ ਕੇ ਜਿਧਰ ਨੂੰ ਲਈ ਜਾਣ, ਉਸੇ ਪਾਸੇ ਮੂਹਲੇ ਧਾਰ ਮੀਂਹ ਵਰ੍ਹੀ ਜਾਵੇ। ਇਕ ਤੋਂ ਇਕ ਕਾਹਲੇ ਲੋਕ, ਕੋਈ ਤਪੇ ਨੂੰ ਇਧਰ ਨੂੰ ਖਿੱਚੇ, ਕੋਈ ਉਧਰ ਨੂੰ ਖਿੱਚੇ। ਲੋਕਾਂ ਨੇ ਖਿੱਚ-ਖਿੱਚ ਕੇ ਉਸਦੇ ਸਰੀਰ ਦੀ ਬੋਟੀ-ਬੋਟੀ ਕਰ ਮਾਰੀ। ਸਤਿਗੁਰਾਂ ਦੀ ਨਿੰਦਾ ਕਰਨ ਵਾਲਾ ਤਪਾ ਇਉਂ ਮਰਿਆ, ਜਿਵੇਂ ਕੋਈ ਪੇਂਜਾ ਰੂੰ ਨੂੰ ਕੱਲੀ-ਕੱਲੀ ਕਰਕੇ ਪਿੰਜਦਾ ਹੈ।

ਇਸੇ ਤਰ੍ਹਾਂ ਅਜੈ ਨਾਮ ਦਾ ਇਕ ਰਾਜਾ ਬੜਾ ਦਾਨੀ ਸੀ। ਰਾਜ ਗੱਦੀ ਤੇ ਬੈਠ ਕੇ ਦਾਨ ਕਰਿਆ ਕਰਦਾ ਸੀ। ਇਕ ਦਿਨ ਉਹ ਘੋੜਿਆਂ ਦੇ ਅਸਤਬਲ ਵਿਚ ਘੋੜਿਆਂ ਦੀ ਦੇਖ-ਰੇਖ ਕਰ ਰਿਹਾ ਸੀ। ਅਚਾਨਕ ਇਕ ਸਾਧੂ ਨੇ ਆ ਕੇ ਅਲਖ ਜਗਾਈ। ਰਾਜੇ ਨੂੰ ਬੜਾ ਗੁੱਸਾ ਆਇਆ ਕਿ ਇਹ ਕੋਈ ਥਾਂ ਹੈ ਦਾਨ ਕਰਨ ਦੀ? ਗੁੱਸੇ ਵਿਚ ਆ ਕੇ ਚੁੱਕ ਕੇ ਥੋੜ੍ਹੀ ਜਿਹੀ ਘੋੜਿਆਂ ਦੀ ਲਿੱਦ ਸਾਧੂ ਦੀ ਚਿੱਪੀ ਵਿਚ ਪੁਆ ਦਿਤੀ। ਸੁਭਾਅ ਮੁਤਾਬਿਕ ਸਾਧੂ ਜਾਂਦੇ ਹੋਏ ਅਸ਼ੀਰਵਾਦ ਦੇ ਗਏ - ਤੇਰਾ ਦਿਤਾ ਦਾਨ ਫਲੀਭੂਤ ਹੋਵੇ। ਕਾਫੀ ਸਮਾਂ ਲੰਘਣ ਤੋਂ ਬਾਦ ਇਕ ਦਿਨ ਰਾਜਾ ਜਦੋਂ ਜੰਗਲ ਵਿਚ ਸ਼ਿਕਾਰ ਕਰਨ ਗਿਆ ਤਾਂ ਵੇਖ ਕੇ ਬੜਾ ਹੈਰਾਨ ਹੋਇਆ ਕਿ ਇਕ ਸਾਧੂ ਦੀ ਕੁਟੀਆ ਦੇ ਕੋਲ ਬਹੁਤ ਵੱਡਾ ਲਿੱਦ ਦਾ ਢੇਰ ਲੱਗਿਆ ਹੋਇਆ ਹੈ ਪਰ ਦੂਰ ਨੇੜੇ ਘੋੜਿਆਂ ਦਾ ਨਾਂ ਨਿਸ਼ਾਨ ਵੀ ਨਹੀਂ। ਹੈਰਾਨ ਹੋਇਆ ਤੇ ਕੁਟੀਆ ਅੰਦਰ ਜਾ ਕੇ ਸਾਧੂ ਨੂੰ ਬੇਨਤੀ ਕੀਤੀ ਕਿ ਮਹਾਰਾਜ, ਮੇਰਾ ਸ਼ੰਕਾ ਨਵਿਰਤ ਕਰੋ। ਸਾਧੂ ਕਹਿਣ ਲੱਗੇ, ਇਹ ਤੇਰਾ ਦਿਤਾ ਹੋਇਆ ਦਾਨ ਹੈ, ਬਹੁਤ ਫਲ ਗਿਹੈ, ਤੈਨੂੰ ਖਾਣਾ ਪਏਗਾ। ਇਹ ਸੁਣ ਕੇ ਰਾਜੇ ਦੀ ਖਾਨਿਓਂ ਗਈ। ਪੈਰੀਂ ਪੈ ਗਿਆ। ਕਹਿਣ ਲੱਗਾ, "ਮਹਾਰਾਜ! ਸੰਤ ਮੁਕਤੀ ਦਾ ਦਾਤਾ ਵੀ ਹੈ ਅਤੇ ਜੁਗਤੀ ਦਾ ਦਾਤਾ ਵੀ ਹੈ; ਕ੍ਰਿਪਾ ਕਰੋ, ਕੋਈ ਉਪਾਅ ਦੱਸੋ। ਇਹ ਮੇਰਾ ਹੀ ਅਪਰਾਧ ਹੈ।" ਸਾਧੂ ਦੇ ਮਨ ਵਿਚ ਦਇਆ ਆਈ - ਕਹਿੰਦੇ, "ਜਾਹ, ਆਪਣੀ ਨਿੰਦਾ ਕਰਾ, ਇਹ ਘਟ ਜਾਵੇਗਾ।"

ਇਹ ਸੁਣ ਕੇ ਰਾਜੇ ਨੇ ਰੰਗਦਾਰ ਬੋਤਲਾਂ ਵਿਚ ਪਾਣੀ ਭਰ, ਨਾਲ ਪਰਾਈਆਂ ਔਰਤਾਂ ਲੈ, ਬੱਘੀ ਤੇ ਸਵਾਰ ਹੋ, ਸ਼ਰਾਬੀ ਅਤੇ ਵਿਭਚਾਰੀ ਦਾ ਰੂਪ ਧਾਰਨ ਕਰਕੇ ਸ਼ਹਿਰ ਵਿਚ ਗੇੜਾ ਦਿਤਾ; ਬੜੀ ਨਿੰਦਾ ਹੋਈ। ਫਿਰ ਜਾ ਕੇ ਵੇਖਿਆ ਜੰਗਲ ਵਿਚ। ਉਹ ਲਿੱਦ ਦਾ ਢੇਰ ਘਟ-ਘਟ ਕੇ ਓਨਾਂ ਰਹਿ ਗਿਆ, ਜਿੰਨਾਂ ਉਸਨੇ ਆਪ ਖੁਦ

ਦਾਨ ਕੀਤਾ ਸੀ। ਸਾਧੂ ਨੂੰ ਫਿਰ ਬੇਨਤੀ ਕੀਤੀ ਕਿ ਮਹਾਰਾਜ, ਕੋਈ ਹੋਰ ਉਪਾਅ ਦੱਸੋ ਕਿ ਇਹ ਬਿਲਕੁਲ ਖਤਮ ਹੋ ਜਾਵੇ। ਸਾਧੂ ਨੇ ਕਿਹਾ ਕਿ ਸ਼ਹਿਰ ਵਿਚ ਐਸਾ ਪ੍ਰਭੂ ਦਾ ਪਿਆਰਾ ਭਗਤ ਹੈ, ਲੋਹੇ ਦਾ ਕੰਮ ਕਰਦਾ ਹੈ, ਉਸਨੇ ਤੇਰੀ ਨਿੰਦਾ ਨਹੀਂ ਕੀਤੀ; ਅਗਰ ਉਹ ਤੇਰੀ ਨਿੰਦਾ ਕਰ ਦੇਵੇ ਤਾਂ ਇਹ ਬਿਲਕੁਲ ਖਤਮ ਹੋ ਜਾਏਗੀ।

ਰਾਜਾ, ਕਿਸਾਨ ਦਾ ਰੂਪ ਧਾਰਨ ਕਰਕੇ ਕੁਝ ਦਾਤੀਆਂ ਚੰਡਾਉਣ ਲਈ ਉਸ ਭਗਤ ਕੋਲ ਪੁੱਜਿਆ। ਜਾ ਕੇ ਦਾਤੀਆਂ ਤਿੱਖੀਆਂ ਕਰਨ ਲਈ ਬੇਨਤੀ ਵੀ ਕੀਤੀ ਤੇ ਨਾਲ ਨਿੰਦਾ ਕਰਾਉਣ ਲਈ "ਦੇਖੋ ਕਿਹੋ ਜਿਹਾ ਭੈੜਾ ਵਕਤ ਆ ਗਿਐ, ਜਦੋਂ ਰਾਜਾ ਹੀ ਵਿਭਚਾਰੀ ਹੋ ਗਿਆ ਹੋਵੇ ਤਾਂ ਪਰਜਾ ਦਾ ਕੀ ਬਣੂ?" ਇਹ ਸੁਣ ਕੇ ਪ੍ਰਭੂ ਦੇ ਭਗਤ ਨੇ ਉਸ ਕਿਸਾਨ (ਰਾਜੇ) ਦੀ ਦਾਤੀ ਵਗਾਹ ਮਾਰੀ ਤੇ ਆਖਿਆ, "ਘੋੜਿਆਂ ਦੀ ਲਿੱਦ ਤੂੰ ਹੀ ਖਾਹ, ਮੈਂ ਨਹੀਂ ਖਾਣੀ।" ਫਿਰ ਨਿਰਾਸ਼ ਹੋ ਕੇ ਰਾਜਾ ਸਾਧੂ ਕੋਲ ਆ ਗਿਆ ਤੇ ਕਹਿਣ ਲੱਗਾ ਕਿ ਉਸ ਭਗਤ ਨੇ ਤਾਂ ਨਿੰਦਾ ਨਹੀਂ ਕੀਤੀ। ਕੋਈ ਹੋਰ ਉਪਾਅ ਦੱਸੋ। ਤਦ ਸਾਧੂ ਨੇ ਕਿਹਾ ਕਿ ਇਸ ਲਿੱਦ ਨੂੰ ਅੱਗ ਵਿਚ ਸਾੜ ਕੇ ਸੁਆਹ ਕਰ ਲੈ ਤੇ ਪੁੜੀਆਂ ਬਣਾ ਕੇ ਖਾ ਲੈ। ਇਹ ਤਾਂ ਤੈਨੂੰ ਹੁਣ ਖਾਣੀ ਹੀ ਪਏਗੀ।

ਸੋ ਕਹਿਣ ਤੋਂ ਭਾਵ ਕਿ ਨਿੰਦਿਆ ਦਾ ਫਲ ਤਾਂ ਭੁਗਤਣਾ ਹੀ ਪੈਂਦਾ ਹੈ ਪਰ ਜੇ ਪੂਰਨ ਸਾਧੂ ਦੀ ਸੰਗਤ ਮਿਲ ਜਾਵੇ ਤਾਂ ਜੁਗਤੀ ਨਾਲ ਇਸ ਨਿੰਦਾ ਦੇ ਫਲ ਦੀ ਸਜ਼ਾ ਘਟ ਵੀ ਸਕਦੀ ਹੈ ਅਤੇ ਇਸ ਭੈੜੀ ਵਾਦੀ ਤੋਂ ਛੁਟਕਾਰਾ ਵੀ ਮਿਲ ਸਕਦਾ ਹੈ।

ਇਹ ਪਰਾਈ ਨਿੰਦਾ ਈਰਖਾਲੂ ਅਤੇ ਹੰਕਾਰ ਮਨ ਦੀ ਉਪਜ ਹੈ। ਨਿੰਦਕ ਦੂਸਰੇ ਦੀ ਨਿੰਦਾ ਕਰਕੇ ਮਾਨੋਂ ਅਨੰਦ ਲੈਂਦਾ ਹੈ, ਪਰ ਹੈ ਇਹ ਜਿਵੇਂ ਕੋਈ ਜ਼ਹਿਰ ਨੂੰ ਖੰਡ ਦੀ ਪੁੜੀ ਵਿਚ ਪਾ ਕੇ ਖਾ ਰਿਹਾ ਹੋਵੇ। ਇਸਦਾ ਫਲ ਪਿਛੋਂ ਪਤਾ ਲਗਦਾ ਹੈ। ਨਿੰਦਾ ਕਰਨ ਵਿਚ ਅਗਰ ਕੋਈ ਉਸਦਾ ਸਹਿਯੋਗੀ ਵੀ ਬਣਦਾ ਹੈ, ਉਹ ਵੀ ਨਾ ਸਹਾਰਿਆ ਜਾਣ ਵਾਲਾ ਭਾਰ ਆਪਣੇ ਉਤੇ ਲੱਦ ਕੇ ਬਿਲਕਦਾ ਸੰਸਾਰ ਵਿਚੋਂ ਤੁਰ ਜਾਂਦਾ ਹੈ -

*ਅਰੜਾਵੈ ਬਿਲਲਾਵੈ ਨਿੰਦਕੁ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ॥*
*ਜੇ ਕੋਈ ਉਸਕਾ ਸੰਗੀ ਹੋਵੈ*
*ਨਾਲੇ ਲਏ ਸਿਧਾਵੈ॥*
*ਅਣਹੋਦਾ ਅਜਗਰੁ ਭਾਰੁ ਉਠਾਏ*
*ਨਿੰਦਕੁ ਅਗਨੀ ਮਾਹਿ ਜਲਾਵੈ॥* *ਪੰਨਾ - 373*

ਸਤਿਗੁਰੂ ਜੀ ਦੇ ਪਾਵਨ ਬਚਨ ਹਨ ਕਿ ਹੇ ਪ੍ਰਾਣੀ! ਤੂੰ ਪਰਾਈ ਨਿੰਦਾ ਅਤੇ ਕਿਸੇ ਦੀ ਝੂਠੀ ਉਸਤਤਿ ਭੁੱਲ ਕੇ ਵੀ ਨਾ ਕਰੀਂ। ਕਿਉਂਕਿ ਕਿਸੇ ਦੀ ਝੂਠੀ ਉਸਤਤਿ ਕਰਨਾ ਵੀ ਨਿੰਦਾ ਕਰਨ ਦੇ ਬਰਾਬਰ ਹੀ ਹੈ। ਜਿਨ੍ਹਾਂ ਗੁਰੂ ਸਵਾਰਿਆਂ ਨੇ ਉਸਤਤਿ ਨਿੰਦਾ ਦੋਨੋਂ ਛੱਡ ਕੇ ਵਾਸ਼ਨਾ ਰਹਿਤ ਜੀਵਨ ਨੂੰ ਅਪਣਾਅ ਲਿਆ ਹੈ, ਉਨ੍ਹਾਂ ਨੇ ਉੱਚੀ ਆਤਮਕ ਅਵਸਥਾ ਨੂੰ ਪ੍ਰਾਪਤ ਕਰਕੇ, ਜੀਵਨ ਦੀ ਬਾਜ਼ੀ ਜਿੱਤ ਲਈ ਹੈ। ਕਿਉਂਕਿ ਇਹ ਜੀਵਨ ਦੀ ਖੇਡ ਬੜੀ ਔਖੀ ਹੈ, ਕੋਈ ਵਿਰਲਾ ਹੀ ਗੁਰੂ ਦੀ ਸ਼ਰਨ ਪੈ ਕੇ ਇਸਨੂੰ ਸਮਝਦਾ ਹੈ -

*ਉਸਤਤਿ ਨਿੰਦਾ ਦੋਊ ਤਿਆਗੈ*
*ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ*
*ਕਿਨਹੂੰ ਗੁਰਮੁਖਿ ਜਾਨਾ॥* *ਪੰਨਾ - 219*

(ਪੰਨਾ 15 ਦੀ ਬਾਕੀ)

ਬਹੁਤ ਹੀ ਸੁਖੇਨ ਹੈ ਅਤੇ ਪ੍ਰਭੂ ਦੀ ਪ੍ਰਾਪਤੀ ਸੰਤਾਂ ਦੀ ਸੰਗਤ, ਹਰੀ ਦਾ ਕੀਰਤਨ ਕਰਨ ਨਾਲ ਸਹਿਜੇ ਹੀ ਹੋ ਜਾਂਦੀ ਹੈ -

*ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ॥*
*ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ॥*
*ਪੰਨਾ - 619*

ਜਦੋਂ ਤੀਕਰ ਮਨ ਵਿਚ ਗਿਆਨ ਦਾ ਪ੍ਰਕਾਸ਼ ਇਸ ਜੀਵ ਨੂੰ ਪ੍ਰਾਪਤ ਨਹੀਂ ਹੁੰਦਾ, ਇਹ ਭਵਸਾਗਰ ਤੋਂ ਤਰ ਨਹੀਂ ਸਕਿਆ ਕਰਦਾ। ਗਿਆਨ ਬਿਨਾਂ ਹਉਮੈ ਦਾ ਨਾਸ਼ ਨਹੀਂ ਹੁੰਦਾ। ਹਉਮੈ ਵਿਚ ਕੀਤੇ ਸ਼ੁਭ ਤੇ ਅਸ਼ੁਭ ਕਰਮ ਇਸ ਜੀਵ ਦੇ ਦੁਆਲੇ ਹਉਮੈ ਦੇ ਸੰਗਲ ਹਨ। ਜਿਥੇ 'ਮੈਂ' ਤੇ 'ਮੇਰੀ' ਦੀ ਸੂਝ ਬਾਕੀ ਹੈ, ਉਥੇ ਹਉਮੈ ਅੰਸ਼ ਭੀ ਪਰਤੱਖ ਹੈ। ਹਉਮੈ ਦਾ ਨਾਸ਼, ਸਾਧੂ ਦੀ ਸੰਗਤ ਵਿਚ ਸਹਿਜੇ ਹੀ ਹੋ ਜਾਇਆ ਕਰਦਾ ਹੈ।

ਗੁਰੂ ਦਸ਼ਮੇਸ਼ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੀਰ ਬੁੱਧੂ ਸ਼ਾਹ ਜੀ ਬੇਨਤੀ ਕਰਦੇ ਹਨ, "ਮੈਂ ਛੇ-ਛੇ ਮਹੀਨੇ ਦੇ ਚਿੱਲੇ ਕੱਟੇ, ਭੁੱਖਾਂ ਕੱਟੀਆਂ, ਲੰਮੇ ਬਰਤ ਰੱਖੇ, ਪੁਸਤਕਾਂ ਪੜ੍ਹੀਆਂ, ਲੰਗਰ ਚਲਾਏ, ਜ਼ੁਹਦ ਕੀਤੇ, ਜਾਪ ਕੀਤੇ, ਅਨੇਕਾਂ ਹੋਰ ਕਰਮ ਕੀਤੇ। ਕੀ ਕਾਰਨ, ਮੈਨੂੰ ਸੱਚੀ ਮੈਂ ਦਾ ਅਨੁਭਵ ਨ ਹੋਇਆ?" ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ, "ਬੁਧੂ ਸ਼ਾਹ! ਹਉਮੈ ਨੂੰ ਬੁੱਝ। ਇਹ ਮੈਂ ਝੂਠੀ ਹੈ, ਤੇਰੀ ਮਮਤਾ ਝੂਠੀ ਹੈ, ਝੂਠ ਦੀ ਖੇਲ੍ਹ ਖੇਲ੍ਹ ਰਿਹਾ ਹੈਂ। ਅੰਦਰ ਸੱਚ ਦਾ ਪ੍ਰਕਾਸ਼ ਹੈ, ਇਸ ਸੱਚ ਦੇ ਆਸਰੇ ਸਾਰੀਆਂ ਨੇਕੀਆਂ ਹਨ। ਹੰਗਤਾ ਤੇ ਮਮਤਾ ਧਾਰਿਆਂ, ਨੇਕੀਆਂ ਭੀ ਇਸ ਨੂੰ ਬੰਨ੍ਹ ਲੈਂਦੀਆਂ ਹਨ, ਬਦੀਆਂ ਨੇ ਤਾਂ ਬੰਨ੍ਹ ਲੈਣਾ ਹੀ ਹੈ। ਸੱਚ ਦਾ ਪ੍ਰਕਾਸ਼, ਝੂਠੀ ਮੈਂ ਨੂੰ ਛੱਡਣ ਨਾਲ ਹੁੰਦਾ ਹੈ।"

ਮੈਂ ਪਾਠੀ ਹਾਂ, ਮੈਂ ਅਭਿਆਸੀ ਹਾਂ, ਮੈਂ ਦਾਨੀ ਹਾਂ, ਮੈਂ ਨੇਕ ਹਾਂ, ਨੇਕੀਆਂ ਕਰਦਾ ਹਾਂ, ਮੈਂ ਸ਼੍ਰੇਸ਼ਟ ਪੁਰਸ਼ ਹਾਂ; ਬੁੱਧੂ ਸ਼ਾਹ! ਇਹ ਅਨੁਭਵ, ਝੂਠੀ ਮੈਂ ਕਰਕੇ ਹਨ। ਸਭ ਕੁਝ ਹੁਕਮ ਵਿਚ ਹੋ ਰਿਹਾ ਹੈ। ਇਸ ਜੀਵ ਵਿਚ ਕੋਈ ਬਲ ਨਹੀਂ ਹੈ, ਪਰ ਇਹ ਕਹਿੰਦਾ ਹੈ, 'ਮੈਂ ਕਰਦਾ ਹਾਂ।' ਮੈਂ ਨ ਹੋਵਾਂ ਤਾਂ ਇਹ ਕੰਮ ਨਹੀਂ ਹੋਣਾ।' ਇਹ ਮੈਂ ਹੀ ਪ੍ਰਭੂ ਮਿਲਾਪ ਵਿਚ ਵੱਡਾ ਬੰਧਨ ਹੈ। ਨਾਮ ਨੂੰ ਪਛਾਣ; ਸਾਰੀ ਸ੍ਰਿਸ਼ਟੀ, ਸਾਰੇ ਜੀਵ ਜੰਤੂਆਂ ਵਿਚ ਇਕ ਰਸ ਵਰਤ ਕੇ ਸਭ ਨੂੰ ਨਾਮ ਸ਼ਕਤੀ ਨੇ ਧਾਰਨ ਕੀਤਾ ਹੋਇਆ ਹੈ। ਹਉਮੈ, ਇਕ ਵਾਧੂ ਅਣ-ਹੋਇਆ ਭੁਲੇਵਾ ਹੈ। ਹਉਮੈ ਦਾ ਨਾਸ਼, ਨਾਮ ਪ੍ਰਗਟ ਹੋਇਆਂ ਐਉਂ ਹੋ ਜਾਇਆ ਕਰਦਾ ਹੈ ਜਿਵੇਂ ਦਿਨ ਚੜ੍ਹੇ ਤੇ ਅੰਧੇਰੀ ਰਾਤ। ਕੂੜ ਦਾ ਨਾਸ਼, ਸੱਚ ਨੂੰ ਪਛਾਣਿਆਂ ਹੋ ਜਾਇਆ ਕਰਦਾ ਹੈ। ਇਸਦਾ ਇਕੋ ਇਕ ਇਲਾਜ, ਸਤਸੰਗਤ ਦੀ ਪ੍ਰਾਪਤੀ ਹੋਇਆਂ ਹੁੰਦਾ ਹੈ। ਸਾਧੂ ਦੇ ਤੱਤ ਬਚਨ ਇਸ ਹਉਮੈ ਰੂਪ ਅਨ੍ਹੇਰੇ ਨੂੰ ਖਤਮ ਕਰ ਦਿਆ ਕਰਦੇ ਹਨ ਅਤੇ ਇਹ ਜੀਵ ਆਪਣਾ ਜੀਵ-ਭਾਵ ਮਿਟਾ ਕੇ, ਆਤਮ ਸਰੂਪ ਨੂੰ ਪਛਾਣ ਕੇ, ਆਪਣੇ ਅਸਲੀ ਸਰੂਪ 'ਆਤਮਾ ਪਰਾਤਮਾ ਏਕੋ ਕਰੈ।' ਦੇ ਸਹਿਜ ਸਾਧਨ ਅਧੀਨ, ਵਿਚ ਲੀਨ ਹੋ ਕੇ ਪਰਮ-ਪਦ ਦੀ ਪ੍ਰਾਪਤੀ ਕਰ ਲਿਆ ਕਰਦਾ ਹੈ।

ਸੋ ਸਭ ਤੋਂ ਸੁਖੈਨ ਮਾਰਗ, ਸਾਧੂ ਸੰਗਤ ਵਿਚ ਨਾਮ ਦੀ ਘਾਲ ਘਾਲਿਆਂ, ਨਾਮ ਦੀ ਪ੍ਰਾਪਤੀ ਕਰਕੇ, ਹਉਮੈ ਦਾ ਅਭਾਵ ਹੋਣਾ ਹੀ ਹੈ। ਹਉਮੈ ਦਾ ਨਾਸ਼ ਹੁੰਦਿਆਂ ਹੀ ਆਪਣਾ ਸਰਬ ਆਪਾ ਪ੍ਰਤੱਖ ਹੋ ਜਾਇਆ ਕਰਦਾ ਹੈ। ਸੋ ਇਹ ਸਭ ਤੋਂ ਸੁਖੈਨ ਮਾਰਗ ਹੈ ਜਿਸ ਰਾਹੀਂ ਭਿਆਨਕ ਕਲਿਜੁਗ ਦੇ ਸਮੇਂ ਵਿਚ ਪਰਮ ਪਦ ਦੀ ਪ੍ਰਾਪਤੀ ਕਰਕੇ, ਸਾਰੇ ਦੁਖਾਂ ਤੋਂ ਬਰੀ ਹੋ ਜਾਇਆ ਕਰਦਾ ਹੈ, ਸਾਰੀਆਂ ਚਿੰਤਾਵਾਂ ਦਾ ਨਾਸ਼ ਹੋ ਕੇ ਸਾਗਰ ਤਰ ਹੋ ਜਾਂਦਾ ਹੈ।

# ਮਾਨਵ ਸਰੀਰ ਦੀ ਸਫਲਤਾ

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂ.ਮਿਸ਼ਨ।*

(ਵਿ. ਗੁ. ਰੂ. ਮਿਸ਼ਨ ਦੇ ਮੁਖੀ ਤੇ ਬਾਨੀ ਮਹਾਂਪੁਰਸ਼ਾਂ ਵਲੋਂ ਮਿਤੀ 11.6.95 ਨੂੰ ਮੁਹਾਲੀ ਵਿਖੇ ਸੰਗਤਾਂ ਪ੍ਰਤੀ ਕੀਤੇ ਗਏ ਪ੍ਰਵਚਨ - ਫਿਲਮ ਨੰ: 521)

*ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।।*

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**

**ਪੰਨਾ - 256**

**ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ।।**
**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ।।**

**ਪੰਨਾ - 289**

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਰੇ ਲੇਖੇ - 2, 2.*
*ਜਨਮ ਤੁਮਾਰੇ ਲੇਖੇ, ਜਨਮ ਤੁਮਾਰੇ ਲੇਖੇ -2.*
*ਲੇਖੇ ਵਿਚ ਲਾ ਲਓ ਜੀ,..................-2*

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ**
**ਅਬ ਪਤੀਆਰੁ ਕਿਆ ਕੀਜੈ।।**
**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।।**
**ਹਉ ਬਲਿ ਬਲਿ ਜਾਉ ਰਮਈਆ ਕਾਰਨੇ।।**
**ਕਾਰਨ ਕਵਨ ਅਬੋਲ।।**
**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ।।**
**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ।। ਪੰਨਾ - 694**

ਸਾਧਸੰਗਤ ਜੀ, ਗੱਜ ਕੇ ਬੋਲਣਾ - ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਗਰਮੀ ਦੀ ਨਾ ਪਰਵਾਹ ਕਰਦੇ ਹੋਏ, ਆਪਣੇ ਨੇਮ ਦੇ ਮੁਤਾਬਿਕ ਗੁਰੂ ਦਰਬਾਰ ਵਿਚ ਆਪ ਪਹੁੰਚੇ ਓਂ। ਸਹਿਜ ਤਪ, ਜਿਸਦਾ ਨਾ ਕੋਈ ਮਾਣ ਹੋ ਸਕਦਾ ਹੈ, ਜਿਸ ਪੁੰਨ ਨੂੰ ਕੋਈ ਵੀ ਚੀਜ਼ ਖੋਹ ਨਹੀਂ ਸਕਦੀ, ਕਿਉਂਕਿ ਸਭ ਤੋਂ ਵੱਡਾ ਪੁੰਨ ਹੈ -

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ।।ਪੰਨਾ - 962**

ਗੋਬਿੰਦ ਦੇ ਗੁਣ ਗਾਉਣ ਵਾਸਤੇ ਆਪਾਂ ਇਕੱਤਰ ਹੋਏ ਹਾਂ; ਬਾਤ ਸਮਝਣੀ ਹੈ। ਬੇਨਤੀ ਕੀਤੀ ਐ, ਹੇ ਪ੍ਰਭੂ! ਕ੍ਰਿਪਾ ਕਰ, ਜਦ ਤੋਂ ਤੈਂ ਸੰਸਾਰ ਬਣਾਇਐ; ਬਾਤ ਸੋਚਣ ਵਾਲੀ ਐ, ਸਮਝਣ ਵਾਲੀ ਐ, ਹਿਰਦੇ 'ਚ ਵਸਾਉਣ ਵਾਲੀ ਐ ਕਿਉਂਕਿ ਸੰਸਾਰ ਦੇ ਬਾਰੇ ਕੋਈ ਕਹਿ ਨੀਂ ਸਕਦਾ -

**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।**

**ਪੰਨਾ - 4**

ਕਦੋਂ ਕੁ ਦਾ ਬਣਨਾ ਸ਼ੁਰੂ ਹੋਇਐ; ਮਹਾਰਾਜ ਕਹਿੰਦੇ, ਮੂਰਖ ਨੇ ਲੋਕ, ਜਿਹੜੇ ਸੰਸਾਰ ਦੀਆਂ ਹੱਦਾਂ ਮਿਣਦੇ ਨੇ ਕਿ ਫਲਾਣੇ ਵੇਲੇ ਚਲਿਐ ਸੰਸਾਰ। ਚਾਹੇ ਕੰਮਪਿਊਟਰ ਦੀਆਂ ਹੋਰ ਹਜ਼ਾਰਾਂ ਮਸ਼ੀਨਾਂ ਬਣਾ ਲੈਣ, ਵਾਹਿਗੁਰੂ ਦੀ ਕ੍ਰਿਆ ਸਮਝਣੀ ਬੜੀ ਔਖੀ ਹੈ। ਓਸ ਵੇਲੇ ਤੋਂ ਹੀ ਸਾਰਾ ਜਿਹੜਾ ਸੰਸਾਰ ਐ, ਇਹ ਜੀਵ ਆਤਮਾਵਾਂ ਓਸ ਵੇਲੇ ਤੋਂ ਹੀ ਘੁੰਮਦੀਆਂ ਫਿਰਦੀਆਂ ਨੇ। ਕਰਦੀਆਂ ਕੀ ਨੇ ਇਹ? ਬਹੁਤ ਸਾਰੀਆਂ ਤਾਂ ਬੇਅੰਤ ਐਸੀਆਂ ਨੇ ਜਿਹੜੀਆਂ ਬਹੁਤ ਹੀ ਘਟੀਆ ਜੂਨੀਆਂ ਵਿਚ ਪਈਆਂ ਨੇ, ਜਿਨ੍ਹਾਂ ਦੇ ਬਾਰੇ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ - 2, 2.*
*ਪੰਖ ਉਡਾਏ ਨੇ, ਕੇਤੇ ਪੰਖ ਉਡਾਏ ਨੇ - 2, 2.*
*ਕੇਤੇ ਨਾਗ ਕੁਲੀ ਮਹਿ ਆਏ, ...................2.*

**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।**
**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।**

**ਪੰਨਾ - 156**

**ਕਈ ਜਨਮ ਭਏ ਕੀਟ ਪਤੰਗਾ।।**
**ਕਈ ਜਨਮ ਗਜ ਮੀਨ ਕੁਰੰਗਾ।।**
**ਕਈ ਜਨਮ ਪੰਖੀ ਸਰਪ ਹੋਇਓ।।**
**ਕਈ ਜਨਮ ਹੈਵਰ ਬ੍ਰਿਖ ਜੋਇਓ।।**
**ਮਿਲੁ ਜਗਦੀਸ ਮਿਲਨ ਕੀ ਬਰੀਆ।।**
**ਚਿਰੰਕਾਲ ਇਹ ਦੇਹ ਸੰਜਰੀਆ।। ਪੰਨਾ - 176**

ਕਿਹੋ ਜਿਹਾ ਇਤਿਹਾਸ ਹੈ ਸਾਡਾ; ਧਿਆਨ ਨਾਲ ਕਦੇ ਬੈਠ ਕੇ ਸੋਚਿਆ ਕਰੋ ਕਿ ਹੈਂ! ਆਹ ਗੰਡ ਗੰਡੋਲਿਆਂ ਦੀਆਂ ਜੂਨੀਆਂ ਵਿਚ ਅਸੀਂ ਵੀ ਘੁੰਮੇ ਆਂ? ਸੱਪਾਂ ਦੀਆਂ ਜੂਨੀਆਂ 'ਚ, ਚੂਹਿਆਂ ਦੀਆਂ ਜੂਨੀਆਂ, ਨਖਿੱਧ ਜੂਨੀਆਂ ਨੇ - ਬਹੁਤ ਸਾਰੀਆਂ; ਇਨ੍ਹਾਂ ਵਿਚੋਂ ਹੋ ਕੇ ਆਏ ਹਾਂ? ਮਹਾਰਾਜ ਕਹਿੰਦੇ, ਤੇਰਾ ਆਦਿ ਤਾਂ ਬਹੁਤ ਹੇਠਾਂ ਤੋਂ ਹੋਇਐ। ਚਾਰ ਲੱਖ ਕਿਸਮ ਦੇ ਐਸੇ ਪੱਥਰ ਨੇ ਜਿਨ੍ਹਾਂ ਦੇ ਅੰਦਰ ਜਾਨ ਹੈ, ਜਿਉਂਦੇ ਨੇ ਉਹ, ਵਧਦੇ ਨੇ, ਫੁਲਦੇ ਨੇ; 24 ਲੱਖ ਕਿਸਮ ਦੀਆਂ ਜੜੀਆਂ-ਬੂਟੀਆਂ, ਦਰੱਖਤ ਆਦਿ; ਇਹਦੀਆਂ ਬੜੀਆਂ ਕਿਸਮਾਂ ਨੇ ਜਿਨ੍ਹਾਂ ਦੇ ਵਿਚੀਂ ਤੂੰ ਹੋ ਕੇ ਆਇਐਂ। ਸਾਢੇ ਸੱਤ ਲੱਖ ਕਿਸਮ ਦੇ ਐਸੇ ਪੰਛੀ ਨੇ ਜਿਨ੍ਹਾਂ ਦਾ ਰੂਪ ਧਾਰ ਕੇ ਤੂੰ ਫੰਗਾਂ ਦੇ ਨਾਲ ਉਡਦਾ ਰਿਹੈਂ; ਬਹੁਤ ਵਾਰੀ ਪਿੰਜਰਿਆਂ 'ਚ ਬੈਠਾ ਗੰਗੂ ਰਾਮ ਵੀ ਬਣਿਐਂ 'ਗੰਗਾ ਰਾਮ, ਬੋਲ ਰਾਮ-ਰਾਮ' ਵੀ ਕਹਿੰਦਾ ਰਿਹੈਂ। ਕਦੇ ਸੱਪ ਬਣਿਐਂ, ਪਟਾਰੀਆਂ 'ਚ ਪਾਇਐ - ਬੰਗਾਲਿਆਂ ਨੇ ਬਚਾਇਐ ਤੈਨੂੰ, ਬਾਹਰ ਕੱਢਿਐ, ਨਿਉਲਿਆਂ ਨਾਲ ਲੜਾਇਐ; ਕਦੇ ਰਿੱਛ ਵੀ ਬਣਿਐਂ, ਬਾਂਦਰ ਵੀ ਬਣਿਐਂ, ਬੇਅੰਤ ਕੁਛ ਬਣਿਐਂ। ਬਹੁਤ ਸਾਰਿਆਂ ਨੂੰ ਇਸ ਗੱਲ ਦਾ ਯਕੀਨ ਨੀਂ ਆਉਂਦਾ; ਉਨ੍ਹਾਂ ਦਾ ਖਿਆਲ ਐ- ਪਹਿਲਾਂ ਤਾਂ ਉਹ ਇਸ ਚੀਜ਼ ਨੂੰ ਨੀਂ ਮੰਨਦੇ; ਨਾ ਮੰਨਣ, ਇਹਨਾਂ ਦੀ ਮਰਜ਼ੀ ਐ। ਜੇ ਉੱਲੂ ਕਹੇ, ਸੂਰਜ ਹੈ ਨੀਂ ਤਾਂ ਉਹਦੇ ਕਹਿਣ ਤੇ ਸੂਰਜ ਨੀਂ ਹਟਿਆ ਕਰਦਾ। ਇਹ ਤਾਂ ਗੁਰੂ ਸਾਹਿਬ ਦਾ ਸਿਧਾਂਤ ਹੈ; ਆਦਮੀ ਉਪਰ ਨੂੰ ਵੀ ਚਲਿਆ ਜਾਂਦੈ; ਬਹੁਤਿਆਂ ਦਾ ਖਿਆਲ ਹੈ ਕਿ ਮਨੁੱਖ ਬਣਨ ਤੋਂ ਬਾਦ ਫੇਰ ਨੀਂ ਗਿਰਦਾ ਥੱਲੇ। ਪਰ ਸਾਡਾ ਜੋ ਇਤਿਹਾਸ ਹੈ, ਉਹ ਤਾਂ ਨੀਂ ਐਸੀ ਬਾਤ ਦੱਸਦਾ! ਉਹ ਤਾਂ ਗੁਰਬਾਣੀ ਵੀ ਇਹ ਕਹਿੰਦੀ ਐ ਕਿ ਕਦੇ ਉਪਰ ਨੂੰ ਜਾਨੈ, ਕਦੇ ਤੂੰ

ਹਲਟ ਦੀਆਂ ਟਿੰਡਾਂ ਵਾਂਗਣ ਹੇਠਾਂ ਨੂੰ ਤੁਰ ਪੈਂਦੈਂ; ਚਉਰਾਸੀ ਲੱਖ ਜੂਨਾਂ 'ਚ ਗੇੜੇ ਕੱਢਦੈਂ, ਪਸ਼ੂ-ਪੰਛੀ ਬਣਦਾ ਫਿਰਦੈਂ।

ਗੁਰੂ ਮਹਾਰਾਜ ਦਾ ਇਕ ਚੌਰ ਬਰਦਾਰ ਸੀ। ਕਈ ਨਾਮ ਉਸਦੇ ਦੱਸਦੇ ਨੇ। ਸੋਭਾ ਰਾਮ, ਜਾਂ ਗੁਰਦਾਸ - ਗੁਰੂ ਦਸਵੇਂ ਪਾਤਸ਼ਾਹ ਦਾ ਚੌਰ ਬਰਦਾਰ; ਭਾਈ ਕੀਰਤੀਆ ਉਸਦਾ ਲੜਕਾ ਸੀ। ਇਕ ਮਦਾਰੀ ਰਿੱਛ ਲਈ ਜਾਂਦੈ, ਮਹਾਰਾਜ ਦੀ ਨਿਗ੍ਹਾ ਪੈ ਗਿਆ। ਅਜੇ ਆਪ ਬਹੁਤ ਕਿਸ਼ੋਰ ਅਵਸਥਾ ਵਿਚ ਸੀਗੇ। ਮਸੰਦ ਲੋਕਾਂ ਨੂੰ ਸ਼ੱਕ ਪਿਆ ਹੋਇਆ ਸੀ ਕਿ ਗੁਰੂ ਤਾਂ ਬਣਾ ਦਿਤਾ ਅਸੀਂ ਆਪੇ ਹੀ। ਕਿਉਂਕਿ ਪੂਜਾ ਦਾ ਧਾਨ ਜਦੋਂ ਕਿਸੇ ਦੇ ਹੱਡਾਂ 'ਚ ਬੈਠ ਜਾਵੇ, ਉਹਦੇ ਵਿਚੋਂ ਤਿੰਨ ਚੀਜ਼ਾਂ ਚਲੀਆਂ ਜਾਂਦੀਐਂ। ਪਹਿਲੀ ਹੈ ਕਿ ਉਹਦੀ ਮਤ ਖਤਮ ਹੋ ਜਾਂਦੀ ਐ; ਦੂਸਰੀ ਹੈ ਕਿ ਉਹਨੂੰ ਬਿਮਾਰੀਆਂ ਦੁਨੀਆਂ ਭਰ ਦੀਆਂ ਚਿੰਬੜ ਜਾਂਦੀਐਂ; ਤੀਸਰੀ ਐ ਕਿ ਉਹਦੇ ਅੰਦਰ ਨਾਸਤਿਕਤਾ ਆ ਜਾਂਦੀ ਐ; ਭਜਨ ਨੀਂ ਉਹ ਕਰ ਸਕਦਾ -

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ।***
***ਮੱਤ ਮਾਰਨ, ਹੱਡ ਗਾਲਨ, ਭਜਨ ਕਰਨ ਨ ਦੇਣ।***

ਉਹ ਗੁਰੂ ਮਹਾਰਾਜ ਨੂੰ ਦਸਵੰਧ ਤਾਂ ਲਿਆਉਂਦੇ ਸੀਗੇ - ਇਕੱਠਾ ਕਰਕੇ, ਲੇਕਿਨ 70% ਜਾਂ 80% ਆਪ ਹੀ ਰੱਖ ਜਾਂਦੇ ਸਨ। ਕਈ ਵਾਰੀ ਇਹ ਸਵਾਲ ਐਸਾ ਇਤਿਹਾਸ ਵਿਚ ਆਉਂਦੈ ਕਿ ਕਿਉਂ ਆਮਦਨ ਘਟ ਗਈ? ਗੁਰੂ ਦਸਵੇਂ ਪਾਤਸ਼ਾਹ ਵੇਲੇ ਹੀ ਆਇਐ ਕਿ ਪਹਿਲੇ ਗੁਰੂਆਂ ਵੇਲੇ ਬੜਾ ਧਨ ਆਉਂਦਾ ਸੀ, ਹੁਣ ਕਿਉਂ ਹਟ ਗਿਆ? ਪਤਾ ਲੱਗਿਆ ਕਿ ਇਹ ਮਸੰਦ ਹੀ ਖਾ ਜਾਂਦੇ ਨੇ - ਰਾਹ 'ਚ, ਆਪ ਹੀ ਖਾ ਜਾਂਦੇ ਨੇ, ਆਉਣ ਨੀਂ ਦਿੰਦੇ। ਸੋ ਬੁੱਧੀ ਭ੍ਰਿਸ਼ਟ ਹੋ ਜਾਇਆ ਕਰਦੀ ਐ। ਜਿਹੜਾ ਭਜਨ ਕਰਦੈ, ਵੰਡ ਕੇ ਖਾਂਦੈ, ਉਹ ਬਚ ਰਹਿੰਦੈ ਕਿਉਂਕਿ ਇਹ ਧਾਨ ਹੈ - ਗੁਰੂ ਦਾ; ਗੁਰੂ ਦੇ ਧਾਨ ਦੇ -

***ਏਕੁ ਕਬੀਰਾ ਨ ਮੁਸੈ ਜਿਨਿ ਕੀਨੀ ਬਾਰਹ ਬਾਟ॥***
***ਪੰਨਾ - 1365***

ਜਿਹੜਾ ਬਾਰ੍ਹਵਾਂ ਹਿੱਸਾ ਇਹਦੇ 'ਚੋਂ ਲੈ ਲਵੇ, ਉਹਨੂੰ ਦੋਸ਼ ਨੀਂ ਲੱਗਦਾ। ਗਿਆਰ੍ਹਾਂ ਹਿੱਸੇ ਨੇ ਜਿਹੜੇ, ਉਹ ਗੁਰੂ ਦੇ ਖਜ਼ਾਨੇ 'ਚ ਪਾਵੇ; ਬਾਹਰਵਾਂ ਹਿੱਸਾ ਗੁਰੂ ਮਹਾਰਾਜ ਨੇ ਦਿਤੈ। ਪਰ ਨਾਲ ਇਹ ਵੀ ਕਹਿ ਦਿਤਾ ਕਿ ਜੇ ਬਹੁਤਾ ਆਉਂਦੈ, ਫੇਰ ਲਾਲਚ ਨਾ ਕਰੇ; ਨਿਰਬਾਹ ਮਾਤਰ ਏ ਰੱਖੇ, ਫੇਰ ਵੀ ਵੱਧ ਨਾ ਲਵੇ। ਬਾਹਰਵੇਂ ਹਿੱਸੇ ਤਕ ਤਾਂ ਨੀਂ ਬੁੱਧੀ ਭ੍ਰਿਸਟ ਹੁੰਦੀ, ਉਸ ਤੋਂ ਬਾਦ ਬੁੱਧੀ ਭ੍ਰਿਸ਼ਟ ਹੋ ਜਾਂਦੀ ਐ।

ਸੋ ਇਹ ਮਸੰਦ ਗੁਰੂ ਮਹਾਰਾਜ ਤੇ ਨਿਸ਼ਚਾ ਨਹੀਂ ਸੀ ਲਿਆਉਂਦੇ। ਇਹੀ ਕਹਿੰਦੇ ਸੀ ਕਿ ਇਹ ਸ਼ਸ਼ਤਰ ਚਲਾਉਣ ਵਾਲਾ ਗੁਰੂ ਐ; ਘੋੜਿਆਂ ਤੇ ਚੜ੍ਹਿਆ ਹੋਇਐ, ਸ਼ਸ਼ਤਰ ਚਲਾਈ ਜਾਂਦੈ; ਉਹ ਬਾਤ ਨੀਂ ਹੈ ਜਿਹੜੀ ਉਨ੍ਹਾਂ ਨੇ ਪਹਿਲੇ ਗੁਰੂਆਂ 'ਚ ਦੇਖੀ। ਨਾਸਤਕ ਹੋਏ ਹੋਏ ਸੀ। ਸੋ ਉਹ ਮਸੰਦ ਹਾਜ਼ਰ ਨੇ, ਗੁਰੂ ਮਹਾਰਾਜ ਨੇ ਕਿਹਾ ਕਿ ਔਹ ਰਿੱਛ ਵਾਲੇ ਨੂੰ ਬੁਲਾਓ। ਮਦਾਰੀ ਹਾਜ਼ਰ ਹੋ ਗਿਆ। ਕਹਿੰਦੇ, "ਤਮਾਸ਼ਾ ਵੀ ਕਰਨ ਜਾਣਦੈਂ?" ਕਹਿੰਦਾ, "ਹਾਂ ਜੀ।" ਕਹਿੰਦੇ, "ਦਿਖਾ ਤਾਂ।" ਮਸੰਦਾਂ ਨੇ ਕਿਹਾ ਕਿ ਬੱਚਿਆਂ ਵਾਲੀ ਹੱਲ ਫੇਰ ਕਰ ਦਿਤੀ। ਆਖਣ ਲਗੇ, "ਮਹਾਰਾਜ, ਤੁਸੀਂ ਗੱਦੀ ਤੇ ਬੈਠੇ ਓਂ, ਸੰਗਤਾਂ ਦੇਸ਼ਾਂ ਵਿਦੇਸ਼ਾਂ ਤੋਂ ਆਉਂਦੀਆਂ ਨੇ; ਕੀ ਕਹਿਣਗੇ ਕਿ ਗੁਰੂ ਤਮਾਸ਼ੇ ਰਿੱਛਾਂ ਦੇ ਕਰਾਉਂਦਾ ਸੀ?" ਮਹਾਰਾਜ ਜੀ ਕਹਿੰਦੇ, "ਚੁੱਪ ਕਰੋ ਤੁਸੀਂ, ਤੁਹਾਨੂੰ ਨੀਂ ਪਤਾ ਇਨ੍ਹਾਂ ਗੱਲਾਂ ਦਾ। ਤੁਹਾਡੀ ਤਾਂ ਜੋ ਬੁੱਧੀ ਹੈ, ਪੂਜਾ ਦੇ ਧਾਨ ਨੇ ਖਰਾਬ ਕਰੀ ਹੋਈ ਐ।" ਉਹ ਰਿੱਛ ਦਾ ਤਮਾਸ਼ਾ ਦਿਖਾਉਣ ਲੱਗਿਆ, ਕਦੇ ਘੁਲਦੈ, ਕਦੇ ਢਹਿੰਦੈ, ਕਦੇ ਢਾਹੁੰਦੈ; ਹਾਸਾ ਪਿਆ ਹੋਇਐ ਬਹੁਤ, ਹਾਸ ਰਸ ਸੰਗਤ ਤੇ ਛਾਇਆ ਹੋਇਐ। ਜਿਹੜਾ ਗੁਰੂ ਮਹਾਰਾਜ ਨੂੰ ਚੌਰ ਕਰਦਾ ਸੀ - ਭਾਈ ਕੀਰਤੀਆ, ਉਹ ਵੀ ਹੱਸ ਰਿਹੈ। ਮਹਾਰਾਜ ਜੀ ਨੇ ਪਿੱਛੇ ਮੁੜ ਕੇ ਦੇਖਿਆ, ਹੱਥ ਨਾਲ ਇਸ਼ਾਰਾ ਕਰਿਆ, ਕਹਿੰਦੇ, "ਭਾਈ ਕੀਰਤੀਆ! ਤੂੰ ਨਾ ਹੱਸ, ਹੋਰ ਹੱਸ ਲੈਣ ਦੇ ਸਾਰਿਆਂ ਨੂੰ।" ਕਹਿੰਦਾ, "ਮਹਾਰਾਜ ਮੈਂ ਕਿਉਂ ਨਾ ਹੱਸਾਂ?" ਕਹਿੰਦੇ, "ਤੇਰਾ ਬਾਪੂ ਹੈ ਇਹ, ਤੇਰਾ ਪਿਉ ਹੈ।" ਬੜਾ ਗੁੱਸਾ ਖਾਧਾ - ਉਸਨੇ। ਉਹ ਵੀ ਸ਼ਰਧਾ ਤੋਂ ਹੀਣਾ ਹੀ ਸੀ। ਕਹਿੰਦਾ, ਬੱਚਿਆਂ ਵਾਲੀ ਗੱਲ ਕਰ ਦਿਤੀ, ਮੇਰਾ ਬਾਪ ਤਾਂ ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਰਿਹੈ। ਐਧਰੋਂ ਆ ਕੇ ਮੱਥਾ ਟੇਕ ਦਿਤਾ, ਚੌਰ ਰੱਖ ਦਿਤਾ - ਮਹਾਰਾਜ ਦੇ ਚਰਨਾਂ 'ਚ। ਮਹਾਰਾਜ ਕਹਿੰਦੇ, "ਕੀ ਗੱਲ?" ਕਹਿੰਦਾ, "ਮਹਾਰਾਜ, ਗੁਰੂਆਂ ਦੀ ਸੇਵਾ ਕੀ ਫਲ ਦਿੰਦੀ ਐ? ਮੇਰੇ ਪਿਤਾ ਨੇ ਸੇਵਾ ਕਰੀ, ਉਹ ਤਾਂ ਬਣ ਗਿਆ ਰਿੱਛ, ਤੇ ਮੈਂ ਹੁਣ ਤੁਹਾਡੀ ਸੇਵਾ ਕਰਦਾਂ, ਮੈਨੂੰ ਕੀ ਬਣਾਓਂਗੇ; ਬਾਂਦਰ?" ਸਾਰੇ ਮਸੰਦਾਂ ਨੇ ਵੀ ਬੁਰਾ ਮੰਨਿਆ - ਏਸ ਗੱਲ ਨੂੰ, ਕਿ ਮਹਾਰਾਜ ਨੇ ਕਿਹੋ ਜਿਹੀ ਗੱਲ ਕਹਿ ਦਿਤੀ - ਖੁਲ੍ਹੀ ਸਭਾ 'ਚ। ਐਂ ਤਾਂ ਸੇਵਾਦਾਰ ਕੋਈ ਵੀ ਨੀਂ ਰਹਿਣਾ। ਜੇ ਸੇਵਾ ਕਰਕੇ ਰਿੱਛ ਹੀ ਬਣਨੈ, ਫੇਰ ਸੇਵਾ ਦਾ ਕੀ ਫਾਇਦਾ? ਮਹਾਰਾਜ ਕਹਿੰਦੇ, "ਤੇਰਾ ਬਾਪੂ ਐ, ਤੈਨੂੰ ਹੁਣੇ ਦਿਖਾ ਦਿੰਨੇ ਆਂ।" ਕਹਿੰਦੇ, "ਕਿਉਂ ਬਈ, ਰਿੱਛ ਵੇਚਣੈਂ?"

ਕਹਿੰਦੇ, "ਇਹ ਅਸੀਂ ਜਾਣ ਨੀਂ ਦੇਣਾ; ਚਾਹੇ ਖੁਸ਼ੀ ਨਾਲ ਵੇਚ ਦੇ, ਚਾਹੇ ਤੂੰ ਔਖਾ ਹੋ ਕੇ ਵੇਚ ਦੇ; ਸਾਡਾ ਸਿੱਖ ਲਈ ਜਾਨੈ ਤੂੰ। ਅਸੀਂ ਆਪਣੇ ਸਿੱਖ ਨੂੰ ਡੁੱਬਣ ਨੀਂ ਦੇਣਾ। ਬਚਾਉਣਾ ਸਾਡੀ ਡਿਊਟੀ ਹੈ; ਕਿਤੇ ਹੋਵੇ ਚਾਹੇ?" ਮੁੱਲ ਕਰ ਲਿਆ ਮਹਾਰਾਜ ਨੇ, ਪੈਸੇ ਦੇ ਦਿਤੇ ਤੇ ਰਿੱਛ ਲੈ ਲਿਆ। ਸਾਰਾ ਦੀਵਾਨ ਸੁਣ ਰਿਹੈ - ਬਚਨ। ਕਹਿੰਦੇ, ਏਸ ਤੋਂ ਲੈ ਲਓ। ਉਹਦੇ ਮਨ 'ਚ ਆ ਗਿਆ ਕਿ ਥੋੜ੍ਹੇ ਪੈਸੇ ਮੰਗੇ ਨੇ। ਹੋਰ ਮੰਗਣੇ ਸੀ ਮੈਂ। ਅਖੀਰ ਸਿੰਘਾਂ ਨੇ ਰਿੱਛ ਲੈ ਲਿਆ। ਪੈਸੇ ਦੇ ਦਿਤੇ, ਕਹਿੰਦੇ, ਜਾਹ ਤੂੰ। ਮਹਾਰਾਜ ਕੋਲ ਦੇਗ ਸੀ, ਦੇਗ ਆਈ ਹੋਈ ਸੀ। ਆਪਣੇ ਛਾਂਦਾ ਲਿਆ, ਥੋੜ੍ਹਾ ਜਿਹਾ ਛਕਣ ਤੋਂ ਬਾਅਦ ਸ਼ੀਤ ਪ੍ਰਸ਼ਾਦ ਉਸ ਰਿੱਛ ਦੇ ਅੱਗੇ ਰਖਾ ਦਿਤਾ। ਉਹਨੇ ਖਾ ਲਿਆ। ਉਸ ਵਕਤ ਸ਼ੀਤ ਪ੍ਰਸ਼ਾਦ ਛਕਿਆ, ਦੜੰਮ ਕਰਕੇ ਉਥੇ ਈ ਗਿਰ ਪਿਆ। ਕਹਿੰਦੇ, "ਕੀਰਤੀਆ, ਦੇਖ ਤਾਂ ਧਿਆਨ ਨਾਲ ਕੌਣ ਐ?" ਕਹਿੰਦਾ, "ਇਹ ਤਾਂ ਮੇਰਾ ਬਾਪੂ ਹੀ ਹੈ?" ਫੇਰ ਕਹਿੰਦੇ, "ਗੁੱਸੇ ਕਿਉਂ ਹੁੰਦਾ ਸੀ? ਪੁੱਛ ਇਸ ਤੋਂ ਕਿ ਕੀ ਗੱਲ ਹੋ ਗਈ। ਸੇਵਾ ਕਰਕੇ ਰਿੱਛ ਕਿਉਂ ਬਣ ਗਿਆ?" ਕਹਿਣ ਲੱਗਿਆ, "ਬੇਟਾ! ਗੁਰੂ ਘਰ ਦੀ ਸੇਵਾ ਜਿਹੜੀ ਹੈ, ਇਹ ਬਹੁਤ ਚੇਤਨ ਹੋ ਕੇ, ਸੁਚੇਤ ਹੋ ਕੇ ਕੀਤੀ ਜਾਂਦੀ ਐ। ਭੋਰਾ ਕੁ ਵੀ ਜੇ ਗਲਤੀ ਖਾ ਗਏ ਨਾ - ਸੇਵਾ 'ਚ, ਤਾਂ ਸੇਵਾ ਥਾਂ ਨੀਂ ਪੈਂਦੀ। ਗਲਤੀ ਹੋ ਜਾਂਦੀ ਐ, ਸਜ਼ਾ ਮਿਲਦੀ ਐ ਫੇਰ।" ਕਹਿਣ ਲੱਗਿਆ, "ਤੁਹਾਨੂੰ ਕਾਹਦੀ, ਪਿਤਾ ਜੀ, ਇਹ ਸਜ਼ਾ ਮਿਲ ਗਈ?" ਕਹਿਣ ਲੱਗਿਆ, "ਮੇਰੇ ਅੰਦਰ ਬਹੁਤ ਜ਼ਿਆਦਾ ਅਭਿਮਾਨ ਆ ਗਿਆ ਸੀ ਕਿ ਮੇਰੇ ਨਾਲੋਂ ਗੁਰੂ ਮਹਾਰਾਜ ਦੇ ਨੇੜੇ ਹੋਰ ਕੋਈ ਸਿੱਖ ਨੀਂ ਰਹਿੰਦਾ, ਮੈਂ ਹੀ ਰਹਿਨਾਂ; ਸਾਰੀਆਂ ਸੰਗਤਾਂ ਦੇ ਸਾਹਮਣੇ ਮੈਂ ਹੀ ਚੌਰ ਕਰਦਾਂ; ਕੋਈ ਨੇੜੇ ਨਾ ਹੋਵੇ ਤਾਂ ਮੈਂ ਪੈਸਾ ਟਕਾ ਵੀ ਸੰਭਾਲਣ ਦੀ ਸੇਵਾ ਕਰਦਾਂ, ਪ੍ਰਸ਼ਾਦ ਵੰਡਣ ਦੀ ਵੀ ਸੇਵਾ ਕਰਦਾਂ।" "ਇਕ ਦਿਨ ਮੈਂ ਪ੍ਰਸ਼ਾਦ ਵੰਡ ਰਿਹਾ ਸੀ। ਫਿੱਕਾ ਮੈਂ ਬਹੁਤ ਬੋਲਦਾ

ਸੀ, ਬਹੁਤ ਫਿੱਕਾ ਬੋਲਦਾ ਸੀ। ਇਕ ਗੁਰਸਿੱਖ ਅਭੇਦ ਅਵਸਥਾ ਦਾ ਆ ਗਿਆ ਜਿਸ ਦਾ ਨਾਂ ਭਾਈ ਧੰਨਾ ਸੀ। ਉਹ ਦਸਵੰਧ ਲੈ ਕੇ ਆ ਰਿਹੈ। ਗੱਡਾ ਭਰਿਆ ਹੋਇਐ ਤੇ ਦੇਖ ਕੇ, ਕਿ ਪ੍ਰਸ਼ਾਦ ਵੰਡਿਆ ਜਾ ਰਿਹੈ, ਮਨ 'ਚ ਸ਼ਰਧਾ ਜਾਗੀ ਤੇ ਨਾਲ ਗੱਡਾ ਖੜ੍ਹਾ ਕਰਨੋ ਤੋਂ ਬਾਅਦ ਪਰਾਣੀ ਉਹ (ਸੋਟੀ) ਨੇ ਕੱਛ 'ਚ ਲਈ ਹੋਈ ਐ, ਬਾਂਹ ਦੇ ਥੱਲੇ ਦੱਬੀ ਹੋਈ ਐ, ਪ੍ਰਸ਼ਾਦ ਵਾਸਤੇ ਹੱਥ ਕੱਢ ਦਿਤੇ। ਦਾੜ੍ਹਾ ਜਿਹੜਾ ਹੈ ਉਹ ਧੂੜ ਨਾਲ ਸਾਰਾ ਭਰਿਆ ਪਿਐ, ਪੈਰ ਭਰੇ ਪਏ ਨੇ। ਮੇਰੇ ਮਨ 'ਚ ਗਿਲਾਨੀ ਆਈ ਕਿ ਇਹ ਐਥੇ ਕਿਉਂ ਬੈਠ ਕੇ ਪ੍ਰਸ਼ਾਦ ਮੰਗਦੈ? ਮੈਂ ਦੂਜੇ ਪਾਸੇ ਸੰਗਤ ਨੂੰ ਦੇਣ ਲਗ ਗਿਆ, ਉਹ ਥਾਂ ਹੀ ਛੱਡ ਗਿਆ। ਉਹ ਵੀ ਉਠ ਕੇ ਆ ਗਿਆ। ਮੈਂ ਐਧਰ ਹੋ ਗਿਆ, ਉਹਨੇ ਪਿੱਛੇ ਨੂੰ ਮੁੜ ਕੇ ਦੇਖਿਆ ਤਾਂ ਬਲਦ ਹੌਲੀ-ਹੌਲੀ ਤੁਰਨ ਲੱਗ ਗਏ। ਉਹ ਫੇਰ ਓਧਰ ਆਇਆ ਤਾਂ ਮੇਰੇ ਮੂੰਹੋਂ ਨਿਕਲ ਗਿਆ ਕਿ ਰਿੱਛ ਜਿਹਾ ਟਿੱਕ ਕੇ ਹੀ ਨਹੀਂ ਬਹਿੰਦਾ। ਉਹਨੇ ਇਕ ਕਿਣਕਾ ਚੁੱਕ ਲਿਆ, ਮੁੱਖ 'ਚ ਪਾਇਆ ਤੇ ਕਹਿੰਦਾ, ਪਿਆਰਿਆ! ਮੈਂ ਤਾਂ ਨੀਂ ਰਿੱਛ ਵਾਂਗਣ ਟੱਪਦਾ, ਪਰ ਤੂੰ ਜ਼ਰੂਰ ਟੱਪਦੈਂ, ਤੂੰ ਰਿੱਛ ਬਣੇਂਗਾ। ਮੇਰੇ ਮਨ 'ਚ ਆ ਗਈ ਕਿ ਗੁਰਸਿੱਖ ਦਾ ਜੋ ਬਚਨ ਹੈ, ਇਹ ਅਨਥਾ ਨੀਂ ਜਾਣਾ, ਇਹ ਜ਼ਰੂਰ ਪੂਰਾ ਹੋਣੈ। ਉਸ ਵੇਲੇ ਉਹ ਚਲਿਆ ਜਾਂਦੈ ਤੇ ਮੈਨੂੰ ਪਤਾ ਲੱਗਿਆ ਕਿ ਭਾਈ ਧੰਨਾ ਸੀ - ਬ੍ਰਹਮਗਿਆਨੀ, ਅਭੇਦ ਅਵਸਥਾ ਦਾ ਗੁਰਸਿੱਖ। ਮਨ 'ਚ ਮੇਰੇ ਬਹੁਤ ਜ਼ਿਆਦਾ ਸ਼ੰਕਾ ਪੈ ਗਿਆ ਕਿ ਮੈਂ ਤਾਂ ਰਿੱਛ ਬਣੂੰਗਾ ਹੀ। ਮੈਂ ਗੁਰੂ ਨੌਵੇਂ ਪਾਤਸ਼ਾਹ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਤੇਰੀ ਸੇਵਾ ਕਰਦਾਂ, ਤੇਰੀ ਸੇਵਾ ਦਾ ਫਲ ਬਹੁਤ ਹੈ।" ਮਹਾਰਾਜ ਕਹਿੰਦੇ, ਪਿਆਰਿਆ! ਫਲ ਤਾਂ ਬਹੁਤ ਐ ਪਰ -

***ਮਤਿ ਥੋੜੀ ਸੇਵ ਗਵਾਈਐ॥*** ਪੰਨਾ - 468

ਕਈ ਵਾਰੀ ਥੋੜ੍ਹੀ ਮਤ 'ਚ ਆ ਕੇ, ਸੇਵਾ ਕੀਤੀ ਕੱਤਰੀ ਸਾਰੀ ਗਵਾ ਲਈ ਜਾਂਦੀ ਐ।

"ਦੱਸ ਕੀ ਗੱਲ ਐ?"

"ਮਹਾਰਾਜ! ਮੈਨੂੰ ਭਾਈ ਧੰਨੇ ਨੇ ਕਹਿ ਦਿਤਾ ਕਿ ਰਿੱਛ ਬਣੇਂਗਾ।"

"ਉਹ ਤਾਂ ਬਣੇਂਗਾ ਹੀ ਤੂੰ।"

"ਸੱਚੇ ਪਾਤਸ਼ਾਹ! ਮੈਂ ਆਪ ਦੀ ਸ਼ਰਨ 'ਚ ਹਾਂ, ਬਚਪਨ ਤੋਂ ਆਪ ਦੀ ਸੇਵਾ ਕਰਦਾਂ। ਤੁਸੀਂ ਗੁਰੂ ਹੋ ਤੇ ਭਾਈ ਧੰਨਾ ਇਕ ਸਿੱਖ ਐ - ਅਣਗੌਲਿਆ ਜਿਹਾ, ਤੇ ਤੁਸੀਂ ਵੀ ਉਸਦਾ ਪੱਖ ਲੈਨੇ ਓਂ ਤੇ ਤੁਸੀਂ ਕਹਿਨੇ ਓਂ ਕਿ ਤੂੰ ਰਿੱਛ ਹੀ ਬਣੇਂਗਾ। ਆਪ ਉਹਦਾ ਬਚਨ ਬਦਲ ਨੀਂ ਸਕਦੇ?"

"ਨਹੀਂ ਪਿਆਰਿਆ! ਮੇਰੇ 'ਚ ਇਹ ਸ਼ਕਤੀ ਹੈਂ ਨੀਂ।"

*ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁੱਟਦੀ - 2, 2.*
*ਪਿਆਰੇ ਜੀ ਭਗਤਾਂ ਦੀ ਬੰਨ੍ਹੀ ਨਾ ਛੁੱਟਦੀ - 2, 2.*
*ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ..............-2*

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*** ਪੰਨਾ -1252

"ਭਾਈ! ਉਹ ਅਭੇਦ ਅਵਸਥਾ ਦਾ ਗੁਰਸਿੱਖ ਹੈ, ਜਿਹਦਾ ਹਰ ਸਵਾਸ ਪ੍ਰਮੇਸ਼ਰ ਦੀ ਯਾਦ ਵਿਚ ਲੰਘਦੈ। ਜਿਨ੍ਹਾਂ ਨੂੰ ਕਦੇ ਪ੍ਰਮੇਸ਼ਰ ਨੀਂ ਵਿਸਰਦਾ, ਉਹ ਗੁਰੂ ਦਾ ਰੂਪ ਹੀ ਹੋਇਆ ਕਰਦੇ ਨੇ, ਪ੍ਰਮੇਸ਼ਰ ਦਾ ਰੂਪ ਹੋਇਆ ਕਰਦੇ ਨੇ -

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ਪੰਨਾ - 397

ਦੂਸਰਾ, ਤੂੰ ਬਾਣੀ ਵਿਚ ਪੜ੍ਹਦਾ ਨੀਂ ਹੈਂ? ਜਿਹੜੇ ਅਭੇਦ ਅਵਸਥਾ ਦੇ ਗੁਰਸਿੱਖ ਨੇ, ਉਹ ਗੁਰੂ ਦੇ ਬਚਨ ਹੀ ਬੋਲਦੇ ਨੇ, ਦੂਸਰਾ ਨੀਂ ਬੋਲਦੇ; ਗੁਰੂ ਹੀ ਬੋਲਦੈ ਉਨ੍ਹਾਂ ਦੀ ਰਸਨਾ ਦੇ ਉਤੇ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ - 2, 2.*
*ਸੰਤਾਂ ਦੀ ਰਸਨਾ ਉਤੇ - 2, 2.*
*ਪ੍ਰਭ ਜੀ ਦਾ ਵਾਸਾ ਹੈ,.....................-2*

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*** ਪੰਨਾ - 263

ਪਿਆਰਿਆ! ਉਹ ਬਚਨ ਉਹਨੇ ਨੀਂ ਆਖਿਆ, ਮੈਂ ਹੀ ਆਖਿਆ ਸੀ।" "ਪਾਤਸ਼ਾਹ! ਮੇਰੀ ਸੇਵਾ? ਮੈਂ ਤਾਂ ਸਾਰੀ ਜ਼ਿੰਦਗੀ ਆਪ ਜੀ ਦੇ ਚਰਨਾਂ ਵਿਚ ਗੁਜ਼ਰਾਨ ਕਰ ਦਿਤੀ। ਇਕ ਭੁੱਲ ਮੇਰੇ ਤੋਂ ਹੋ ਗਈ। ਕ੍ਰਿਪਾ ਕਰੋ ਤੇ ਮੈਂ ਇਸ ਤਰ੍ਹਾਂ ਜੂਨੀਆਂ 'ਚ ਨਾ ਘੁੰਮਦਾ ਫਿਰਾਂ।"

"ਦੇਖ ਬਈ ਪਿਆਰਿਆ! ਰਿੱਛ ਤਾਂ ਤੂੰ ਬਣੇਂਗਾ ਜ਼ਰੂਰ, ਪਰ ਦਸਵੇਂ ਜਾਮੇ 'ਚ ਅਸੀਂ ਤੈਨੂੰ ਛੇਤੀ ਹੀ ਛੁਡਾ ਲਵਾਂਗੇ।"

ਸੋ ਮਹਾਰਾਜ ਕਹਿੰਦੇ, "ਕਿਉਂ ਭਾਈ ਕੀਰਤੀਆ! ਪੁੱਛ ਲਿਆ ਬਾਪੂ ਨੂੰ ਸਾਰਾ ਹਾਲ? ਇਸ ਤਰ੍ਹਾਂ ਕਰਕੇ ਰਿੱਛ ਦੀ ਜੂਨੀ 'ਚ ਆਇਆ ਸੀ।" ਬਹੁਤ ਸਾਖੀਆਂ ਨੇ ਗੁਰੂ ਦਸਵੇਂ ਪਾਤਸ਼ਾਹ ਦੀਆਂ - ਇਤਿਹਾਸ ਦੇ ਅੰਦਰ, ਜਿਥੇ ਗੁਰਸਿੱਖਾਂ ਨੂੰ ਜਾ ਕੇ ਛੁਡਾਇਐ - ਕਿਤੇ ਘੋਗੜ ਬਣਿਆ ਹੋਇਐ, ਕਿਤੇ ਕਾਉਂ ਬਣੇ ਹੋਏ ਨੇ। ਮਹਾਰਾਜ ਕਿਤੇ ਸ਼ਿਕਾਰ ਖੇਲ੍ਹਦੇ ਸੀ? ਉਹ ਤਾਂ ਰੂਹਾਂ ਨੂੰ ਭਾਲ-ਭਾਲ ਕੇ ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਦੀਆਂ ਰੂਹਾਂ ਦਾ ਉਧਾਰ ਕਰ ਰਹੇ ਸੀ ਜੋ ਕਿਸੇ ਸਰਾਪ ਵਸ ਜਾਂ ਕਿਸੇ ਹੋਰ ਗਲਤੀ ਦੇ ਕਾਰਨ ਇਨ੍ਹਾਂ ਜੂਨਾਂ 'ਚ ਪੈ ਗਈਆਂ ਸੀ। ਗੁਰੂ ਮਹਾਰਾਜ ਜੀ ਤਾਂ ਸਾਰਿਆਂ ਨੂੰ ਜਿਊਂਦਾ ਭੀ ਕਰ ਸਕਦੇ ਸੀ। ਜਿੰਨੇ ਮਾਰੇ ਨੇ, ਸਾਰੇ ਹੀ ਜਿਉਂਦੇ ਕਰ ਸਕਦੇ ਸੀ। ਸਾਡੇ ਵਿਚ ਤਾਂ ਇਹ ਤਾਕਤ ਨੀਂ, ਅਸੀਂ ਤਾਂ ਆਪਣੇ ਸਿਰ ਦੇ ਉਤੇ ਪਾਪ ਲੈਨੇ ਆਂ।

ਸੋ ਮੇਰਾ ਬੇਨਤੀ ਕਰਨ ਤੋਂ ਭਾਵ ਇਹ ਹੈ ਕਿ ਜੂਨਾਂ ਦੇ ਵਿਚ ਜਾਣਾ ਪੈਂਦੈ। ਮਨੁੱਖ ਥੱਲੇ ਨੂੰ ਵੀ ਜਾ ਸਕਦੈ, ਮਨੁੱਖ ਉਤੇ ਵੀ ਜਾ ਸਕਦੈ - ਬਹੁਤ ਉਤਮ ਜੂਨਾਂ 'ਚ। ਦੇਵਤਿਆਂ ਦੀ ਜੂਨ ਤਾਂ ਮਨੁੱਖਾਂ ਤੋਂ ਉਤਮ ਨਹੀਂ ਗਿਣੀ ਗਈ, ਦੇਵਤੇ ਤਾਂ ਲੋਚਦੇ ਨੇ -

***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥*** ਪੰਨਾ - 1159

ਸੋ ਉਹ ਦੇਹੀ ਸਾਨੂੰ ਪ੍ਰਾਪਤ ਹੋ ਗਈ ਜਿਸਨੂੰ ਅਸੀਂ ਲੇਖੇ ਵਿਚ ਲਾਉਣ ਵਾਸਤੇ ਬੇਨਤੀ ਕੀਤੀ ਐ ਕਿ ਹੇ ਪ੍ਰਭੂ! ਇਹ ਜਨਮ ਅਸੀਂ ਤੇਰੇ ਲੇਖੇ 'ਚ ਦੇ ਦਿਤਾ। ਗੱਲਾਂ ਨਾਲ ਹੀ ਦੇ ਦਿਤਾ ਕਿ ਸਚਮੁੱਚ ਹੀ ਦੇ ਦਿਤਾ? ਗਾਉਂਦੇ ਤਾਂ ਅਸੀਂ ਹੈਗੇ, ਠੀਕ ਹੈ, ਲੇਕਿਨ ਇਸ ਗੱਲ ਦੀ ਸਾਨੂੰ ਅਜੇ ਸਮਝ ਨੀਂ ਆਈ ਕਿ ਸਚਮੁੱਚ ਵੀ ਦਿਤਾ ਜਾਂਦੈ ਕਿ ਗਾ ਕੇ ਹੀ ਸਾਰ ਲਈਦੈ?

ਇਕ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬਿਰਾਜਮਾਨ ਨੇ।

ਮਰਦਾਨਾ ਐਧਰ ਉਧਰ ਟਹਿਲ ਰਿਹੈ। ਕੀ ਦੇਖਦੈ ਕਿ ਕਬਰਸਥਾਨ ਤੇ ਉਮਰਾਂ ਲਿਖੀਆਂ ਹੋਈਐਂ – ਪੰਜ ਸਾਲ, ਸੱਤ ਸਾਲ, ਦੱਸ ਸਾਲ। ਹੈਰਾਨ ਹੋ ਗਿਆ, ਮਹਾਰਾਜ ਕੋਲ ਆ ਗਿਆ। ਕਿਹਾ ਕਿ ਪਾਤਸ਼ਾਹ! ਇਹ ਸ਼ਹਿਰ ਦਾ ਨਿਰਬਾਹ ਕਿਵੇਂ ਹੁੰਦੈ? ਇਹ ਉਮਰਾਂ ਲਿਖੀਆਂ ਹੋਈਐਂ ਐਥੇ – ਸਾਰਿਆਂ ਦੀਆਂ, ਪਰ ਮੈਂ ਹੈਰਾਨ ਹੋ ਗਿਆ ਕਿ ਕਿਸੇ ਦੀ ਉਮਰ ਸੱਤ ਅੱਠ ਸਾਲ ਤੋਂ ਵੱਧ ਨਹੀਂ ਲਿਖੀ ਹੋਈ। ਮਹਾਰਾਜ ਕਹਿੰਦੇ, "ਹੈਰਾਨ ਕਿਉਂ ਹੁੰਨੈ ਮਰਦਾਨਿਆਂ! ਆਹ ਨਗਰ ਨੇੜੇ ਹੀ ਹੈ, ਤੂੰ ਜਾ ਕੇ ਨਾਲੇ ਪ੍ਰਸ਼ਾਦ ਪਾਣੀ ਛਕ ਆ, ਨਾਲੇ ਆਪਣਾ ਸ਼ੰਕਾ ਨਵਿਰਤ ਕਰ ਆਈਂ।

ਸੋ ਮਰਦਾਨਾ ਉਥੇ ਜਾਂਦੈ, ਦੇਖਦੈ, ਉਥੇ ਤਾਂ ਸੌ-ਸੌ ਸਾਲ ਦੇ ਬਿਰਧ ਬੈਠੇ ਨੇ। ਦਰਵਾਜ਼ਾ ਹੈ ਪਿੰਡ ਦਾ, ਦੋਹੀਂ ਪਾਸੀਂ ਬੈਠਣ ਨੂੰ ਥਾਂ ਬਣਿਆ ਹੋਇਐ, ਆਏ ਗਏ ਅਥਿਤੀ ਦੀ ਪੁੱਛ ਪ੍ਰਤੀਤ ਹੁੰਦੀ ਹੈ। ਸਾਰਿਆਂ ਨੇ ਉਸਨੂੰ ਬੜੇ ਆਦਰ ਨਾਲ ਬੁਲਾਇਆ। ਕਹਿਣ ਲੱਗੇ, "ਕਿਥੋਂ ਆਇਐਂ ਪ੍ਰੇਮੀਆਂ?" ਆਪਣਾ ਪਰੀਚਾ ਦਿਤਾ। ਉਸ ਤੋਂ ਬਾਦ ਕਹਿੰਦੇ, "ਦੱਸੋ ਕਿਸ ਤਰ੍ਹਾਂ ਆਏ?" ਭਾਈ ਮਰਦਾਨਾ ਜੀ ਆਦਰ ਸਤਿਕਾਰ ਦੇ ਨਾਲ ਬਿਠਾਏ ਗਏ ਤਾਂ ਉਨ੍ਹਾਂ ਨੇ ਬੇਨਤੀ ਕਰੀ –

"ਦੇਖੋ ਭਾਈ ਪ੍ਰੇਮੀਓ! ਤੁਸੀਂ ਤਾਂ ਵੱਡੀਆਂ ਉਮਰਾਂ ਦੇ ਓਂ; ਕਬਰਸਥਾਨ ਇਕੋ ਹੀ ਹੈ ਕਿ ਦੋ ਨੇ?"

"ਭਾਈ ਮਰਦਾਨਾ! ਇਕੋ ਹੀ ਹੈ।"

"ਉਥੇ ਤਾਂ ਉਮਰ ਬੜੀ ਥੋੜ੍ਹੀ ਲਿਖੀ ਹੋਈ ਹੈ?"

"ਹਾਂ।"

"ਕੀ ਗੱਲ ਐ?"

"ਦੇਖ ਭਾਈ ਮਰਦਾਨਾ! ਸਾਡੇ ਨਗਰ ਦੇ ਅੰਦਰ ਕੋਈ ਮਨਮੁਖ ਨੀਂ ਹੈ, ਕੋਈ ਬੇਮੁੱਖ ਨੀਂ ਹੈ, ਕੋਈ ਨਿਗੁਰਾ ਨੀਂ ਹੈ। ਸਾਰੇ ਹੀ ਪੀਰ ਪ੍ਰਸਤ ਨੇ, ਪੀਰ ਨੂੰ ਮੰਨਦੇ ਆਂ ਅਸੀਂ; ਮੁਰਸ਼ਦ ਵਾਲੇ ਹਾਂ ਅਸੀਂ, ਬੇ-ਮੁਰਸ਼ਦੇ ਨੀਂ ਹਾਂ। ਸਾਡੇ ਰਿਵਾਜ ਇਹ ਹੈ ਕਿ ਪੰਜ ਸਾਲ ਦੀ ਉਮਰ ਤਕ ਬੱਚਾ ਹੁੰਦੈ, ਉਸ ਵੇਲੇ ਉਹਨੂੰ ਸੋਝੀ ਨਾ ਹੋਣ ਕਰਕੇ ਪੁੰਨ ਤੇ ਪਾਪ ਦੋਏ ਨੀਂ ਲੱਗਦੇ। ਪੰਜ ਸਾਲ ਤੋਂ ਬਾਦ ਅਸੀਂ ਇਕ ਡਾਇਰੀ ਦਿੰਨੇ ਆਂ – ਉਹਦੇ ਮਾਂ ਬਾਪ ਨੂੰ, ਕਿ ਜਿੰਨਾਂ ਇਹ ਪਾਠ ਕਰੇ, ਜਿੰਨਾਂ ਇਹ ਭਜਨ ਕਰੇ, ਕੋਈ ਨੇਕ ਕੰਮ ਕਰੇ, ਇਹਦੇ ਵਿਚ ਰਾਤ ਨੂੰ ਸੌਣ ਵੇਲੇ ਲਿਖ ਕੇ ਸੌਇਆਂ ਕਰੋ। ਇਹ ਰੂਲ ਹੈ, ਰੀਤ ਹੈ – ਸਾਡੇ ਸ਼ਹਿਰ ਦੀ। ਫੇਰ ਜਦ 18 ਸਾਲ ਦਾ ਹੁੰਦੈ, ਸਾਡੀ ਪੰਚਾਇਤ ਇਕੱਠੀ ਹੁੰਦੀ ਐ। ਫੇਰ ਅਸੀਂ ਇਕ ਵਹੀ ਦੇ ਦਿੰਨੇ ਆਂ, ledger ਦੇ ਦਿੰਨੇ ਆਂ, ਉਹਦੇ ਵਿਚ ਉਹ ਆਪ ਆਪਣੇ ਹੱਥ ਨਾਲ ਲਿਖੀ ਜਾਂਦੈ। ਜਦੋਂ ਚੜ੍ਹਾਈ ਕਰ ਜਾਂਦੈ, ਫੇਰ ਸਾਡੀ ਪੰਚਾਇਤ ਹੁੰਦੀ ਐ, ਅਸੀਂ ਉਹ ਦੋਏ ਡਾਇਰੀਆਂ ਲੈ ਕੇ ਉਹਦਾ ਟਾਇਮ ਕੱਢਦੇ ਆਂ ਕਿ ਕਿੰਨਾਂ ਟਾਇਮ ਇਹ ਪ੍ਰਮੇਸ਼ਰ ਵਲ ਰਿਹੈ, ਤੇ ਕਿੰਨਾਂ ਟਾਇਮ ਇਸਨੇ ਸੰਸਾਰ ਦੇ ਵਿਚ ਬਰਬਾਦ ਕਰਿਐ। ਉਹਤੇ ਬਾਦ ਅਸੀਂ ਟੋਟਲ ਲਾਉਂਦੇ ਆਂ, ਉਹਦੀ ਜੋ ਉਮਰ ਹੁੰਦੀ ਐ – 10 ਸਾਲ, ਨੌ ਸਾਲ, ਅੱਠ ਸਾਲ, ਉਹ ਅਸੀਂ ਲਿਖਦੇ ਹਾਂ – ਕਬਰ ਦੇ ਉਤੇ, ਕਿਉਂਕਿ ਜਿਹੜੀ ਉਮਰ ਪ੍ਰਮੇਸ਼ਰ ਦੀ ਯਾਦ ਤੋਂ ਬਗੈਰ ਲੰਘ ਗਈ, ਉਹ ਕਿਸੇ ਲੇਖੇ ਵਿਚ ਨੀਂ ਪੈਂਦੀ –

*ਉਮਰ ਓਹਾ ਵਿਚ ਲੇਖੇ ਦੇ,*
*ਜੋ ਯਾਦ ਸਾਈਂ ਵਿਚ ਗੁਜ਼ਰੇ, ਪੈਂਦੀ ਮੁਜ਼ਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ,*
*ਇਸ ਵਿਚ ਨੀਲੇ ਹੁਜ਼ਰੇ, ਸੰਝ ਤੇ ਫਜ਼ਰੇ।*

ਸੋ ਪਿਆਰਿਆ! ਇਹ ਉਮਰ ਅਸੀਂ ਲਿਖਦੇ ਹਾਂ।"

ਕਦੇ ਸੋਚ ਕੇ ਵੇਖੋ, ਪੱਝੱਤਰ ਸਾਲ ਦੀ ਉਮਰ ਹੋਵੇ ਕਿਸੇ ਬੰਦੇ ਦੀ; ਪੰਜ ਸਾਲ ਤਾਂ ਉਹਦੇ ਕੱਢ ਦਿਓ ਕਿਉਂਕਿ ਪੰਜ ਸਾਲ ਤਾਂ ਪਤਾ ਹੀ ਨੀਂ ਲਗਦਾ – ਭਜਨ ਬੰਦਗੀ ਦਾ। ਉਸ ਤੋਂ ਬਾਅਦ ਉਹ ਜੇ ਰੋਜ਼ ਢਾਈ ਘੰਟੇ ਨਾਮ ਜਪਦੈ; ਪਹਿਲਾਂ ਤਾਂ ਇਹ ਹੈ ਕਿ ਢਾਈ ਘੰਟੇ ਪੂਰੇ ਨੀਂ ਲੱਗਿਆ ਕਰਦੇ; ਕਿਸੇ ਦੇ ਢਾਈ ਘੰਟੇ 'ਚੋਂ ਦੱਸ ਮਿੰਟ ਲਗਦੇ ਨੇ, ਕਿਸੇ ਦੇ ਪੰਜ ਲਗਦੇ ਨੇ, ਕਿਸੇ ਦੇ ਦੋ ਲਗਦੇ ਨੇ, ਕੋਈ ਭਾਗਾਂ ਵਾਲਾ ਵੀਹ ਮਿੰਟ ਵੀ ਲਾ ਲੈਂਦੈ; ਬਾਕੀ ਟਾਇਮ ਕਿਥੇ ਚਲਿਆ ਗਿਆ? ਬਾਕੀ ਚਲਿਆ ਗਿਆ ਸੈਰ ਸਪਾਟਿਆਂ 'ਚ। ਮਨ ਨੇ ਮਾਰਨੀਐਂ ਛਾਲਾਂ; ਪੰਜ ਬਿਰਤੀਆਂ ਨੇ, ਉਹ ਇਹਨੂੰ ਟਿਕਣ ਨੀਂ ਦਿੰਦੀਆਂ, ਨਠਾਈ ਫਿਰਦੀਆਂ ਨੇ। ਚਿੱਤ ਤਾਂ ਇਕਾਗਰ ਹੁੰਦਾ ਨੀਂ ਹੈ। ਜਿੰਨਾਂ ਚਿਰ ਇਕਾਗਰ ਨੀਂ ਹੁੰਦਾ, ਓਨਾਂ ਚਿਰ ਲੇਖੇ 'ਚ ਨੀਂ ਪੈਂਦਾ। ਮਹਾਰਾਜ ਕਹਿੰਦੇ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ - 295*

ਇਹ ਪੂਜਾ ਪਾਠ, ਸਾਵਧਾਨਤਾ ਦਾ ਕੀਤਾ ਹੋਇਆ, ਲੇਖੇ ਵਿਚ ਪੈਂਦੈ, ਤਾਂ ਹੀ ਮਹਾਰਾਜ ਨੇ ਪਹਿਲੀ ਉਦਾਸੀ ਸਮੇਂ, ਪਹਿਲਾ ਕਦਮ ਪੁੱਟਣ ਵੇਲੇ ਹੀ ਇਹ ਗੱਲ ਸਾਨੂੰ ਸਾਫ ਕਰ ਦਿਤੀ, ਪਹਿਲਾ ਕਦਮ ਜਦ ਪੁੱਟਿਆ। ਗੁਰੂ ਨਾਨਕ ਸਾਹਿਬ ਨਮਾਜ਼ ਪੜ੍ਹਨ ਵਾਸਤੇ ਨਵਾਬ ਦੌਲਤਖਾਨ ਨਾਲ ਜਾਂਦੇ ਨੇ ਪਰ ਨਮਾਜ਼ ਨ ਪੜ੍ਹੀ। ਨਵਾਬ ਨਰਾਜ਼ ਹੁੰਦੇ ਕਿ ਨਾਨਕ ਜੀ! ਤੂੰ ਨਮਾਜ਼ ਪੜ੍ਹਨ ਆਇਆ ਸੀ; ਕਿਓਂ ਨਹੀਂ ਪੜ੍ਹੀ? ਮਹਾਰਾਜ ਕਹਿੰਦੇ, "ਜਦ ਤੈਂ ਹੀ ਨੀਂ ਪੜ੍ਹੀ, ਮੈਂ ਕਿਹਦੇ ਨਾਲ ਪੜ੍ਹਦਾ?" ਕਿੰਨਾਂ ਟਾਇਮ ਨਮਾਜ਼ ਨੂੰ ਲਗਦੈ? ਕਾਜ਼ੀ ਕਹਿਣ ਲੱਗਿਆ, "ਇਹ ਤਾਂ ਪੜ੍ਹਦੇ ਸੀ।" ਕਹਿੰਦੇ, "ਇਹ ਤਾਂ ਫਿਰਦਾ ਸੀ ਕੰਧਾਰ 'ਚ – ਘੋੜੇ ਛਾਂਟਦਾ।" ਕਾਜ਼ੀ ਕਹਿੰਦਾ, "ਫੇਰ ਮੇਰੇ ਨਾਲ ਪੜ੍ਹ ਲੈਂਦੇ!" ਮਹਾਰਾਜ ਕਹਿਣ ਲੱਗੇ ਕਿ ਕਾਜ਼ੀ ਸਾਹਿਬ! ਤੂੰ ਵੀ ਵਛੇਰੀ ਮੋੜਦਾ ਫਿਰਦਾ ਸੀ, ਕਿਤੇ ਖੂਹ 'ਚ ਨਾ ਗਿਰ ਜਾਏ। ਤੂੰ ਇਥੇ ਕਦ ਸੀਗਾ? ਕਹਿੰਦੇ, ਨਮਾਜ਼ ਇਹ ਨਹੀਂ ਹੋਇਆ ਕਰਦੀ, ਕਿ ਅੱਖਰ ਗਿਣ ਲਏ। ਨਮਾਜ਼ ਹੁੰਦੀ ਐ – ਚਿੱਤ ਦੀ ਇਕਾਗਰਤਾ ਦੀ, ਭੁੱਲ ਜਾਣਾ ਸਭ ਕੁਛ; ਜਿਹਦੇ ਬਾਰੇ ਪੜ੍ਹ ਰਹੇ ਹਾਂ, ਉਸ ਦੀ ਯਾਦ ਮਨ ਵਿਚ ਰਹਿਣੀ; ਤਾਂ ਪੈਂਦੀ ਹੈ ਲੇਖੇ 'ਚ। ਦੇਖੋ, ਗੱਲ ਸਮਝਣ ਵਾਲੀ ਐ, ਸਮਝ ਕੇ ਕਮਾਉਣ ਵਾਲੀ ਐ। ਟਾਇਮ ਤਾਂ ਲੇਖੇ 'ਚ ਪਿਆ ਨਾ! ਅਸੀਂ ਤਾਂ ਏਧਰ ਓਧਰ ਦੌੜੇ ਫਿਰਦੇ ਆਂ, ਮਨ ਦੌੜਿਆ ਫਿਰਦੈ। ਜ਼ਬਾਨ ਨਾਲ ਪੜ੍ਹੀਂ ਜਾਨੇ ਆਂ, ਉਹਦੇ ਨਾਲ ਤਾਂ ਕੋਈ ਗੱਲ ਨੀਂ ਬਣਦੀ ਜੇ ਚਿੱਤ ਇਕਾਗਰ ਨੀਂ ਹੈ। ਇਕਾਗਰ ਚਿੱਤ ਕਰਕੇ ਕਦੇ ਪੜ੍ਹ ਕੇ ਦੇਖਿਓ, ਕਿੰਨਾ ਅਨੰਦ ਆਉਂਦੈ।

ਐਂ ਰੋਜ਼ ਹੀ ਪੜ੍ਹਦੇ ਆਂ, ਰੋਜ਼ ਰੋੜ ਜਿਹੇ ਖੜਕਾਈ ਜਾਨੇ ਆਂ – ਗੜਵੀ 'ਚ ਪਾ ਕੇ। ਗੱਲ ਨੀਂ ਬਣਦੀ, ਐਵੇਂ ਕਿਤੇ ਭੁਲੇਖਿਆਂ 'ਚ ਰਹਿ ਜਾਈਏ ਕਿ ਮੈਂ ਪੰਜ ਬਾਣੀਆਂ ਪੜ੍ਹਦਾਂ, ਮੈਂ ਐਨਾ ਨਾਮ ਜਪਦਾਂ; ਚਿੱਤ ਭੀ ਇਕਾਗਰ ਹੁੰਦੈ?

ਇਕ ਵਾਰੀ ਇਕ ਸੌਦਾਗਰ ਕਾਫਲਾ ਲੈ ਕੇ ਜਾ ਰਿਹੈ। ਇਹ ਇਰਾਨ ਦੀ ਬਾਤ ਹੈ। ਉਥੇ ਇਕ ਬੀਬੀ ਐ, ਉਹ ਪਿਆਰ ਕਰਦੀ

ਐ - ਮਜਨੂੰ ਨੂੰ, ਲੈਲਾ ਓਹਦਾ ਨਾਮ ਐ। ਮਜਨੂੰ ਨੂੰ ਕੱਢ ਕੇ ਸ਼ਹਿਰ ਤੋਂ ਬਾਹਰ ਵੀਰਾਨ ਵਿਚ ਬਿਠਾ ਦਿਤਾ। ਓਥੇ ਉਹ ਕਾਫਲਾ ਨਮਾਜ਼ ਪੜ੍ਹਦਾ ਸੀ। ਲੈਲਾ, ਬੇ-ਧਿਆਨੀ ਉਨ੍ਹਾਂ ਦੇ ਅੱਗੋਂ ਦੀ ਲੰਘ ਗਈ। ਉਹਨੂੰ ਕੋਈ ਪਤਾ ਨੀਂ ਕਿ ਕੋਈ ਕਾਫਲਾ ਹੈ ਜਾਂ ਕੀ ਹੈ; ਉਹ ਮਜਨੂੰ ਦੇ ਧਿਆਨ ਵਿਚ ਪਈ ਹੋਈ ਐ। ਉਹ ਜਿਸ ਵਕਤ ਅੱਗੋਂ ਦੀ ਲੰਘੀ, ਇਹ ਨਮਾਜ਼ ਪੜ੍ਹ ਹਟੇ ਤਾਂ ਏਹਨਾਂ ਨੇ ਜਾ ਕੇ ਉਹਨੂੰ ਫੜ ਲਿਆ। ਕਾਜ਼ੀ ਦੇ ਮੁਕਦਮਾ ਕਰ ਦਿਤਾ। ਅਮੀਰ ਬੱਚੀ ਸੀ ਇਹ ਵੀ ਬਹੁਤ। ਮੁਕਦਮਾ ਹੋਇਆ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੀ ਨਮਾਜ਼ ਕਜ਼ਾ ਕਰ ਦਿਤੀ, ਖੰਡਿਤ ਕਰ ਦਿਤੀ - ਐਹ ਲੜਕੀ ਨੇ। ਬੜਾ ਇਮਾਨਦਾਰ ਸੀ ਕਾਜ਼ੀ, ਕਹਿਣ ਲੱਗਿਆ, "ਐ ਲੜਕੀ! ਤੂੰ ਇਨ੍ਹਾਂ ਦੀ ਨਮਾਜ਼ ਕਜ਼ਾ ਕਰੀ ਐ।" ਉਹ ਕਹਿਣ ਲੱਗੀ, "ਦੇਖੋ ਕਾਜ਼ੀ ਸਾਹਿਬ! ਮੈਨੂੰ ਸਚਮੁੱਚ ਹੀ ਨੀਂ ਪਤਾ ਕਿ ਇਹ ਨਮਾਜ਼ ਪੜ੍ਹ ਰਹੇ ਨੇ। ਮੈਂ, ਦੇਖੋ ਇਕ ਇਨਸਾਨ ਨੂੰ ਪਿਆਰ ਕਰਦੀ ਆਂ। ਓਹਦਾ ਪਿਆਰ ਮੇਰੇ ਰੋਮ-ਰੋਮ 'ਚ ਐਨਾ ਸਮਾਅ ਗਿਆ ਕਿ ਮੈਨੂੰ ਕੁਛ ਨਜ਼ਰ ਹੀ ਨੀਂ ਆਉਂਦਾ, ਕਿਸੇ ਦਾ ਕੱਖ ਨੀਂ ਪਤਾ ਲਗਦਾ ਤੇ ਮੈਂ ਕਦ ਲੰਘ ਗਈ ਇਹਨਾਂ ਦੇ ਮੂਹਰੇ ਦੀ, ਕਿਥੇ ਸੀਗੇ, ਮੈਨੂੰ ਨੀਂ ਪਤਾ; ਮੈਂ ਐਨੀ ਖਿਆਲ ਦੇ ਵਿਚ ਮਹਵ (ਲੀਨ) ਹੋਈ ਹੋਈ ਸੀ। ਪਰ ਇਹਨਾਂ ਨੂੰ ਐਂ ਪੁਛੋ ਕਿ ਇਹ ਤਾਂ ਅੱਲਾ ਤਾਲਾ ਨੂੰ ਪਿਆਰ ਕਰਦੇ ਨੇ ਤੇ ਦੁਆ ਕਰ ਰਹੇ ਨੇ ਉਸ ਵੇਲੇ - ਇਕ ਚਿੱਤ, ਇਕ ਮਨ ਹੋ ਕੇ; ਇਹਨਾਂ ਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਮੂਹਰੇ ਦੀ ਲੰਘੀ ਜਾਨੀਂ ਆਂ? ਇਹ ਨਮਾਜ਼ ਪੜ੍ਹਦੇ ਸੀ ਕਿ ਐਵੇਂ ਹੀ ਰਸਮ ਪੂਰੀ ਕਰਦੇ ਸੀ?" ਕਾਜ਼ੀ ਨੇ ਮੁਕਦਮਾ ਖਾਰਜ ਕਰ ਦਿਤਾ। ਕਹਿਣ ਲੱਗਿਆ - ਕਾਫਲੇ ਦੇ ਸਰਦਾਰ ਨੂੰ, ਕਿ ਤੁਸੀਂ ਨਮਾਜ਼ ਨਹੀਂ ਸੀ ਪੜ੍ਹਦੇ, ਤੁਹਾਡਾ ਮਨ ਇਕਾਗਰ ਨਹੀਂ ਸੀ ਯਕ ਸੂਈ ਨੀਂ ਸੀ। ਜਿੰਨਾਂ ਚਿਰ ਯਕ ਸੂਈ ਨਾ ਹੋਵੇ, ਲੇਖੇ ਵਿਚ ਨਹੀਂ ਪਿਆ ਕਰਦੀ ਬਾਤ। ਸੋ ਮੈਂ ਬੇਨਤੀ ਕਰਦਾ ਸੀ ਕਿ ਜੇ ਅਸੀਂ ਪੰਜ ਸਾਲ ਦੀ ਉਮਰ ਤੋਂ ਪ੍ਰਭੂ ਦੀ ਯਾਦ ਵਿਚ ਸਮਾਂ ਲਾਉਣਾ ਸ਼ੁਰੂ ਕਰ ਦੇਈਏ ਅਤੇ ਢਾਈ ਘੰਟੇ ਹਰ ਰੋਜ਼ ਚਿਤ ਇਕਾਗਰ ਕਰਕੇ ਭਜਨ ਕਰੀਏ, ਚਿਤ ਦੀ ਪੂਰੀ ਇਕਾਗਤਾ ਨਾਲ ਬਾਣੀ ਪੜ੍ਹੀਏ ਤਾਂ ਸਾਡੇ ਸਾਰੇ ਹੀ ਸੱਤ ਸਾਲ ਬਣਦੇ ਹਨ, ਗਿਣ ਕੇ ਦੇਖ ਲਿਓ। ਸੱਤ ਸਾਲ ਸਾਡੀ ਉਮਰ ਗਿਣੀ ਜਾਣੀ ਐ; ਉਹ ਵੀ ਤਾਂ, ਜੇ ਪੂਰੇ ਚਿੱਤ ਦੇ ਨਾਲ ਢਾਈ ਘੰਟੇ ਲਗਦੇ ਨੇ। ਜੇ ਖੰਡਤ ਕਰਦੇ ਆਂ ਅਸੀਂ - ਫੁਰਨਿਆਂ ਦੇ ਨਾਲ, ਤਾਂ ਕੁਛ ਵੀ ਟਾਈਮ ਨੀਂ ਲੱਗਦਾ। ਸੋ ਲੇਖੇ ਵਿਚ ਤਾਂ ਓਹੀ ਉਮਰ ਪੈਂਦੀ ਐ ਜਿਹੜੀ ਯਾਦ ਵਿਚ ਗੁਜ਼ਰੇ - 'ਉਮਰ ਓਹਾ ਵਿਚ ਲੇਖੇ ਦੇ, ਜੋ ਯਾਦ ਸਾਂਈਂ ਵਿਚ ਗੁਜ਼ਰੇ, ਪੈਂਦੀ ਮੁਜ਼ਰੇ।' ਸੋ ਉਹ ਪੈਂਦੀ ਐ ਲੇਖੇ 'ਚ, ਦੂਸਰੀ ਨੀਂ - 'ਨਹੀਂ ਤਾਂ ਸਾਨੂੰ ਹਾਸਲ ਕੀ ਹੈ, ਇਸ ਵਿਚ ਨੀਲੇ ਹੁਜ਼ਰੇ, ਸੰਝ ਤੇ ਫਜ਼ਰੇ।'

ਸੋ ਗੁਰੂ ਮਹਾਰਾਜ ਜੀ ਲੇਖੇ ਦੀ ਬਾਤ ਦੱਸਦੇ ਨੇ। ਅਸੀਂ ਕਿਹੈ ਕਿ ਸੱਚੇ ਪਾਤਸ਼ਾਹ! ਸਾਡਾ ਜੀਵਨ ਜਿਹੜਾ ਹੈ, ਇਹ ਬਹੁਤ ਘੁੰਮ ਕੇ ਆਇਐ; ਤੁਸੀਂ ਇਸਨੂੰ ਲੇਖੇ ਵਿਚ ਲਾ ਲਓ, ਲੇਖੇ 'ਚ ਲਗ ਜਾਵੇ ਸਾਡਾ ਜੀਵਨ। ਪੜ੍ਹ ਲਓ ਪਿਆਰ ਨਾਲ -

*ਧਾਰਨਾ - ਲੇਖੇ ਵਿਚ ਲਾ ਲਉ ਜੀ,*
*ਜਨਮ ਤੁਮਾਰੇ ਲੇਖੇ - 2, 2.*
*ਜਨਮ ਤੁਮਾਰੇ ਲੇਖੇ, ਜਨਮ ਤੁਮਾਰੇ ਲੇਖੇ - 2*
*ਲੇਖੇ ਵਿਚ ਲਾ ਲਉ ਜੀ,.......................-2*

***ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥*** ਰਵਿਦਾਸ ਜੀ ਨੇ ਲੇਖੇ ਵਿਚ ਲਾ ਦਿਤਾ। ਸਾਡਾ ਜਨਮ ਜਿਹੜੇ, ਹੋਰ ਲੇਖਿਆਂ 'ਚ ਲੱਗ ਰਿਹੈ। ਪਰ ਜੇ ਸਾਡਾ ਇਰਾਦਾ ਬਣ ਜਾਵੇ, ਆਹ ਜਨਮ ਲੇਖੇ ਵਿਚ ਲੱਗ ਜਾਵੇ ਫੇਰ ਸਫਲਤਾ ਵੀ ਬਹੁਤ ਛੇਤੀ ਪ੍ਰਾਪਤ ਹੋ ਜਾਂਦੀ ਹੈ।

**'ਚਲਦਾ'**


## ਪਾਠਕਾਂ ਅਤੇ ਲੇਖਕਾਂ ਲਈ ਬੇਨਤੀ

- ਜੀਵਨ ਸੋਧ, ਮਾਨਸਿਕ ਸ਼ਾਂਤੀ, ਅਤੇ ਰੂਹਾਨੀ ਤਰੱਕੀ ਦੀ ਪ੍ਰਾਪਤੀ ਵਾਸਤੇ ਇਸ ਮੈਗਜ਼ੀਨ ਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ।
- ਮੈਗਜ਼ੀਨ ਦੀ ਪੱਕੀ ਮੈਂਬਰਸ਼ਿਪ ਵਾਸਤੇ ਮਾਇਆ ਭੇਜ ਕੇ ਰਸੀਦ ਜ਼ਰੂਰ ਪ੍ਰਾਪਤ ਕਰੋ।
- ਇਸ ਮੈਗਜ਼ੀਨ ਵਿਚ ਦੁਰਲੱਭ ਬਚਨ ਹੋਣ ਕਰਕੇ ਵਧੀਆ ਕਾਗਜ਼ ਵਰਤਿਆ ਗਿਆ ਹੈ ਤਾਂ ਕਿ ਲੰਬੇ ਸਮੇਂ ਤਕ ਰਿਕਾਰਡ ਵਿਚ ਰੱਖਿਆ ਜਾ ਸਕੇ। ਸੁਲਝੇ ਹੋਏ ਵਿਚਾਰਾਂ ਵਾਲੇ ਲੇਖਕਾਂ ਤੋਂ ਲੇਖ ਲਿਖਵਾਏ ਜਾਂਦੇ ਹਨ। ਇਸ ਵਾਸਤੇ ਕਾਗਜ਼ ਦੇ ਅਤਿ ਮਹਿੰਗੇ ਭਾਅ ਅਤੇ ਕੇਵਲ ਪ੍ਰਚਾਰ ਦੇ ਆਸ਼ੇ ਨੂੰ ਮੁੱਖ ਰੱਖਦਿਆਂ NO PROFIT - NO LOSS ਦੇ ਆਧਾਰ ਤੇ ਹੀ ਇਸ ਦੀ ਕੀਮਤ ਰੱਖੀ ਗਈ ਹੈ।
- ਗੁਰਮਤਿ ਸਬੰਧੀ ਵਿਸ਼ਿਆਂ ਤੇ ਭੇਜੇ ਗਏ ਲੇਖਾਂ ਦਾ ਸਾਡੇ ਵਲੋਂ ਸਵਾਗਤ ਕੀਤਾ ਜਾਵੇਗਾ। ਕੇਵਲ ਐਡੀਟੋਰੀਅਲ ਬੋਰਡ ਵਲੋਂ ਪ੍ਰਵਾਨਤ ਲੇਖਾਂ ਨੂੰ ਸਮੇਂ-ਸਮੇਂ ਸਿਰ ਪ੍ਰਕਾਸ਼ਤ ਕੀਤਾ ਜਾਵੇਗਾ।
- ਪੱਤਰ ਵਿਵਹਾਰ ਕਰਦਿਆਂ ਚਿਟ ਨੰਬਰ ਦਾ ਹਵਾਲਾ ਜ਼ਰੂਰ ਦਿਤਾ ਜਾਵੇ।

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤਜਿੰਦਰ ਮਲੋਹਤਰਾ*

ਡਾ. ਸਵਾਮੀ ਰਾਮ ਜੀ ਅੱਜ ਦੇ ਸਮੇਂ ਦੇ ਇਕ ਉੱਚ ਕੋਟੀ ਦੇ ਯੋਗੀ ਹੀ ਨਹੀਂ, ਸਗੋਂ ਇਕ ਮਹਾਨ ਵਿਦਵਾਨ, ਦੁਨੀਆਂ ਦੇ ਤਕਰੀਬਨ 200 ਮੁਲਕਾਂ ਵਿਚ ਘੁੰਮੇ ਹੋਏ ਸਰਵ ਵਿਦਿਆ ਦੇ ਗਿਆਤਾ, ਔਕਸਫੋਰਡ ਤੋਂ ਪੀ. ਐਚ. ਡੀ ਹਨ। ਇਸ ਸਮੇਂ ਇਨ੍ਹਾਂ ਦੇ ਕੋਈ ਪੰਜਾਹ ਤੋਂ ਵੱਧ ਡੇਰੇ ਅਮਰੀਕਾ ਵਿਚ ਹਨ ਤੇ ਪੈਨਸਿਲਵੇਨੀਆ (ਹਨਲਸਡੇਲ) ਵਿਚ ਪੋਕੋਨੋ ਪਰਬਤਮਾਲਾ ਤੇ 150 ਏਕੜ ਤੇ ਮੁੱਖ ਸੰਸਥਾ ਸਥਾਪਨ ਹੈ।

ਸਵਾਮੀ ਜੀ ਦੇ ਯਤਨਾਂ ਨਾਲ ਜਿਥੇ ਇਹ ਸੰਸਥਾ ਭਾਰਤੀ ਰਿਸ਼ੀਆਂ ਮੁਨੀਆਂ ਲਈ ਸਿਖਿਆ ਦਾ ਸਰੋਤ ਹੈ, ਉਸ ਦੇ ਨਾਲ ਪੱਛਮੀ ਤਕਨੀਕ ਨਾਲ ਸਿਖਿਆ ਪ੍ਰਾਪਤੀ, ਚਿਕਿਤਸਾ, ਧਰਮ ਦਰਸ਼ਨ ਤੇ ਵਿਗਿਆਨਕ ਸੋਧ ਦੇ ਖੇਤਰ ਵਿਚ ਆਪਣੇ ਆਪ ਵਿਚ ਇਕ ਅਦਭੁਤ ਚਾਨਣ ਮੁਨਾਰਾ ਹੈ। ਇਥੇ ਅਮਰੀਕਾ, ਜਾਪਾਨ, ਜਰਮਨੀ, ਫਰਾਂਸ, ਹਾਲੈਂਡ ਤੇ ਭਾਰਤ ਤੋਂ ਲੋਕ ਮਾਨਸਿਕ ਤੇ ਅਧਿਆਤਮਕ ਵਿਕਾਸ ਲਈ ਆਉਂਦੇ ਹਨ।

ਸਵਾਮੀ ਜੀ ਦੇ ਸਾਹ ਰੋਕਣ ਦੇ ਤਜਰਬੇ ਜੋ ਕਿ ਅਮਰੀਕਾ ਦੇ ਉਚ ਕੋਟੀ ਦੇ ਡਾਕਟਰਾਂ ਦੀ ਹਾਜ਼ਰੀ ਵਿਚ ਕੀਤੇ ਗਏ (ਮੈਨਿਨਕਾਰ ਇੰਨਸਟੀਚਿਊਟ), ਹਜ਼ਾਰਾਂ ਹੀ ਕਿਤਾਬਾਂ ਤੇ ਰਸਾਲਿਆਂ ਵਿਚ ਛਪ ਚੁੱਕੇ ਹਨ। (Biofeed back) ਉਹ ਆਪਣੇ ਆਪ ਵਿਚ ਆਪ ਹੀ ਮਿਸਾਲ ਹੈ। ਉਸਦੇ ਨਾਲ ਦੀ ਅੱਜ ਤੱਕ ਕੋਈ ਮਿਸਾਲ ਨਹੀਂ ਹੈ।

ਭਾਰਤ ਵਿਚ ਸਵਾਮੀ ਜੀ ਦੇਹਰਾਦੂਨ ਦੇ ਨੇੜੇ ਇਕ Medical city ਦਾ ਨਿਰਮਾਣ ਕਰ ਰਹੇ ਹਨ। ਇਥੇ ਏਸ਼ੀਆ ਦਾ ਸਭ ਤੋਂ ਵੱਡਾ ਹਸਪਤਾਲ 2500 beds ਦਾ ਬਣ ਰਿਹਾ ਹੈ। ਮੈਡੀਕਲ ਕਾਲਿਜ, ਜਿਸ ਦਾ ਨੀਂਹ ਪੱਥਰ ਸੰਤ ਵਰਿਆਮ ਸਿੰਘ ਜੀ ਨੇ 16 ਸਤੰਬਰ 1994 ਨੂੰ ਰੱਖਿਆ ਸੀ, ਇਸ ਸਾਲ ਦਾਖਲੇ ਲਈ ਤਿਆਰ ਹੋ ਜਾਵੇਗਾ। ਏਸ ਹਸਪਤਾਲ ਵਿਚ holislic health ਦਾ ਤਰੀਕਾ ਅਪਣਾਇਆ ਜਾਂਦਾ ਹੈ, ਭਾਵ ਕਿ ਇਲਾਜ ਆਯੁਰਵੈਦਿਕ, ਹੋਮਿਓਪੈਥਿਕ ਤੇ ਯੋਗਾ ਰਾਹੀਂ ਕੀਤਾ ਜਾਂਦਾ ਹੈ। ਬਿਮਾਰੀ ਦੀ ਜਾਂਚ ਭਾਵੇਂ ਅੰਗਰੇਜ਼ੀ ਸਾਧਨਾ ਨਾਲ ਯਾਨਿ ਕਿ ਐਕਸਰੇ, ਸਕੈਨ ਆਦਿ ਵਰਤੋਂ ਵਿਚ ਲਿਆ ਕੇ ਕੀਤੀ ਜਾਂਦੀ ਹੈ।

ਸਵਾਮੀ ਜੀ ਬਹੁਤ ਸਾਰੀਆਂ ਪੁਸਤਕਾਂ ਦੇ ਰਚਿਤਾ ਹਨ। ਉਨ੍ਹਾਂ ਦੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ "Living With The Himalayan Masters" ਜੋ ਕਿ ਇਕ ਲੱਖ ਤੋਂ ਵੱਧ ਵਿਕ ਚੁੱਕੀ ਹੈ, ਅਸੀਂ ਉਸ ਨੂੰ ਲੜੀ ਵਾਰ ਪਾਠਕਾਂ ਲਈ 'ਆਤਮ ਮਾਰਗ' ਵਿਚ ਦੇ ਰਹੇ ਹਾਂ।

## ਪਹਿਲਾ ਅਧਿਆਇ

### ਮੇਰੇ ਗੁਰੂ ਤੇ ਮਾਤਾ ਪਿਤਾ

ਮੇਰੇ ਪਿਤਾ ਇਕ ਉੱਚ ਕੋਟੀ ਦੇ ਵਿਦਵਾਨ ਤੇ ਅਧਿਆਤਮਕ ਪੁਰਸ਼ ਸਨ। ਹਰ ਸਵੇਰ ਨੂੰ ਆਸ ਪਾਸ ਦੇ ਬ੍ਰਾਹਮਣ ਤੇ ਨਿਵਾਸੀ ਉਨ੍ਹਾਂ ਕੋਲ ਵਿਚਾਰ ਵਟਾਂਦਰੇ ਲਈ ਆਇਆ ਕਰਦੇ ਸਨ। ਪਿਤਾ ਜੀ ਆਪਣੀ ਆਰਥਿਕ ਹਾਲਤ ਦੇ ਮੁਤਾਬਿਕ ਇਕ ਬੜੇ ਹੀ ਉਦਾਰ-ਚਿਤ ਸਨ ਤੇ ਮਾਤਾ ਬੜੀ ਹੀ ਸਰਲ, ਦਿਆਲੂ ਤੇ ਦਾਨੀ ਸੀ। ਮੇਰੇ ਪਿਤਾ ਜੀ ਆਪ ਹਲ ਨਹੀਂ ਜੋਤਦੇ ਸਨ। ਕੁਝ ਕਿਸਾਨ ਅਨਾਜ ਪੈਦਾ ਕਰਕੇ ਉਸਦਾ ਇਕ ਨਿਸ਼ਚਿਤ ਹਿੱਸਾ ਦੇ ਜਾਇਆ ਕ੍ਰਦੇ। ਉਹ ਆਪਣੇ ਸਵੈ ਅਧਿਐਨ ਤੇ ਧਿਆਨ ਵਿਚ ਹੀ ਰਹਿੰਦੇ।

ਇਕ ਵਾਰੀ ਦੀ ਗੱਲ ਹੈ ਕਿ ਉਹ ਬਿਨਾਂ ਕਿਸੇ ਨੂੰ ਦੱਸੇ, ਛੇ ਮਹੀਨੇ ਲਈ ਘਰੋਂ ਚਲੇ ਗਏ ਸੀ ਕਿਉਂਜੋ ਉਹ ਇਹ ਮਹਿਸੂਸ ਕਰਦੇ ਸਨ ਕਿ ਉਹ ਘਰ ਵਿਚ ਰਹਿ ਕੇ ਸਾਧਨਾ ਨਹੀਂ ਕਰ ਸਕਦੇ। ਉਹ ਗੰਗਾ ਤੋਂ ਪਾਰ 'ਮਨਸਾ ਦੇਵੀ' ਦੇ ਕੋਲ ਪਰਬਤ ਤੇ ਸਾਧਨਾ ਕਰਦੇ ਰਹੇ। ਮੇਰੇ ਗੁਰੂਦੇਵ ਭਰਮਣ ਕਰਦੇ ਇਕ ਦਿਨ ਓਧਰ ਆ ਨਿਕਲੇ ਤੇ ਉਸ ਅਸਥਾਨ ਤੇ ਪਹੁੰਚੇ ਜਿਥੇ ਪਿਤਾ ਜੀ ਸਾਧਨਾ ਕਰ ਰਹੇ ਸੀ। ਗੁਰੂਦੇਵ ਨੂੰ ਦੇਖਦਿਆਂ ਹੀ ਪਿਤਾ ਜੀ ਨੂੰ ਪ੍ਰਤੀਤ ਹੋਇਆ ਕਿ ਇਹ ਮਹਾਂਪੁਰਖ ਮੇਰਾਂ ਮਾਰਗ ਦਰਸ਼ਨ ਕਰਨਗੇ। ਪਹਿਲੀ ਭੇਟ ਵਿਚ ਹੀ ਗੁਰੂ-ਸ਼ਿਸ਼ ਦਾ ਆਤਮਕ ਪੱਧਰ ਤੇ ਮੇਲ ਹੋ ਗਿਆ ਤੇ ਬਜਰ ਕਪਾਟ ਖੁਲ੍ਹ ਗਏ ਜੋ ਕਿ ਕੇਵਲ ਗੁਰੂ ਕ੍ਰਿਪਾ ਨਾਲ ਹੀ ਖੁਲ੍ਹਦੇ ਹਨ ਕਿਉਂਕਿ ਕੁੰਜੀ ਗੁਰੂ ਕੋਲ ਹੈ। ਗੁਰੂਦੇਵ ਇਕ ਹਫਤਾ ਪਿਤਾ ਜੀ ਕੋਲ ਰਹੇ



ਤੇ ਉਸ ਤੋਂ ਉਪਰੰਤ ਪਿਤਾ ਜੀ ਨੂੰ ਘਰ ਮੁੜ ਜਾਣ ਲਈ ਕਿਹਾ।

ਪਿਤਾ ਜੀ ਦੇ ਮੁੜ ਆਉਣ ਦੀ ਆਸ ਛੱਡ ਬੈਠੀ ਮਾਂ ਕਠਿਨ ਤੋਂ ਕਠਿਨ ਬਰਤ ਰੱਖ ਕੇ, ਤਪੱਸਿਆ ਕਰਕੇ ਤਨਮਯ ਹੋ ਚੁੱਕੀ ਸੀ। ਘਰ ਪਹੁੰਚ ਕੇ ਪਿਤਾ ਜੀ ਨੇ ਮਾਂ ਨੂੰ ਗੁਰੂਦੇਵ ਦਾ ਮਿਲਣਾ, ਤੇ ਪਿਤਾ ਜੀ ਦਾ ਉਨ੍ਹਾਂ ਪਾਸੋਂ ਦੀਕਸ਼ਾ ਲੈਣਾ ਦਸਿਆ। ਇਹ ਵੀ ਦੱਸਿਆ ਕਿ ਭਾਵੇਂ ਅਸੀਂ ਬ੍ਰਿਧ ਹੋ ਗਏ ਹਾਂ ਪਰ ਸਾਡੇ ਘਰ ਜੋ ਪੁੱਤਰ ਪੈਦਾ ਹੋਏਗਾ, ਉਹ ਗੁਰੂਦੇਵ ਦੀ ਹੀ ਦੇਣ ਹੋਵੇਗੀ।

ਦੋ ਵਰ੍ਹੇ ਬਾਦ ਗੁਰੂਦੇਵ, ਪਿਤਾ ਜੀ ਦੇ ਘਰ ਆਏ। ਜਿਸ ਵਕਤ ਗੁਰੂਦੇਵ ਆਏ, ਪਿਤਾ ਜੀ ਰਾਤ ਦਾ ਪ੍ਰਸ਼ਾਦਾ ਛਕਣ ਵਾਸਤੇ ਬੈਠੇ ਹੀ ਸਨ। ਗੁਰੂਦੇਵ ਨੇ ਜਦੋਂ ਬੂਹਾ ਖੜਕਾਇਆ, ਮਾਂ ਨੇ ਕਿਹਾ, "ਮੈਂ ਆਪਣੇ ਪਤੀ ਨੂੰ ਪ੍ਰਸ਼ਾਦਾ ਛਕਾ ਰਹੀ ਹਾਂ। ਤੁਸੀਂ ਬੈਠੋ, ਮੈਂ ਉਸ ਤੋਂ ਬਾਦ ਹੀ ਭੀਖਿਆ ਦੇਵਾਂਗੀ।" ਪਰ ਪਿਤਾ ਜੀ ਉਸੇ ਵਕਤ ਉਠੇ ਤੇ ਬੂਹਾ ਖੋਲ੍ਹਿਆ। ਗੁਰੂਦੇਵ ਕਹਿਣ ਲਗੇ, "ਮੈਂ ਭੀਖਿਆ ਲੈਣ ਨਹੀਂ ਆਇਆ। ਮੈਂ ਕੇਵਲ ਗੁਰੂ ਦਖਸ਼ਣਾ ਚਾਹੁੰਦਾ ਹਾਂ।" ਪਿਤਾ ਜੀ ਨੇ ਕਿਹਾ, "ਜੋ ਮੇਰਾ ਹੈ, ਉਹ ਸਭ ਆਪ ਦਾ ਹੈ।" ਗੁਰੂਦੇਵ ਨੇ ਕਿਹਾ, "ਤੁਸੀਂ ਆਪਣਾ ਪੁੱਤਰ ਮੈਨੂੰ ਦੇ ਦਿਓ।" ਉਤਰ ਵਿਚ ਮਾਤਾ ਪਿਤਾ ਨੇ ਕਿਹਾ ਕਿ ਜੇ ਇਸ ਉਮਰ ਵਿਚ ਪੁੱਤਰ ਹੋਇਆ ਤਾਂ ਇਹ ਇਕ ਬੜੀ ਹੀ ਅਦਭੁੱਤ ਘਟਨਾ ਹੋਵੇਗੀ। ਪਰ ਜੇ ਕਿਤੇ ਹੋ ਗਿਆ ਤਾਂ ਉਹ ਕੇਵਲ ਆਪ ਦਾ ਹੀ ਹੋਵੇਗਾ। ਉਸ ਦਿਨ ਤੋਂ ਠੀਕ ਅਠਾਰਾਂ ਮਹੀਨੇ ਬਾਦ ਮੇਰਾ ਜਨਮ ਹੋਇਆ।

ਮੇਰੇ ਜਨਮ ਦਿਹਾੜੇ ਤੇ ਮੇਰੇ ਗੁਰੂਦੇਵ ਆਏ ਤੇ ਕਿਹਾ, "ਇਹ ਬੱਚਾ ਮੈਨੂੰ ਦੇ ਦਿਓ।" ਕੁਦਰਤੀ ਗੱਲ ਸੀ ਕਿ ਮਾਂ ਦੇਣ ਨੂੰ ਤਿਆਰ ਨਾ ਹੋਈ। ਪਿਤਾ ਜੀ ਨੇ ਵੀ ਮਾਂ ਨੂੰ ਕਿਹਾ ਕਿ ਉਹ ਗੁਰੂ ਦੀ ਆਗਿਆ ਦਾ ਪਾਲਣ ਕਰਨ। ਗੁਰੂਦੇਵ ਨੇ ਮੈਨੂੰ ਕੁਛ ਦੇਰ ਆਪਣੇ ਹੱਥਾਂ ਵਿਚ ਫੜਿਆ ਤੇ ਮਾਂ ਨੂੰ ਵਾਪਸ ਦਿੰਦੇ ਹੋਏ ਕਿਹਾ, "ਬੱਚੇ ਦੀ ਦੇਖ ਭਾਲ ਕਰੋ, ਮੈਂ ਫੇਰ ਇਸਨੂੰ ਆ ਕੇ ਲੈ ਜਾਵਾਂਗਾ।"

ਕੁਛ ਦੇਰ ਪਿਛੋਂ ਗੁਰੂਦੇਵ ਮੈਨੂੰ ਦੇਖਣ ਆਏ ਤੇ ਉਨ੍ਹਾਂ ਨੇ ਮੇਰੇ ਸੱਜੇ ਕੰਨ ਵਿਚ ਮੰਤਰ ਦਿਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਮੰਤਰ ਤਾਂ ਮੈਂ ਜਪਦਾ ਹੀ ਰਹਿੰਦਾ ਹਾਂ। ਉਹ ਕਹਿਣ ਲੱਗੇ, "ਮੈਨੂੰ ਪਤਾ ਹੈ। ਮੈਂ ਕੇਵਲ ਇਹ ਦ੍ਰਿੜ ਕਰ ਰਿਹਾ ਹਾਂ ਕਿ ਕੀ ਏਹੀ ਤੇਰਾ ਮੰਤਰ ਹੈ?"

ਬਚਪਨ ਤੋਂ ਹੀ ਮੈਨੂੰ ਮਾਤਾ ਪਿਤਾ, ਕਿਸੇ ਨਾਲ ਕੋਈ ਲਗਾਵ ਨਹੀਂ ਸੀ। ਮੇਰੇ ਹਿਰਦੇ ਵਿਚ ਗੁਰੂਦੇਵ ਦੀ ਹੀ ਮੂਰਤ ਬਣੀ ਰਹਿੰਦੀ ਤੇ ਮੈਂ ਉਸੇ ਦੇ ਅਹਿਸਾਸ ਵਿਚ ਵਿਚਰਦਾ ਰਹਿੰਦਾ। ਗੁਰੂ ਦਾ ਸਿਮਰਣ ਕਰਦਿਆਂ ਮੈਨੂੰ ਮੇਰੇ ਮਾਤਾ ਪਿਤਾ ਅਣਪਛਾਤੇ ਲਗਣ ਲਗ ਪਏ। ਮੈਂ ਰੋਜ਼ ਇਹ ਹੀ ਸੋਚਦਾ ਸੀ ਕਿ ਇਹ ਮੇਰਾ ਸਥਾਨ ਨਹੀਂ, ਇਥੇ ਮੇਰਾ ਕੋਈ ਨਹੀਂ। ਕਦੇ-ਕਦੇ ਮਾਂ ਮੇਰੇ ਸੱਜੇ ਕੰਨ ਦੇ ਛੇਕ ਨੂੰ ਦੇਖਦੀ ਤੇ ਰੋਣ ਲਗ ਪੈਂਦੀ ਤੇ ਕਹਿੰਦੀ, "ਇਕ ਦਿਨ ਤੂੰ ਸਾਡੇ ਕੋਲੋਂ ਚਲਾ ਜਾਏਂਗਾ।" ਮੈਂ ਆਪਣੇ ਮਾਤਾ ਪਿਤਾ ਨੂੰ ਪਿਆਰ ਤਾਂ ਕਰਦਾ ਸੀ ਪਰ ਰੋਜ਼ ਉਸ ਦਿਨ ਦੀ ਉਡੀਕ ਵਿਚ ਸੀ ਜਦੋਂ ਗੁਰੂਦੇਵ ਮੈਨੂੰ ਲੈ ਜਾਣਗੇ। ਮੈਨੂੰ ਬਚਪਨ ਵਿਚ ਇਹ ਯਾਦ ਸੀ ਕਿ ਮੇਰੇ ਜੀਵਨ ਦਾ ਲਕਸ਼ ਕੇਵਲ ਪਿਛਲੇ ਜਨਮ ਦੇ ਅਧੂਰੇ ਕੰਮ ਪੂਰੇ ਕਰਨਾ ਹੈ। ਬਚਪਨ ਵਿਚ ਮੈਨੂੰ ਪਿਛਲੇ ਜਨਮ ਦੀਆਂ ਸਾਰੀਆਂ ਗੱਲਾਂ ਯਾਦ ਸਨ।

ਅਕਸਰ ਮੇਰੀ ਨੀਂਦਰ ਰਾਤ ਨੂੰ ਖੁੱਲ੍ਹ ਜਾਂਦੀ ਕਿਉਂਕਿ ਗੁਰੂਦੇਵ ਬਾਰ-ਬਾਰ ਸੁਪਨੇ ਵਿਚ ਆਉਂਦੇ। ਇਸ ਗੱਲ ਨੇ ਮਾਤਾ ਪਿਤਾ ਨੂੰ ਬਹੁਤ ਚਿੰਤਾ-ਜਨਕ ਕਰ ਦਿਤਾ ਤੇ ਉਨ੍ਹਾਂ ਨੇ ਕਿਸੇ ਵੈਦ, ਸਿਆਣੇ ਤੇ ਬ੍ਰਾਹਮਣ ਨੂੰ ਨਹੀਂ ਛੱਡਿਆ ਜਿਸ ਤੋਂ ਨਾ ਪੁੱਛਿਆ ਹੋਵੇ। ਏਨੇ ਵਿਚ ਹੀ ਗੁਰੂਦੇਵ ਦਾ ਸੁਨੇਹਾ ਆ ਗਿਆ ਕਿ ਚਿੰਤਾ ਦੀ ਕੋਈ ਲੋੜ ਨਹੀਂ।

ਏਸ ਸਮੇਂ ਹੀ ਪਿੰਡ ਵਿਚ ਦੋ ਬ੍ਰਿਧ ਮਾਤਾਵਾਂ ਰਹਿੰਦੀਆਂ ਸਨ ਜਿਨ੍ਹਾਂ ਕੋਲ ਮੈਂ ਆਮ ਤੌਰ ਤੇ ਬੈਠਦਾ ਸੀ। ਉਹ ਮੈਨੂੰ ਸਦਾ ਹੀ ਸਕੂਲ ਜਾਣ ਵਾਸਤੇ ਪ੍ਰੇਰਨਾ ਕਰਦੀਆਂ। ਉਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਸਕੂਲ ਚਲਾ ਤਾਂ ਗਿਆ ਪਰ ਛੇਤੀ ਹੀ ਛੱਡ ਦਿਤਾ ਕਿਉਂਕਿ ਮੇਰੀ ਰੁਚੀ ਉਸ ਸਿਖਿਆ ਵਿਚ ਨਹੀਂ ਸੀ।

ਥੋੜ੍ਹੇ ਸਾਲਾਂ ਬਾਦ ਮੇਰੇ ਮਾਤਾ ਪਿਤਾ ਚਲ ਵਸੇ ਤੇ ਮੈਂ ਗੁਰੂਦੇਵ ਕੋਲ ਚਲਾ ਗਿਆ। ਉਨ੍ਹਾਂ ਨੇ ਮੈਨੂੰ ਅਨੁਸ਼ਾਸ਼ਨ ਵਿਚ ਲਿਆਉਣਾ ਸ਼ੁਰੂ ਕੀਤਾ ਜੋ ਕਿ ਕਾਫੀ ਕਠਿਨ ਸੀ। ਮਾਤਾ ਪਿਤਾ ਦਾ ਨਾਂ ਮੇਰੇ ਮੂੰਹੋਂ ਘਟ ਹੀ ਨਿਕਲਦਾ ਸੀ ਕਿਉਂਕਿ ਮੈਨੂੰ ਉਹ ਸਭ ਕੁਝ ਪ੍ਰਾਪਤ ਸੀ ਜੋ ਇਕ ਮਾਤਾ ਪਿਤਾ ਆਪਣੀ ਸੰਤਾਨ ਨੂੰ ਦੇ ਸਕਦੇ ਸਨ। ਮੇਰੇ ਗੁਰੂਦੇਵ, ਮੇਰੇ ਮਾਤਾ ਪਿਤਾ ਸਭ ਤੋਂ ਵੱਧ ਸੀ।

ਮੇਰੇ ਮਨ ਵਿਚ ਜੋ ਹੁੰਦਾ, ਗੁਰੂਦੇਵ ਉਸ ਨੂੰ ਜਾਣ ਲੈਂਦੇ, ਜੇ ਕਦੇ ਮੇਰਾ ਧਿਆਨ ਕਰਨ ਨੂੰ ਜੀਅ ਨਾ ਕਰਦਾ, ਉਹ ਮੈਨੂੰ ਦੇਖਕੇ ਮੁਸਕਰਾ ਪੈਂਦੇ। ਮੈਂ ਪੁੱਛਦਾ, "ਤੁਸੀਂ ਕਿਉਂ ਮੁਸਕਰਾਏ?" ਉਹ ਕਹਿੰਦੇ, "ਤੂੰ ਧਿਆਨ ਨਹੀਂ ਕਰਨਾ ਚਾਹੁੰਦਾ।"

ਇਸ ਗੱਲ ਨੇ ਮੈਨੂੰ ਬੜਾ ਬਲ ਦਿਤਾ। ਮੈਨੂੰ ਇਹ ਪਤਾ ਲਗ ਗਿਆ ਕਿ ਗੁਰੂਦੇਵ ਮੈਨੂੰ ਕੇਵਲ ਕਰਮ ਤੇ ਲੇਖਣੀ ਨਾਲ ਹੀ ਨਹੀਂ ਪੜ੍ਹਾ ਰਹੇ, ਉਹ ਤਾਂ ਮੈਨੂੰ ਮਨੋ-ਨਿਗਰਹਿ ਸੋਚ ਤੇ ਸਵੈ-ਅਧਿਐਨ ਤੇ ਬਹੁਤ ਜ਼ੋਰ ਪਾ ਰਹੇ ਹਨ। ਮੈਂ ਆਪਣੇ ਮਨ ਵਿਚ ਉਠਦੇ ਅਸ਼ੁਭ ਵਿਚਾਰਾਂ ਨੂੰ ਦੇਖ ਕੇ ਸਹਿਮ ਜਾਂਦਾ। ਹਰ ਅਵਸਥਾ ਵਿਚ ਉਨ੍ਹਾਂ ਦਾ ਪਿਆਰ ਮੇਰੇ ਜੀਵਨ ਦਾ ਧੇਅ ਬਣਿਆ ਰਿਹਾ। ਉਹ ਕਦੇ ਵੀ ਮੇਰੇ ਵਿਚਾਰਾਂ ਨੂੰ ਖਤਮ ਨਹੀਂ ਸਨ ਕਰਨਾ ਚਾਹੁੰਦੇ ਪਰ ਉਨ੍ਹਾਂ ਤੇ ਵਿਸ਼ਲੇਸ਼ਨ ਕਰਨ ਦਾ ਮਾਰਗ ਦਰਸਾਉਂਦੇ ਰਹੇ। ਸ਼ਿਸ਼ ਭਾਵੇਂ ਕਿੰਨਾਂ ਵੀ ਅੱਲ੍ਹੜ ਕਿਉਂ ਨਾ ਹੋਵੇ, ਸੱਚਾ ਗੁਰੂ ਕਦੇ ਵੀ ਉਸ ਨੂੰ ਦੁਰਕਾਰਦਾ ਨਹੀਂ। ਬ੍ਰਹਮਗਿਆਨੀ ਸਦਾ ਹੀ ਬੇ-ਸਮਝ ਨੂੰ ਮੁਆਫ ਕਰਦੇ ਹਨ। ਗੁਰੂ ਸਦਾ ਹੀ ਸ਼ਾਂਤ ਤੇ ਸਰਲ ਹੋ ਕੇ ਸ਼ਿਸ਼ ਦੀ ਮਦਦ ਕਰਦੇ ਹੋਏ ਉਸਨੂੰ ਕਮਜ਼ੋਰੀਆਂ ਤੋਂ ਮੁਕਤ ਕਰਾਉਂਦੇ ਹਨ। ਇਕ ਮਾਂ ਦੀ ਤਰ੍ਹਾਂ ਗੁਰੂ ਆਪਣੇ ਸ਼ਿਸ਼ ਦੀਆਂ ਮੂਰਖਤਾਵਾਂ ਨੂੰ ਚਿਤਾਰਦਾ ਨਹੀਂ, ਸਗੋਂ ਸਦਾ ਹੀ ਉਸ ਦੇ ਵਿਕਾਸ ਬਾਰੇ ਸੋਚਦਾ ਹੈ। ਜਿਵੇਂ ਇਕ ਮਾਂ, ਬੱਚੇ ਦੀ ਪਾਲਣਾ ਬੜੇ ਹੀ ਪ੍ਰੇਮ, ਸਰਲਤਾ ਤੇ ਸਹਿਜ ਸੁਭਾਉ ਨਾਲ ਕਰਦੀ ਹੈ, ਠੀਕ ਉਸੇ ਤਰ੍ਹਾਂ ਹੀ ਗੁਰੂ ਆਪਣੇ ਸ਼ਿਸ਼ ਲਈ ਕਰਦਾ ਹੈ।

ਮੈਂ ਕਦੇ ਨਹੀਂ ਸਮਝ ਸਕਿਆ ਕਿ ਮਾਤਾ ਪਿਤਾ ਆਪਣੇ ਬੱਚੇ ਨੂੰ ਕੀ ਦੇ ਸਕਦੇ ਹਨ। ਮੇਰੇ ਗੁਰੂ ਨੇ ਕੇਵਲ ਓਨਾਂ ਹੀ ਨਹੀਂ; ਉਸ ਤੋਂ ਕਿਤੇ ਵਧੀਕ ਮੈਨੂੰ ਦਿਤਾ। ਮੇਰੇ ਕੋਲ ਹੈ ਹੀ ਕੀ ਸੀ ਜੋ ਮੈਂ ਉਨ੍ਹਾਂ ਦੀ ਭੇਟ ਕਰਦਾ। ਉਨ੍ਹਾਂ ਲਈ ਮੇਰੇ ਹਿਰਦੇ ਵਿਚ ਅਪਾਰ ਸ਼ਰਧਾ ਹੈ। ਉਨ੍ਹਾਂ ਨੇ ਮੇਰੇ ਲਈ ਸਭ ਕੁਝ ਕੀਤਾ, ਮੈਨੂੰ ਪੜ੍ਹਾਇਆ,

ਅਧਿਆਤਮਕ ਮਾਰਗ ਤੇ ਖੜ੍ਹਾ ਕੀਤਾ ਤੇ ਮੈਂ ਉਨ੍ਹਾਂ ਲਈ ਕੁਝ ਵੀ ਨਹੀਂ ਕਰ ਸਕਿਆ। ਸੱਚੇ ਗੁਰੂ, ਸ਼ਿਸ਼ ਕੋਲੋਂ ਕਿਸੇ ਵੀ ਚੀਜ਼ ਦੀ ਚੇਸ਼ਟਾ ਨਹੀਂ ਕਰਦੇ। ਆਪਣੇ ਸ਼ਿਸ਼ ਨੂੰ ਕੇਵਲ ਸਹਰਸ ਹੀ ਦਿੰਦੇ ਹਨ।

ਸੱਚਾ ਗੁਰੂ ਨਿਰਸੁਆਰਥੀ, ਮਾਤਾ ਪਿਤਾ ਨਾਲੋਂ ਵੱਧ ਸ਼ਿਸ਼ ਨੂੰ ਪਿਆਰ ਕਰਨ ਵਾਲਾ ਹੁੰਦਾ ਹੈ। ਪਿਤਾ ਕੇਵਲ ਗਿਆਨ ਦੇ ਕੇ ਦੁਨੀਆਂ ਵਿਚ ਰਹਿਣ ਦੇ ਯੋਗ ਬਣਾਉਂਦਾ ਹੈ, ਗੁਰੂ ਉਹ ਗਿਆਨ ਦੇਂਦਾ ਹੈ ਜੋ ਮਾਤਾ ਪਿਤਾ ਨਹੀਂ ਦੇ ਸਕਦੇ। ਸਿਵਾਏ ਗੁਰੂ ਦੇ, ਇਹ ਗੁਣ ਕਿਸੇ ਹੋਰ ਵਿਚ ਮੈਨੂੰ ਨਹੀਂ ਲੱਭਿਆ। ਮਾਤਾ ਪਿਤਾ ਜਨਮ ਦੇਂਦੇ ਹਨ, ਪਾਲਣ-ਪੋਸ਼ਣ ਕਰਕੇ ਵੱਡਾ ਕਰਦੇ ਹਨ, ਆਪਣੀ ਸਾਰੀ ਦੌਲਤ ਦੇਂਦੇ ਹਨ, ਪਰ ਗੁਰੂ ਉਹ ਗਿਆਨ ਦੇਂਦਾ ਹੈ ਜਿਸ ਨਾਲ ਜੀਵਨ ਦਾ ਲਕਸ਼ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਮਾਤਾ ਪਿਤਾ ਆਪਣੀ ਸੰਪਤੀ ਬੱਚਿਆਂ ਨੂੰ ਸੌਂਪਦੇ ਹਨ, ਠੀਕ ਉਸੇ ਪ੍ਰਕਾਰ ਹੀ ਗੁਰੂ ਆਪਣੀ ਦੈਵੀ ਸੰਪਤੀ ਸ਼ਿਸ਼ ਨੂੰ ਦੇਂਦਾ ਹੈ। ਗੁਰੂ ਸ਼ਿਸ਼ ਵਿਚ ਅਦੁੱਤੀ ਪ੍ਰੇਮ ਦੀ ਲਹਿਰ ਪਰਸਪਰ ਚਲਦੀ ਰਹਿੰਦੀ ਹੈ ਜਿਸ ਦਾ ਸਬੰਧ ਬੁੱਧੀ ਨਾਲ ਨਾ ਹੋ ਕੇ ਕੇਵਲ ਹਿਰਦੇ ਨਾਲ ਹੁੰਦਾ ਹੈ। ਸੱਚੇ ਗੁਰੂ, ਪਰੰਪਰਾ ਅਨੁਸਾਰ ਚੇਲਿਆਂ ਨੂੰ ਆਪਣਾ ਅਦਭੁੱਤ ਅਨੁਭਵ ਦਿੰਦੇ ਹੋਏ ਉਨ੍ਹਾਂ ਦੇ ਜੀਵਨ ਨੂੰ ਇਕ ਦਿਸ਼ਾ ਦਿੰਦੇ ਰਹਿੰਦੇ ਹਨ।

ਕੁਝ ਦੇਰ ਗੁਰੂਦੇਵ ਨੇ ਆਪਣੇ ਕੋਲ ਰੱਖ ਕੇ ਮੈਨੂੰ ਮੇਰੇ ਗੁਰ ਭਾਈ, ਜੋ ਗੰਗੋਤਰੀ ਰਹਿੰਦੇ ਸਨ, ਉਨ੍ਹਾਂ ਕੋਲ ਭੇਜ ਦਿਤਾ। ਉਨ੍ਹਾਂ ਨੇ ਮੈਨੂੰ ਅਧਿਆਤਮ ਗ੍ਰੰਥ ਪੜ੍ਹਾਉਣੇ ਸ਼ੁਰੂ ਕੀਤੇ। ਮੈਨੂੰ ਉਹ ਬਹੁਤ ਪਿਆਰ ਕਰਦੇ ਸਨ ਪਰ ਮੇਰੀਆਂ ਸ਼ਰਾਰਤਾਂ ਤੋਂ, ਤੇ ਸਾਧੂਆਂ ਨਾਲ ਨੋਕ-ਝੋਕ ਤੋਂ ਬਹੁਤ ਦੁਖੀ ਰਹਿੰਦੇ। ਮੇਰੇ ਸੁਭਾਅ ਤੋਂ ਅੱਕ ਕੇ ਉਹ ਗੁਰੂਦੇਵ ਨੂੰ ਚਿੱਠੀ ਲਿਖ ਦਿੰਦੇ ਤੇ ਫੇਰ ਗੁਰਦੇਵ ਮੈਨੂੰ ਆਪਣੇ ਕੋਲ ਬੁਲਾ ਲੈਂਦੇ, ਕੁਝ ਦੇਰ ਕੋਲ ਰੱਖ ਕੇ ਫੇਰ ਵਾਪਸ ਭੇਜ ਦਿੰਦੇ। ਮੈਨੂੰ ਸੀਮਤ ਜੀਵਨ ਪਸੰਦ ਨਹੀਂ ਸੀ ਤੇ ਇਹ ਵੀ ਨਹੀਂ ਅੱਛਾ ਲਗਦਾ ਸੀ ਕਿ ਕੋਈ ਮੇਰੇ ਤੇ ਕਰੜੇ ਨਿਯਮ ਲਾਗੂ ਕਰੇ, ਤੇ ਇਹ ਉਮੀਦ ਕਰੇ ਕਿ ਮੈਂ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਾਂ। ਇਸ ਵਿਸ਼ੇ ਨੂੰ ਲੈ ਕੇ ਮੇਰੀ, ਗੁਰ ਭਾਈ ਨਾਲ ਬਹਿਸ ਹੋ ਜਾਂਦੀ ਤੇ ਤਣਾਓ ਪੈਦਾ ਹੋ ਜਾਂਦਾ ਪਰ ਇਹ ਬਹੁਤ ਘਟ ਹੀ ਹੋਇਆ। ਉਨ੍ਹਾਂ ਦੇ ਅਥਾਹ ਪ੍ਰੇਮ ਨੇ ਮੇਰੇ ਸੁਭਾਅ ਨੂੰ ਹੌਲੀ-ਹੌਲੀ ਗੰਭੀਰ ਬਣਾ ਦਿਤਾ।

ਇਕ ਦਿਨ ਮੈਨੂੰ ਆਪਣੇ ਗੁਰ ਭਾਈ ਦੇ ਜਨਮ ਸਥਾਨ ਬਾਰੇ ਜਾਨਣ ਦੀ ਤੀਬਰ ਇੱਛਾ ਹੋਈ। ਮੈਂ ਉਨ੍ਹਾਂ ਨੂੰ ਜ਼ੋਰ ਪਾਇਆ ਕਿ ਮੈਨੂੰ ਆਪਣੇ ਜਨਮ ਸਥਾਨ ਬਾਰੇ ਦੱਸੋ। ਮੈਨੂੰ ਨਹੀਂ ਸੀ ਪਤਾ ਕਿ ਸੰਨਿਆਸ ਲੈਣ ਤੋਂ ਬਾਦ ਜਨਮ ਸਥਾਨ ਤੇ ਪਿਛਲੇ ਜੀਵਨ ਦੀ ਚਰਚਾ ਨਹੀਂ ਕਰਦੇ; ਨਾ ਜਨਮ, ਨਾ ਉਮਰ, ਕਿਸੇ ਵੀ ਗੱਲ ਦੀ ਚਰਚਾ, ਜੋ ਪਿਛਲੇ ਜੀਵਨ ਨਾਲ ਸਬੰਧਤ ਹੋਵੇ, ਨਹੀਂ ਕਰਦੇ। ਸੰਨਿਆਸ ਲੈਣ ਸਮੇਂ ਉਹ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਜੋ ਮਰਣ ਉਪਰੰਤ ਕੀਤੀਆਂ ਜਾਂਦੀਆਂ ਹਨ ਤੇ ਪੂਰੇ ਵੈਰਾਗ ਨਾਲ ਪਿਛਲੇ ਸਬੰਧੀਆਂ ਤੇ ਸਥਾਨ ਨੂੰ ਭੁਲਾ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਰਨਾ, ਸਾਧਨਾ ਦਾ ਹੀ ਇਕ ਹਿੱਸਾ, ਇਕ ਅੰਗ ਹੈ।

ਸਾਧਕ ਉਸ ਜਨਮ ਨੂੰ ਪਿਛਲਾ ਜਨਮ ਹੀ ਸਮਝਦਾ ਹੈ। ਪਰ ਜਦੋਂ ਮੈਂ ਬਹੁਤ ਜਿੱਦ ਕੀਤੀ ਤਾਂ ਉਨ੍ਹਾਂ ਨੇ ਬੜੇ ਹੀ ਸੰਖੇਪ ਵਿਚ ਦੱਸਿਆ ਤੇ ਜਦੋਂ ਮੈਂ ਇਸੇ ਤਰ੍ਹਾਂ ਦੀ ਜਿੱਦ ਗੁਰੂਦੇਵ ਨਾਲ ਕੀਤੀ ਤਾਂ ਉਨ੍ਹਾਂ ਨੇ ਸੰਖੇਪ ਵਿਚ ਦੱਸਿਆ ਕਿ ਉਹ ਬੰਗਾਲ ਵਿਚ ਇਕ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਤੇ ਉਨ੍ਹਾਂ ਦਾ ਸਾਰਾ ਪਰਿਵਾਰ, ਹਿਮਾਲੀਆ ਦੇ ਇਕ ਮਹਾਨ ਸੰਤਾਂ ਦੀ ਦੇਣ ਸੀ। ਉਹ ਸੰਤ ਹਿਮਾਲੀਆ ਤੋਂ ਉਤਰ ਕੇ ਕਦੇ ਕਦੇ ਉਸ ਪਾਸੇ ਚੱਕਰ ਲਾਇਆ ਕਰਦੇ ਸਨ ਤੇ ਬਚਪਨ ਵਿਚ ਹੀ ਮਾਤਾ ਪਿਤਾ ਤੋਂ ਅਲੱਗ ਹੋ ਕੇ ਆਪਣੇ ਗੁਰੂਦੇਵ ਨਾਲ ਚਲੇ ਗਏ ਸਨ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਗੁਰੂਦੇਵ ਨੇ ਹੀ ਕੀਤਾ। ਜਿਸ ਸਮੇਂ ਗੁਰੂਦੇਵ ਇਹ ਗੱਲ ਦੱਸ ਰਹੇ ਸਨ, ਉਦੋਂ ਉਨ੍ਹਾਂ ਦੀ ਉਮਰ ਅੱਸੀ ਸਾਲ ਦੀ ਸੀ। ਭਾਵੇਂ ਉਹ ਬੰਗਾਲੀ ਨਹੀਂ ਸਨ ਬੋਲਦੇ, ਪਰ ਉਨ੍ਹਾਂ ਦੀ ਬੋਲ ਚਾਲ ਵਿਚ ਬੰਗਾਲੀ ਭਾਸ਼ਾ ਦੀ ਝਲਕ ਬੜੀ ਪ੍ਰਤੱਖ ਸੀ। ਕਦੀ ਕਦੀ ਉਹ ਬੰਗਾਲੀ ਗੀਤ ਗਾਇਆ ਕਰਦੇ ਸਨ। ਉਹ ਸੰਸਕ੍ਰਿਤ ਦੇ ਵਿਦਵਾਨ ਹੁੰਦੇ ਹੋਏ, ਅੰਗਰੇਜ਼ੀ ਤੇ ਹੋਰ ਕਈ ਭਾਸ਼ਾਵਾਂ ਵਿਚ ਵੀ ਪ੍ਰਪੱਕ ਸਨ।

ਇਕ ਵਾਰ ਬੰਗਾਲ ਦੀ ਯਾਤਰਾ ਕਰਦੇ ਸਮੇਂ ਮੈਂ ਗੁਰੂਦੇਵ ਦੀ ਜਨਮ ਭੂਮੀ ਦੇ ਵੀ ਦਰਸ਼ਨ ਕੀਤੇ। ਉਥੇ ਉਨ੍ਹਾਂ ਦੇ ਘਰ ਦੀ ਕੋਈ ਵੀ ਨਿਸ਼ਾਨੀ ਬਾਕੀ ਨਹੀਂ ਰਹਿ ਗਈ ਸੀ। ਮੈਂ ਯਾਦ ਵਜੋਂ ਕੁਛ ਬਣਵਾਉਣ ਲਈ ਕਿਹਾ, ਪਰ ਗੁਰੂਦੇਵ ਨੇ ਮਨ੍ਹਾ ਕਰ ਦਿਤਾ। ਉਸ ਪਿੰਡ ਵਿਚ, ਸਿਵਾਏ ਦੋ ਅੱਸੀ ਸਾਲ ਦੀਆਂ ਬਜ਼ੁਰਗ ਮਾਤਾਵਾਂ ਦੇ, ਹੋਰ ਕੋਈ ਵੀ ਗੁਰੂਦੇਵ ਬਾਰੇ ਨਹੀਂ ਜਾਣਦੇ ਸੀ। ਉਨ੍ਹਾਂ ਮਾਤਾਵਾਂ ਨੇ ਦੱਸਿਆ, "ਜਦੋਂ ਗੁਰੂਦੇਵ ਚੌਦਾਂ ਸਾਲਾਂ ਦੇ ਸੀ ਤਾਂ ਹਿਮਾਲੀਆ ਤੋਂ ਕੋਈ ਸੰਤ ਆ ਕੇ ਲੈ ਗਏ ਸੀ। ਇਹ ਗੱਲ ਸਾਨੂੰ ਚੰਗੀ ਤਰ੍ਹਾਂ ਯਾਦ ਹੈ।" ਉਹ ਇਹ ਜਾਨਣ ਲਈ ਬੜੀਆਂ ਹੀ ਉਤਸੁਕ ਸਨ ਕਿ ਗੁਰੂਦੇਵ ਹੁਣ ਕਿਥੇ ਹਨ ਤੇ ਕੀ ਕਰ ਰਹੇ ਹਨ।

ਗੁਰੁਦੇਵ ਹਿਮਾਲੀਆ ਦੀਆਂ ਗੁਫਾਵਾਂ ਵਿਚ ਨਿਵਾਸ ਕਰਦੇ ਹਨ ਤੇ ਦਿਨ ਵਿਚ ਇਕ ਵਾਰੀ ਹੀ ਸੂਰਜ ਨਿਕਲਣ ਵਕਤ ਇਕ ਘੰਟੇ ਲਈ ਬਾਹਰ ਆਉਂਦੇ ਹਨ ਤੇ ਫੇਰ ਗੁਫਾ ਵਿਚ ਵਾਪਸ ਚਲੇ ਜਾਂਦੇ ਹਨ। ਦਿਨ ਵਿਚ ਕੇਵਲ ਦੋ ਵਾਰੀ ਹੀ ਆਪਣੇ ਆਸਣ ਤੋਂ ਉਠਦੇ ਹਨ। ਕਦੇ-ਕਦੇ ਉਹ ਗੁਫਾ ਤੋਂ ਬਾਹਰ ਟਹਿਲਦੇ ਵੀ ਹਨ ਤੇ ਕਦੇ-ਕਦੇ, ਕਈ-ਕਈ ਦਿਨ ਗੁਫਾ ਤੋਂ ਬਾਹਰ ਨਹੀਂ ਆਉਂਦੇ। ਚਾਰ ਪੰਜ ਉਚ ਕੋਟੀ ਦੇ ਸਾਧਕ ਸਦਾ ਹੀ ਉਨ੍ਹਾਂ ਨਾਲ ਹੁੰਦੇ ਸਨ। ਸਰਦੀਆਂ ਵਿਚ ਗੁਰੂਦੇਵ ਆਪਣੇ ਸ਼ਿਸ਼ਿਆਂ ਨੂੰ ਲੈ ਕੇ ਸੱਤ-ਅੱਠ ਹਜ਼ਾਰ ਫੁੱਟ ਦੀ ਉਚਾਈ ਤੋਂ ਨੀਚੇ ਉਤਰ ਆਉਂਦੇ ਹਨ। ਕਦੇ-ਕਦੇ ਉਹ ਨੈਪਾਲ ਵੀ ਚਲੇ ਜਾਂਦੇ ਹਨ ਤੇ ਕੁਝ ਮਹੀਨੇ ਲਈ 'ਨਮਚਾ ਬਜ਼ਾਰ' ਦੇ ਕੋਲ ਹੀ ਟਿਕਦੇ ਹਨ।

ਉਹ ਬੱਕਰੀ ਦਾ ਦੁੱਧ ਪੀਂਦੇ ਹਨ ਤੇ ਸ਼ਾਮ (ਕਾਲੀ) ਗਾਂ ਦਾ ਦੁੱਧ ਪੀਂਦੇ ਹਨ ਜਿਸ ਦੀ ਪਾਲਣ ਪੋਸ਼ਣ 'ਮਾਂ' ਦੇ ਭਗਤ ਨੇ ਕੀਤੀ ਹੁੰਦੀ ਹੈ। ਕਦੀ-ਕਦੀ ਮੈਂ ਗੁਰੂਦੇਵ ਨੂੰ ਦੁੱਧ ਵਿਚ ਪਾਣੀ ਪਾ ਕੇ ਦਿੰਦਾ ਸੀ। ਇਹ ਹੀ ਗੁਰੂਦੇਵ ਦਾ ਅਹਾਰ ਸੀ।

ਮੇਰੇ ਗੁਰੂਦੇਵ, ਨਿਤ ਹੀ ਸਹਿਜ ਸਾਧਨਾ ਵਿਚ ਰਹਿੰਦੇ ਤੇ ਬਹੁਤ ਹੀ ਘਟ ਬੋਲਦੇ ਹਨ। ਇਕ ਵਾਰੀ ਅਸੀਂ ਨੌਂ ਮਹੀਨੇ ਇਕੱਠੇ ਰਹੇ ਤੇ ਬਹੁਤ ਹੀ ਘਟ ਬੋਲੇ ਹੋਵਾਂਗੇ। ਬਹੁਤ ਸਮਾਂ ਅਸੀਂ ਅੱਖਾਂ ਬੰਦ ਕਰਕੇ ਧਿਆਨ ਵਿਚ ਹੀ ਬੈਠੇ ਰਹਿੰਦੇ; ਮੈਂ ਆਪਣਾ ਕੰਮ ਕਰਦਾ, ਉਹ ਆਪਣਾ। ਗੱਲ ਕਰਨ ਦੀ ਕੋਈ ਲੋੜ ਹੀ ਨਹੀਂ ਸੀ। ਅਸੀਂ ਦੋਨੋਂ ਹੀ ਇਕ ਦੂਸਰੇ ਨੂੰ ਸਮਝਦੇ ਸੀ। ਸ਼ਬਦਾਂ ਨਾਲ ਵਿਚਾਰ ਵਟਾਂਦਰਾ ਕਰਨ ਦੀ ਕੋਈ ਲੋੜ ਹੀ ਨਹੀਂ ਸੀ ਹੁੰਦੀ। ਜਦੋਂ ਲੋਕਾਂ ਦੀ ਸੂਝ-ਬੂਝ ਖਤਮ ਹੋ ਜਾਂਦੀ ਹੈ, ਤਾਂ ਹੀ ਉਹ ਇਕ ਦੂਸਰੇ ਨਾਲ ਭਾਸ਼ਾ ਰਾਹੀਂ ਸੰਪਰਕ ਪੈਦਾ ਕਰਦੇ ਹਨ। ਪਰ ਉਥੇ ਤਾਂ ਸਾਡੇ ਦੋਨਾਂ ਵਿਚਾਲੇ ਇਕ ਬੜੇ ਉੱਚ ਪੱਧਰ ਤੇ

(ਬਾਕੀ ਪੰਨਾ 52 ਤੇ)

# ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰੀਚੈ

ਡਾ. ਸ਼ਮਸ਼ੇਰ ਸਿੰਘ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਸਾਰੇ ਲੋਕਾਂ ਨੂੰ ਜੀਵਨ ਸਫਲਤਾ ਲਈ ਅਗਵਾਈ ਦੇਣ ਵਾਲਾ ਧਾਰਮਿਕ ਗ੍ਰੰਥ ਹੈ। ਇਸ ਵਿਚ ਧਾਰਮਿਕ, ਸਮਾਜਿਕ, ਆਰਥਿਕ ਪੱਖਾਂ ਨੂੰ ਇਸ ਢੰਗ ਨਾਲ ਬਿਆਨਿਆ ਗਿਆ ਹੈ ਕਿ ਮਨੁੱਖ ਸੰਸਾਰ, ਭਾਵ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਹੀ ਆਪਣੇ ਜੀਵਨ ਨੂੰ ਸਫਲ ਬਣਾ ਸਕਦਾ ਹੈ। ਗੁਰੂ ਸਾਹਿਬਾਨ ਨੇ ਜੋ ਉਪਦੇਸ਼ ਕੀਤਾ, ਉਹ ਉਨ੍ਹਾਂ ਦੇ ਆਪਣੇ ਜੀਵਨ ਦੇ ਨਿੱਜੀ ਅਨੁਭਵ ਦਾ ਹੀ ਪ੍ਰਗਟਾਵਾ ਸੀ। ਗੁਰੂ ਸਾਹਿਬਾਨ ਦੇ ਜੀਵਨ ਦਾ ਆਦਰਸ਼ ਕੇਵਲ ਸਿਧਾਂਤਕ ਨਹੀਂ ਸੀ, ਸਗੋਂ ਉਨ੍ਹਾਂ ਦੇ ਜੀਵਨ ਦਾ ਅਮਲੀ ਰੂਪ ਸੀ। ਇਸਦੀ ਪੁਸ਼ਟੀ, ਗੁਰਬਾਣੀ ਇਸ ਪ੍ਰਕਾਰ ਕਰਦੀ ਹੈ –

***ਸਤਿਗੁਰ ਕੀ ਐਸੀ ਵਡਿਆਈ॥***
***ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥*** ***ਪੰਨਾ - 661***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ, ਨਾ ਤਾਂ ਪਰੰਪਰਾਗਤ ਧਾਰਮਿਕ ਵਿਚਾਰਾਂ ਦਾ ਸੋਧਿਆ ਹੋਇਆ ਰੂਪ ਹੈ ਅਤੇ ਨਾ ਹੀ ਸਮਕਾਲੀ ਧਾਰਮਿਕ ਚਿੰਤਕਾਂ ਦੇ ਸਮਨਵੇਂ ਖਿਆਲਾਂ ਨੂੰ ਮਿਲਾ ਕੇ ਬਣਾਇਆ ਗਿਆ ਗ੍ਰੰਥ ਹੈ। ਇਹ ਤਾਂ ਅਕਾਲ ਪੁਰਖ ਦੇ ਆਪਣੇ ਬੋਲ ਹਨ –

***ਗੁਰ ਦਰਸਨਿ ਉਧਰੈ ਸੰਸਾਰਾ॥***
***ਜੇ ਕੋ ਲਾਏ ਭਾਉ ਪਿਆਰਾ॥*** ***ਪੰਨਾ - 361***

ਜਿਹੜੇ ਸੰਸਾਰ ਦੇ ਕਲਿਆਣ ਹਿਤ ਪ੍ਰਗਟ ਕਰਨ ਲਈ ਗੁਰੂਆਂ ਨੂੰ ਥਾਪਿਆ ਗਿਆ ਤੇ ਉਨ੍ਹਾਂ ਦੀ ਪਵਿੱਤਰ ਰਸਨਾ ਦੁਆਰਾ ਉਚਾਰਨ ਕਰਵਾਏ ਗਏ। ਜਿਹੜੇ ਖਿਆਲ, ਵਿਚਾਰ, ਸਿਧਾਂਤ ਮਨੁੱਖੀ ਮਨ ਦੀ ਘਾੜਤ ਹੁੰਦੇ ਹਨ, ਉਹ ਸਮੇਂ ਸਥਾਨ ਦੀ ਸੀਮਾਂ ਅੰਦਰ ਹੁੰਦੇ ਹਨ; ਜਿਹੜੇ ਅਗੰਮੀ ਬੋਲ ਅੰਤਹਕਰਨ ਦੁਆਰਾ ਬੋਲੇ ਗਏ ਹੋਣ, ਉਹ ਅਮਰ, ਅਟੱਲ ਤੇ ਸਦੀਵੀ ਹੁੰਦੇ ਹਨ, ਜੈਸਾ ਕਿ ਕਥਨ ਹੈ –



***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ***
***ਹਰਿ ਕਰਤਾ ਆਪਿ ਮੁਹਹੁ ਕਢਾਏ॥***
***ਪੰਨਾ - 308***

ਸ੍ਰੀ ਗੁਰੂ ਗ੍ਰੰਥ ਸਾਹਿਬ, ਸੰਸਾਰਕ ਅਨੇਕਤਾ ਵਿਚ ਰੱਬੀ ਏਕਤਾ ਦਾ ਪ੍ਰਗਟਾਵਾ ਹੈ। ਸਾਰੇ ਜੀਵ ਇਕੋ ਅਲਹ ਦੇ ਨੂਰ ਤੋਂ ਉਪਜੇ ਹੋਣ ਕਰਕੇ ਉਸੇ ਦੀ ਜੋਤ ਹਨ, ਇਸ ਲਈ ਕੋਈ ਮੰਦਾ ਨਹੀਂ ਹੈ। ਸੰਸਾਰ ਦੇ ਸਾਰੇ ਲੋਕਾਂ ਨੂੰ ਇਕੋ ਭਾਈਚਾਰਾ ਸਵੀਕਾਰ ਕਰਨਾ, ਉਸ ਸਮੇਂ ਅੰਦਰ ਇਕ ਕ੍ਰਾਂਤੀਕਾਰੀ ਕਦਮ ਸੀ ਜਦੋਂ ਕਿ ਭਾਰਤ ਦੇਸ਼, ਸਮਾਜਿਕ, ਧਾਰਮਿਕ ਪੱਖ ਤੋਂ ਕਈ ਪ੍ਰਕਾਰ ਦੀਆਂ ਵੰਡੀਆਂ ਵਿਚ ਉਲਝ ਕੇ ਖੇਰੂੰ-ਖੇਰੂੰ ਹੋ ਚੁੱਕਾ ਸੀ। ਉਸ ਸਮੇਂ ਇਹ ਰਚਨਾ ਭਾਵੇਂ ਕਿਸੇ ਪ੍ਰਥਾਇ ਰਚੀ ਗਈ ਸੀ, ਤਦ ਵੀ ਸੰਸਾਰ ਦੇ ਲੋਕਾਂ ਤਾਂਈ ਸਾਂਝੀ ਸੀ ਤੇ ਹੁਣ ਵੀ ਓਹੀ ਪੈਗਾਮ ਦੇ ਰਹੀ ਹੈ –

***ਪਰਥਾਇ ਸਾਖੀ ਮਹਾਪੁਰਖ ਬੋਲਦੇ***
***ਸਾਝੀ ਸਗਲ ਜਹਾਨੈ॥*** ***ਪੰਨਾ - 647***

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੇ ਆਤਮਿਕ ਪੱਖ ਤੋਂ ਭੁੱਖੇ ਜਗਿਆਸੂਆਂ ਲਈ (ਰੱਬੀ) ਦੈਵੀ ਗੁਣਾਂ ਦਾ ਥਾਲ ਪਰੋਸਿਆ ਹੋਇਆ ਹੈ। ਇਸ ਥਾਲ ਵਿਚ –

**ਸਤੁ** – ਜੋ ਭਗਤੀ ਦੇ ਮਨੋਰਥ ਨੂੰ ਪੂਰਾ ਕਰਦਾ ਹੈ;

**ਸੰਤੋਖੁ** – ਜੋ ਕਰਮ ਮਾਰਗ ਦੀ ਦੌੜ ਭੱਜ ਨੂੰ ਥਾਂ ਸਿਰ ਰਖਦਾ ਹੈ;

**ਵੀਚਾਰ** – ਜੋ ਗਿਆਨ ਮਾਰਗ ਦੀਆਂ ਔਕੜਾਂ ਦੂਰ ਕਰਕੇ ਸਹੀ ਸੋਚਣ ਵਿਚ ਸਹਾਈ ਹੁੰਦਾ ਹੈ।

ਇਹ ਜੋ ਜੀਵਨ ਉਧਾਰ (ਕਲਿਆਣ) ਦੀਆਂ ਚੀਜ਼ਾਂ ਹਨ, ਨੂੰ ਅੰਮ੍ਰਿਤ ਰੂਪੀ ਨਾਮ ਨਾਲ ਮਿਲਾ ਕੇ ਖਾਣ ਤੇ ਭੁੰਚਣ ਵਾਸਤੇ ਦਿਤੀਆਂ ਹਨ, ਪ੍ਰੰਤੂ ਅਗਿਆਨਤਾ-ਵਸ, ਜੀਵ ਨੂੰ ਇਨ੍ਹਾਂ ਦੀ ਸੋਝੀ ਨਹੀਂ ਹੈ। ਇਨ੍ਹਾਂ ਵਸ਼ਤਾਂ ਦਾ ਤਿਆਗ ਕਰਨ ਨਾਲ ਆਤਮਿਕ ਮੌਤ ਸਹੇੜਨ ਵਾਲੀ ਗੱਲ ਹੈ। ਇਨ੍ਹਾਂ ਵਸਤਾਂ ਨੂੰ ਹਰ ਰੋਜ਼ ਹਿਰਦੇ ਅੰਦਰ ਵਸਾਉਣ ਨਾਲ ਹੀ ਸੰਸਾਰ ਸਾਗਰ ਤੋਂ ਤਰਿਆ ਜਾ ਸਕਦਾ ਹੈ –

***ਏਹ ਵਸਤੁ ਤਜੀ ਨਹ ਜਾਈ***
***ਨਿਤ ਨਿਤ ਰਖੁ ਉਰਿਧਾਰੋ॥***
***ਤਮ ਸੰਸਾਰੁ ਚਰਨ ਲਗਿ ਤਰੀਐ***
***ਸਭੁ ਨਾਨਕ ਬ੍ਰਹਮ ਪਸਾਰੋ॥*** ***ਪੰਨਾ - 1429***

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਸਰਬ ਸਾਂਝੇ, ਸਰਬ ਕਲਿਆਣਕਾਰੀ ਧਰਮ ਗ੍ਰੰਥ ਦੀ, ਸਮੇਂ ਦੀ ਲੋੜ ਸੀ। ਇਹ ਮਹਾਨ ਰਚਨਾ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤਕ ਭਾਰਤ ਦੇ 36 ਮਹਾਂਪੁਰਸ਼ਾਂ ਦੀ ਅਧਿਆਤਮਕ ਰਚਨਾ ਹੈ ਜਿਸ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ, ਚਾਰ ਗੁਰੂ ਘਰ

ਦੇ ਨਿਕਟਵਰਤੀ ਸੰਤਾਂ ਭਗਤਾਂ ਦੀ ਪ੍ਰਭੂ ਪ੍ਰੇਮ ਵਿਚ ਰੰਗੀ ਹੋਈ ਬਾਣੀ ਹੈ। ਇਸ ਰਚਨਾ ਦਾ ਆਧਾਰ, ਇਕੋ ਪ੍ਰਭੂ ਦੀ ਉਸਤਤਿ, ਜਿਸ ਵਿਚ ਅਮਰਤਾ ਤੇ ਅਟੱਲਤਾ ਹੈ, ਸਰਬ ਸਾਂਝੀਵਾਲਤਾ ਹੈ, ਨਿਮਰਤਾ ਹੈ, ਹਰ ਜੀਵ ਦਾ ਸਤਿਕਾਰ ਤੇ ਸਮਾਨਤਾ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਇਨ੍ਹਾਂ ਉਪਰੋਕਤ ਗੱਲਾਂ ਨੂੰ ਮੁਖ ਰੱਖਿਆ। ਜਿਨ੍ਹਾਂ ਭਗਤਾਂ ਦੀ ਰਚਨਾ ਗੁਰਮਤਿ ਦੀ ਕਸਵੱਟੀ ਉਤੇ ਨਹੀਂ ਸੀ ਪੂਰੀ ਉਤਰਦੀ, ਉਸਨੂੰ ਸਵੀਕਾਰ ਨਹੀਂ ਕੀਤਾ ਗਿਆ।

ਭਗਤ ਕਾਹਨੇ ਦੀ ਰਚਨਾ ਵਿਚ ਵੇਦਾਂਤੀ ਰੰਗ ਅਤੇ ਬ੍ਰਹਮ ਅਸਮੀਂ ਭਾਵ 'ਮੈਂ ਬ੍ਰਹਮ ਹੂੰ' ਦੀ ਅਹੰਕਾਰ ਭਰੀ ਬੂ ਸੀ, ਇਸ ਲਈ ਸਵੀਕਾਰ ਨਹੀਂ ਕੀਤੀ ਗਈ। ਗੁਰਮਤਿ ਅਨੁਸਾਰ ਮਨ, ਪ੍ਰਭੂ ਦਾ ਜੋਤਿ ਸਰੂਪੀ ਅੰਸ ਹੈ ਪ੍ਰੰਤੂ ਵਰਤਮਾਨ ਅਵਸਥਾ ਵਿਚ ਨਹੀਂ।

ਛੱਜੂ ਦੀ ਰਚਨਾ ਵਿਚ ਇਸਤਰੀ ਦਾ ਨਿਰਾਦਰ ਸੀ ਤਾਂ ਰੱਦ ਕਰ ਦਿਤੀ; ਪੀਲੂ ਦੀ ਰਚਨਾ ਵਿਚ ਨਿਰਾਸਾਵਾਦ ਤੇ ਸੰਸਾਰ ਤੋਂ ਭਾਂਜ ਦਾ ਖਿਆਲ ਸੀ, ਉਹ ਵੀ ਸਵੀਕਾਰ ਨਹੀਂ ਕੀਤੀ ਕਿਉਂਕਿ ਗੁਰਮਤਿ ਦਾ ਖਿਆਲ ਆਸ਼ਾਵਾਦੀ ਹੈ।

ਸ਼ਾਹ ਹੁਸੈਨ ਦੀ ਰਚਨਾ ਵਿਚ ਚੁੱਪ ਸਾਧਨਾ ਦਾ ਖਿਆਲ ਪ੍ਰਮੁੱਖ ਸੀ ਜਦ ਕਿ ਗੁਰਬਾਣੀ ਚੁੱਪ ਧਾਰਨ ਦੇ ਖਿਆਲ ਦੀ ਹਾਮੀ ਨਹੀਂ ਭਰਦੀ। ਗੁਰੂ ਨਾਨਕ ਦੀ ਵਿਚਾਰਧਾਰਾ ਤਾਂ ਇਸ ਤਰ੍ਹਾਂ ਹੈ -

*ਜਬ ਲਗੁ ਦੁਨੀਆ ਰਹੀਐ ਨਾਨਕ*
*ਕਿਛੁ ਸੁਣੀਐ ਕਿਛੁ ਕਹੀਐ॥* ਪੰਨਾ - 661

ਗੁਰੂ ਸਾਹਿਬ ਨੇ ਆਪਣੀ ਵਿਚਾਰਧਾਰਾ ਕਿਸੇ ਉਤੇ ਠੋਸੀ ਨਹੀਂ, ਗੋਸ਼ਟੀਆਂ ਦੁਆਰਾ ਸਮਕਾਲੀ ਧਾਰਮਿਕ ਮੁਖੀਆਂ ਨੂੰ ਉਨ੍ਹਾਂ ਦੀਆਂ ਖਾਮੀਆਂ ਦਾ ਅਹਿਸਾਸ ਕਰਾਂਦਿਆਂ ਤੇ ਨਿਰਾਲਾ ਪੰਥ ਸਥਾਪਤ ਕੀਤਾ -

*ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ॥*
*ਭਾਈ ਗੁਰਦਾਸ ਜੀ, ਵਾਰ - 1/31*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਾਤ-ਪਾਤ, ਛੂਤ-ਛਾਤ ਅਮੀਰ ਗਰੀਬ, ਰਾਜੇ ਤੇ ਰੰਕ ਵਿਚ ਵਿਤਕਰੇ ਦੀ ਹਾਮੀ ਨਹੀਂ ਭਰਦੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਸਮੇਂ ਭਗਤਾਂ ਦੀ ਰਚਨਾ ਨੂੰ ਕੇਵਲ ਗੁਰਮਤਿ ਦੀ ਕਸਵੱਟੀ ਉਤੇ ਪਰਖਿਆ। ਉਨ੍ਹਾਂ ਦੀ ਜਾਤ, ਜਨਮ, ਕਿੱਤਾ, ਦੇਸ਼, ਕੌਮ ਤੇ ਖਿੱਤਾ ਨਹੀਂ ਦੇਖਿਆ। ਇਨ੍ਹਾਂ ਭਗਤਾਂ ਵਿਚੋਂ ਬੰਗਾਲ, ਬਿਹਾਰ, ਮਹਾਂਰਾਸ਼ਟਰ, ਗੁਜਰਾਤ, ਉਤਰ ਪ੍ਰਦੇਸ਼, ਰਾਜਿਸਥਾਨ, ਸਿੰਧ ਆਦਿ ਪ੍ਰਾਂਤਾਂ ਦੇ ਰਹਿਣ ਵਾਲੇ ਸਨ। ਇਨ੍ਹਾਂ ਭਗਤਾਂ ਵਿਚੋਂ ਬਹੁਤ ਸਾਰੇ ਭਗਤ ਸ਼ੂਦਰ ਤੇ ਪਛੜੀਆਂ ਜਾਤੀਆਂ ਵਿਚੋਂ ਸਨ। ਗੁਰਬਾਣੀ ਜਾਤ, ਜਨਮ, ਵਰਣ ਨੂੰ ਆਧਾਰ ਨਹੀਂ ਮੰਨਦੀ। ਜਾਤ ਵਰਣ ਦੀ ਵੰਡ ਤਾਂ ਮਨੁੱਖ ਦੀ ਆਪਣੀ ਘਾੜਤ ਹੈ। ਪ੍ਰਭੂ ਦੇ ਦਰ ਉਤੇ ਜਾਤ ਨਹੀਂ ਪਰਖੀ ਜਾਂਦੀ। ਉਥੇ ਤਾਂ ਜੀਵ ਦੇ ਕਰਮਾਂ ਅਨੁਸਾਰ ਨਿਬੇੜਾ ਹੋਣਾ ਹੈ। ਇਸ ਪ੍ਰਕਾਰ ਦਾ ਖਿਆਲ ਪੰਦਰਵੀਂ ਸਦੀ ਅੰਦਰ ਇਕ ਕ੍ਰਾਂਤੀਕਾਰੀ ਕਦਮ ਸੀ ਜਿਹੜਾ ਗੁਰੂ ਸਾਹਿਬ ਨੇ ਉਠਾਇਆ ਸੀ -

*ਜਾਣਹੁ ਜੋਤਿ ਨ ਪੂਛਹੁ ਜਾਤੀ*
*ਆਗੈ ਜਾਤਿ ਨ ਹੇ॥* ਪੰਨਾ - 349

*ਸਾ ਜਾਤਿ ਸਾ ਪਤਿ ਹੈ*
*ਜੇਹੇ ਕਰਮ ਕਮਾਇ॥* ਪੰਨਾ - 1330

ਸਾਰੇ ਭਾਰਤਵਰਸ਼ ਨੂੰ ਧਾਰਮਿਕ ਪੱਧਰ ਤੇ ਇਕ ਥਾਂ ਇਕੱਠਿਆਂ ਕਰਕੇ ਸਮੇਂ ਦੇ ਮਹਾਨ ਧਾਰਮਿਕ ਸੰਤਾਂ, ਭਗਤਾਂ, ਚਿੰਤਕਾਂ ਦੇ ਖਿਆਲਾਂ ਨੂੰ ਇਕ ਗ੍ਰੰਥ ਵਿਚ ਇਕੱਤਰਤ ਕਰਨਾ, ਕੌਮੀ ਏਕਤਾ ਵਲ ਪੁੱਟਿਆ ਗਿਆ ਕਦਮ ਸੀ। ਉਸ ਸਮੇਂ ਭਾਰਤ ਇਕ ਪਾਸੇ ਤਾਂ ਅੰਦਰੂਨੀ ਪੱਖ ਤੋਂ ਜਾਤ-ਵਰਣ, ਅਮੀਰ-ਗਰੀਬ ਦੀਆਂ ਵੰਡੀਆਂ ਕਾਰਨ ਕਮਜ਼ੋਰ ਹੋ ਚੁੱਕਾ ਸੀ; ਦੂਸਰਾ ਬਾਹਰੀ ਹਮਲਾਵਰਾਂ ਦੇ ਪ੍ਰਭਾਵ ਅਧੀਨ ਆਪਣੀ ਸੰਸਕ੍ਰਿਤੀ ਨੂੰ ਡਰ, ਭੈ ਤੇ ਲਾਲਚ ਅਧੀਨ ਬਦਲ ਰਿਹਾ ਸੀ। ਗੁਰੂ ਸਾਹਿਬ ਦੀ ਇਸ ਮਹਾਨ ਰਚਨਾ ਨੇ ਭਾਰਤਵਰਸ਼ ਦੇ ਲੋਕਾਂ ਦੇ ਮਨਾਂ ਅੰਦਰ ਜਾਗ੍ਰਤੀ, ਕੌਮੀ ਪਿਆਰ ਤੇ ਸਵੈਮਾਨ ਪੈਦਾ ਕੀਤਾ; ਸਵੈਮਾਨ, ਅਣਖ, ਇੱਜ਼ਤ ਨੂੰ ਕਾਇਮ ਰੱਖਣ ਲਈ ਇਕ ਨਵੀਂ ਰੂਹ ਫੂਕੀ -

*ਖਤ੍ਰੀਆ ਤ ਧਰਮੁ ਛੋਡਿਆ*
*ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ*
*ਧਰਮ ਕੀ ਗਤਿ ਰਹੀ॥* ਪੰਨਾ - 663

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਭਾਰਤ ਦੀ ਅਮੀਰ ਸੰਸਕ੍ਰਿਤੀ (Rich Heritage) ਦੇ ਬੁਨਿਆਦੀ ਤੱਤ ਇਕ ਲੜੀ ਵਿਚ ਪਰੋਏ ਗਏ। ਵਖੋ-ਵਖਰੇ ਪ੍ਰਾਂਤਾਂ ਦੇ ਭਗਤਾਂ, ਧਾਰਮਿਕ ਚਿੰਤਕਾਂ ਦੇ ਖਿਆਲਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰਤ ਕਰਨ ਨਾਲ ਲੋਕਾਂ ਨੂੰ ਇਕ ਦੂਸਰੇ ਪ੍ਰਤਿ ਪਿਆਰ ਦੀ ਭਾਵਨਾ ਪੈਦਾ ਹੋਈ, ਇਕ ਦੂਸਰੇ ਨੂੰ ਸਮਝਣ ਦਾ ਮੌਕਾ ਮਿਲਿਆ। ਆਤਮਿਕ ਸੋਝੀ ਦੀ ਬੁਝ ਕਾਰਨ ਜਲਦੇ ਬਲਦੇ ਸੰਸਾਰ ਦੇ ਲੋਕਾਂ ਤਾਂਈ, ਹਮਦਰਦੀ ਭਰੇ ਵਰਤਾਉ ਤੇ ਪਿਆਰ ਭਰੀ ਪ੍ਰਾਥਨਾ ਨੇ, ਲੋਕਾਂ ਨੂੰ ਰੱਬੀ ਪਿਆਰ ਵਲ ਪ੍ਰੇਰਿਤ ਕੀਤਾ, ਪੂਜਾ ਪੱਧਤੀਆਂ ਦੀਆਂ ਵਖੋ-ਵਖਰੀਆਂ ਵਿਧੀਆਂ ਦੇ ਬਾਵਜੂਦ ਪ੍ਰਭੂ ਅਗੇ ਅਰਦਾਸ ਸੀ ਕਿ ਸਾਰੇ ਸੰਸਾਰ ਦੇ ਲੋਕਾਂ ਨੂੰ ਬਚਾਇਆ ਜਾਵੇ - ਗੁਰੂ ਅਮਰਦਾਸ ਜੀ ਦਾ ਕਥਨ ਹੈ -

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*
ਪੰਨਾ - 853

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੇ ਧਰਮ ਨੂੰ ਮਨੁੱਖੀ ਕਲਿਆਣ ਲਈ ਸੇਧ ਪ੍ਰਦਾਨ ਕਰਨ ਵਾਲੀ ਸ਼ਕਤੀ ਨੂੰ ਅਮਲੀ ਰੂਪ ਦਿਤਾ। ਇਸਨੂੰ ਬੌਧਿਕਤਾ ਅਤੇ ਵਾਦ-ਵਿਵਾਦ 'ਬਾਦੀ ਬਿਨਸੈ' ਵਾਲੇ ਖਿਆਲ ਵਿਚੋਂ ਕੱਢ ਕੇ 'ਖੋਜੀ ਉਪਜੈ' ਦੀ ਪੱਧਰ ਉਤੇ ਲਿਆਂਦਾ। ਦੂਸਰੇ ਸ਼ਬਦਾਂ ਵਿਚ ਰੱਬ ਨੂੰ ਸੀਮਤ ਘੇਰੇ ਵਿਚੋਂ ਕੱਢ ਕੇ, ਸਰਬ ਵਿਆਪਕ ਵਿਸ਼ਵ ਪੱਧਰ ਉਤੇ ਲਿਆ ਕੇ ਖੜ੍ਹਾ ਕੀਤਾ ਅਤੇ ਲੋਕਾਂ ਨੂੰ ਦ੍ਰਿੜ ਕਰਾਇਆ ਕਿ ਰੱਬ ਸਰਬ ਵਿਆਪਕ ਹੈ, ਧਰਮ ਗ੍ਰੰਥ ਤਾਂ ਉਸਦੀ ਹਸਤੀ, ਸ਼ਕਤੀ ਦਾ ਸ੍ਰੋਤ ਹਨ -

*ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥*
*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥* ਪੰਨਾ - 397

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਹਰੀ ਕਰਮ ਕਾਂਡੀ ਪੂਜਾ ਦਾ ਖੰਡਨ ਕਰਦੇ ਹਨ। ਪ੍ਰਭੂ ਦਾ ਸਰਗੁਣ ਸਰੂਪ ਤਾਂ ਉਸੇ ਦੇ ਗੁਣਾਂ ਉਤੇ ਆਧਾਰਤ ਹੈ। ਪ੍ਰੰਤੂ ਇਨ੍ਹਾਂ ਗੁਣਾਂ ਅਨੁਸਾਰ ਪ੍ਰਭੂ ਦਾ ਸਰੂਪ ਚਿਤਰ ਕੇ ਪੂਜਾ ਕਰਨ ਨਾਲ ਅਸੀਂ ਵੰਡੇ ਜਾਂਦੇ ਹਾਂ। ਅਸੀਂ ਰੱਬ ਨੂੰ

ਵੀ ਵੰਡ ਲੈਂਦੇ ਹਾਂ। ਇਨ੍ਹਾਂ ਵੰਡੀਆਂ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਨੇ ਰੱਬ ਨੂੰ ਬੁੱਤਾਂ ਦੀ ਕੈਦ ਵਿਚੋਂ ਕੱਢ ਕੇ ਉਸਦੇ "ਸੱਚੇ"ਸਰੂਪ ਦੀ ਗਿਆਤ ਕਰਾਈ। ਉਸਦੇ ਕਿਰਤਮ ਨਾਮ ਤਾਂ ਵਖੋ ਵਖਰੀ ਭਾਸ਼ਾਵਾਂ ਅਨੁਸਾਰ ਵੱਖ ਵੱਖ ਹੋ ਸਕਦੇ ਹਨ ਪ੍ਰੰਤੂ ਮੂਲ ਰੂਪ ਵਿਚ ਪ੍ਰਭੂ ਦਾ ਸਰੂਪ 'ਸੱਚ' ਹੈ। ਜੋ ਸਭ ਦਾ ਸਾਂਝਾ ਹੈ ਤੇ ਸਭ ਦਾ ਪਿਆਰਾ ਹੈ। ਗੁਰੂ ਜੀ ਨੇ ਅਜਿਹੇ ਸਰੂਪ ਨੂੰ ਮੰਨਣ ਤੇ ਪੂਜਣ ਦਾ ਉਪਦੇਸ਼ ਦਿਤਾ -

*ਕਿਰਤਮ ਨਾਮ ਕਥੇ ਤੇਰੇ ਜਿਹਬਾ॥*
*ਸਤਿਨਾਮੁ ਤੇਰਾ ਪਰਾ ਪੂਰਬਲਾ॥* ਪੰਨਾ - 1083

*ਜਬ ਦੇਖਉ ਤਬ ਸਭੁ ਕਿਛੁ ਮੂਲੁ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ॥* ਪੰਨਾ - 281

ਗੁਰੂ ਗ੍ਰੰਥ ਸਾਹਿਬ ਅਨੁਸਾਰ ਪ੍ਰਭੂ ਇਕੋ ਹੈ। ਉਸਨੂੰ ਜਨਮ ਦੇਣ ਵਾਲਾ ਕੋਈ ਨਹੀਂ, ਸਗੋਂ ਉਹ ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ। ਉਸਦਾ ਕਿਸੇ ਨਾਲ ਵੈਰ ਨਹੀਂ, ਉਹ ਕਦੀ ਵੀ ਗਰਭ ਜੂਨੀ ਵਿਚ ਨਹੀਂ ਆਉਂਦਾ, ਉਹ ਨਾ ਜਨਮਦਾ ਹੈ ਤੇ ਮਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ, ਐਸਾ ਪ੍ਰਭੂ, ਗੁਰੂ ਦੁਆਰਾ ਜਾਣਿਆ ਜਾਂਦਾ ਹੈ -

*ਤੂ ਕਰਤਾ ਪੁਰਖ ਅਗਮ ਜੋਨ ਨ ਆਵਈ॥*
*ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥*
ਪੰਨਾ - 1038

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥*
ਪੰਨਾ - 1136

## ਇਕੋ ਗੁਰੂ

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿਤਾ ਗਿਆ ਹੈ। ਇਹ ਸੰਸਾਰ ਦੇ ਧਾਰਮਿਕ ਇਤਿਹਾਸ ਅੰਦਰ ਇਕ ਵਿਲੱਖਣ ਚੀਜ਼ ਹੈ। ਸੰਸਾਰ ਦੇ ਸਾਰੇ ਧਰਮ ਗ੍ਰੰਥ ਸਤਿਕਾਰ ਦੇ ਪਾਤਰ ਹਨ ਪ੍ਰੰਤੂ ਉਨ੍ਹਾਂ ਨੂੰ ਗੁਰੂ ਦਾ ਦਰਜਾ ਨਹੀਂ ਦਿਤਾ ਗਿਆ। ਗੁਰੂ ਸਾਹਿਬ ਨੇ ਇਸ ਖਿਆਲ ਨੂੰ ਦ੍ਰਿੜ ਕਰਾਇਆ ਕਿ ਸਰੀਰ ਹਮੇਸ਼ਾ ਕਾਇਮ ਨਹੀਂ ਰਹਿ ਸਕਦਾ, ਸਰੀਰਕ ਗੁਰੂ, ਸਰਬ ਵਿਆਪਕ ਵੀ ਨਹੀਂ ਹੋ ਸਕਦਾ। ਇਸ ਲਈ ਗੁਰਬਾਣੀ ਤਾਂ ਜੁਗੋ ਜੁਗ ਅਟੱਲ ਹੈ, ਸਰਬ ਵਿਆਪਕ ਹੈ, ਸ਼ਬਦ ਸਾਰੇ ਥਾਵਾਂ ਤੇ ਬਿਰਾਜਮਾਨ ਹੋ ਸਕਦਾ ਹੈ। ਇਸੇ ਲਈ ਸ਼ਬਦ ਨੂੰ ਗੁਰੂ ਪੀਰ ਦਾ ਦਰਜਾ ਦਿਤਾ ਗਿਆ।

*ਸਬਦੁ ਗੁਰ ਪੀਰਾ ਗਹਿਰ ਗੰਭੀਰਾ*
*ਬਿਨੁ ਸਬਦੈ ਜਗੁ ਬਉਰਾਨੰ॥* ਪੰਨਾ - 635

ਗੁਰਬਾਣੀ ਅਨੁਸਾਰ, ਗੁਰੂ ਸਦੀਵੀ ਹੈ, ਅਬਿਨਾਸ਼ੀ ਹੈ, ਸਭ ਲਈ ਕਲਿਆਣਕਾਰੀ ਭਾਵਨਾ ਰਖਦਾ ਹੈ।

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥*
ਪੰਨਾ - 759

ਗੁਰੂ ਸਭ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ -

*ਨਾਨਕ ਸਤਿਗੁਰੁ ਐਸਾ ਜਾਣੀਐ*
*ਜੋ ਸਭਸੈ ਲਏ ਮਿਲਾਇ ਜੀਉ॥* ਪੰਨਾ - 72

## ਇਕੋ ਧਰਮ ਗ੍ਰੰਥ

ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਾਹਿਬ ਨੇ ਆਪਣੇ ਸਮੇਂ ਅੰਦਰ ਹੀ ਸੰਕਲਨ ਤੇ ਸੰਪਾਦਨ ਕਰਕੇ ਮੁਹਰ ਲਾ ਦਿਤੀ ਸੀ ਕਿ ਇਸ ਵਿਚ ਕੋਈ ਵਾਧ-ਘਾਟ ਨਹੀਂ ਹੋ ਸਕਦੀ। ਇਹ ਸੱਚੀ (ਅਨੁਭਵੀ) ਬਾਣੀ ਹੀ ਮਨੁੱਖ ਦਾ ਕਲਿਆਣ ਕਰ ਸਕਦੀ ਹੈ। ਕੱਚੀ ਬਾਣੀ ਤੇ ਕੱਚਾ ਗੁਰੂ, ਮੁਕਤੀ ਪ੍ਰਦਾਨ ਨਹੀਂ ਕਰ ਸਕਦਾ -

*ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥* ਪੰਨਾ - 920

*ਕਾਚੇ ਗੁਰ ਤੇ ਮੁਕਤਿ ਨ ਹੂਆ॥* ਪੰਨਾ - 932

## ਇਕੋ ਧਰਮ ਮੰਦਰ

ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਲਈ ਧਰਮ ਅਸਥਾਨ (ਗੁਰਦੁਆਰਾ ਸਾਹਿਬ) ਵੀ ਇਕੋ ਹੀ ਕਿਸਮ ਦਾ ਹੈ ਇਸਦਾ ਦਰਵਾਜ਼ਾ ਤੇ ਉਪਦੇਸ਼ ਸਾਰਿਆਂ ਲਈ ਸਾਂਝਾ ਹੈ। ਧਰਮ ਅਸਥਾਨ ਅੰਦਰ ਹਰ ਵਿਅਕਤੀ ਬਿਨਾਂ ਜਾਤੀ ਭਿੰਨ ਭੇਦ ਦੇ ਆ ਕੇ ਸੰਗਤ ਵਿਚ ਬੈਠਣ, ਗੁਰਬਾਣੀ ਪਾਠ, ਕੀਰਤਨ, ਕਥਾ ਤੇ ਵਖਿਆਨ ਦਾ ਅਨੰਦ ਮਾਣ ਸਕਦਾ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*
ਪੰਨਾ - 747

## ਇਕੋ ਪੰਗਤ

ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸਿੱਖ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਗੁਰੂ ਘਰ ਦੇ ਕਾਰਜਾਂ ਲਈ ਦੇਣ ਦਾ ਆਦੇਸ਼ ਦਿੰਦਾ ਹੈ। ਲੰਗਰ ਪ੍ਰਥਾ ਸੰਸਾਰ ਦੇ ਕਿਸੇ ਧਰਮ ਅਸਥਾਨ ਅੰਦਰ ਨਹੀਂ ਮਿਲਦੀ ਜਿਥੇ ਲੋਕ ਇਕੋ ਪੰਗਤ ਵਿਚ ਬੈਠ ਕੇ ਸਾਂਝੇ ਤੌਰ ਤੇ ਬਣਾਏ ਲੰਗਰ ਨੂੰ ਛਕਦੇ ਹੋਣ। ਸੰਸਾਰ ਦੇ ਬਹੁਤ ਸਾਰੇ ਦੇਸ਼ ਸਮਾਜਵਾਦ ਦਾ ਨਾਹਰਾ ਤਾਂ ਲਾਈ ਫਿਰਦੇ ਹਨ ਪ੍ਰੰਤੂ ਉਸਨੂੰ ਪੂਰਨ ਰੂਪ ਵਿਚ ਅਮਲ ਵਿਚ ਨਹੀਂ ਲਿਆ ਸਕੇ। ਗੁਰੂ ਸਾਹਿਬਾਨ ਵਲੋਂ ਇਹ ਲੰਗਰ ਦਾ ਕਦਮ ਇਕ ਐਸਾ ਨਰੋਆ ਸਮਾਜਵਾਦ ਸੀ ਜੋ ਸਮਾਨਤਾ, ਸਾਂਝੀਵਾਲਤਾ, ਭਰਾਤਰੀ ਭਾਵ ਪੈਦਾ ਕਰਦਾ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* ਪੰਨਾ - 1245

## ਇਕੋ ਸਾਂਝੀ ਅਰਦਾਸ

ਸੰਸਾਰ ਦੇ ਸਾਰੇ ਧਰਮ ਆਪੋ ਆਪਣੇ ਢੰਗ ਨਾਲ ਪ੍ਰਾਥਨਾ ਕਰਦੇ ਹਨ। ਗੁਰੂ ਸਾਹਿਬ ਨੇ ਜਿਹੜੀ ਪ੍ਰਾਥਨਾ ਕੀਤੀ ਤੇ ਸਾਨੂੰ ਦਰਸਾਂਦੀ ਹੈ ਉਸ ਵਿਚ ਸਾਰੇ ਸੰਸਾਰ ਦੇ ਲੋਕਾਂ ਲਈ ਪਿਆਰ ਤੇ ਭਲਾ ਮੰਗਿਆ ਹੈ। ਅਸੀਂ ਆਪਣੇ ਆਪ ਲਈ ਤਾਂ ਭਲਾ ਮੰਗਦੇ ਆਏ ਹਾਂ ਪ੍ਰੰਤੂ ਦੂਸਰਿਆਂ ਲਈ ਨਹੀਂ ਮੰਗ ਸਕੇ। ਇਹ ਸਾਨੂੰ ਗੁਰੂ ਨੇ ਸਿਖਾਇਆ -

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥* ਪੰਨਾ - 1251

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬਤ ਦਾ ਭਲਾ।* (ਅਰਦਾਸ)

ਸ੍ਰੀ ਗੁਰੂ ਗ੍ਰੰਥ ਸਾਹਿਬ, ਮਨੁੱਖੀ ਸਰੀਰ ਨੂੰ ਸੰਸਾਰ ਦੇ ਨੌ ਖੰਡਾਂ ਵਿਚੋਂ ਇਕ ਖੰਡ ਮੰਨਿਆ ਹੈ, ਭਾਵ ਜੋ ਇਸ ਬ੍ਰਹਿਮੰਡ ਵਿਚ ਹੈ, ਉਹੀ ਸਭ ਕੁਛ ਇਸ ਸਰੀਰ ਅੰਦਰ ਹੈ। ਗੁਰਬਾਣੀ, ਸਰੀਰ ਦੀ

ਮਹਾਨਤਾ ਇਸ ਲਈ ਸਥਾਪਤ ਕਰਦੀ ਹੈ ਕਿ ਇਸ ਅੰਦਰ ਪ੍ਰਭੂ ਦੀ ਅੰਸ਼ (ਆਤਮਾ) ਦਾ ਵਾਸਾ ਹੈ, ਸਰੀਰ ਦਾ ਮਹੱਤਵ, ਆਤਮਾ ਕਰਕੇ ਹੈ। ਆਤਮਾ ਦੀ ਪ੍ਰਾਪਤੀ ਲਈ ਸਰੀਰ ਰੂਪੀ ਭਾਂਡੇ ਨੂੰ ਅੰਦਰੋਂ ਬਾਹਰੋਂ ਨਿਰਮਲ ਰਖਣਾ ਅਤੀ ਜ਼ਰੂਰੀ ਹੈ। ਇਸ ਪ੍ਰਾਪਤੀ ਲਈ ਸਰੀਰ ਨੂੰ ਹੱਠ ਸਾਧਨਾਵਾਂ ਦੁਆਰਾ ਕਸ਼ਟ ਦੇ ਕੇ ਜਾਂ ਬਿਭੂਤੀਆਂ ਮਲ, ਭੁੱਖਿਆਂ ਰੱਖ, ਵਰਤ ਨੇਮਾਂ ਦੁਆਰਾ ਜਾਂ ਹੋਰ ਕਿਸੇ ਪ੍ਰਕਾਰ ਦੀਆਂ ਹਠ ਸਾਧਨਾਂ ਦਾ ਗੁਰਬਾਣੀ ਖੰਡਨ ਕਰਦੀ ਹੈ। ਗੁਰਬਾਣੀ ਭੇਖ ਦਾ ਖੰਡਨ ਕਰਦੀ ਹੈ–

*ਭੇਖੀ ਸਹੁ ਨ ਪਾਈਐ...........॥*

*ਜੋਗੁ ਨ ਭਗਵੀ ਕਪੜੀ*
*ਜੋਗੁ ਨ ਮੈਲੇ ਵੇਸਿ॥* **ਪੰਨਾ - 1420**

ਗੁਰਬਾਣੀ ਨਾ ਤਾਂ ਗ੍ਰਿਹਸਤ ਨੂੰ ਤਿਆਗਣ ਦਾ ਹੀ ਉਪਦੇਸ਼ ਦਿੰਦੀ ਹੈ, ਅਤੇ ਨਾ ਹੀ ਗ੍ਰਿਹਸਤ ਵਿਚ ਪੂਰਨ ਤੌਰ ਤੇ ਗੁਲਤਾਨ ਹੋਣ ਦਾ ਹੀ ਉਪਦੇਸ਼ ਦਿੰਦੀ ਹੈ। ਦਾਤਾਂ ਪ੍ਰਭੂ ਨੇ ਦਿਤੀਆਂ ਹਨ। ਇਨ੍ਹਾਂ ਵਿਚ ਖਚਤ ਹੋ ਕੇ ਪ੍ਰਭੂ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਗੁਰਬਾਣੀ, ਮਨੁੱਖ ਨੂੰ ਸੰਸਾਰ ਰੂਪੀ ਤਲਾਬ ਅੰਦਰ ਕੰਵਲ ਫੁੱਲ ਦੀ ਤਰ੍ਹਾਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੀ ਹੈ। ਇਸੇ ਤਰ੍ਹਾਂ ਮੁਰਗਾਈ ਦੀ ਉਦਾਹਰਣ ਦਿਤੀ ਗਈ ਹੈ ਕਿ ਜਿਵੇਂ ਮੁਰਗਾਈ ਆਪਣੇ ਆਪ ਨੂੰ ਪਾਣੀ ਤੋਂ ਅਭਿੱਜ ਰਖਦੀ ਹੈ, ਇਵੇਂ ਹੀ ਮਨੁੱਖ ਨੂੰ ਪਦਾਰਥਾਂ ਦੀ ਲੇਸ ਅਤੇ ਪ੍ਰਵਾਹਕ ਮੋਹ ਦੀ ਪਕੜ ਤੋਂ ਨਿਰਲੇਪ ਰਖਣਾ ਚਾਹੀਦਾ ਹੈ –

*ਜੈਸੇ ਜਲ ਮਹਿ ਕਮਲੁ ਨਿਰਾਲਮੁ*
*ਮੁਰਗਾਈ ਨੈਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ॥* **ਪੰਨਾ - 938**

ਗੁਰਬਾਣੀ ਦੁਆਰਾ ਪਰਵਿਰਤੀ ਵਿਚ ਨਿਰਵਿਰਤੀ ਕਰਮ ਦ੍ਰਿੜ ਕਰਾਇਆ ਗਿਆ ਹੈ। ਮਾਇਆ ਦੇ ਬਗੈਰ ਸੰਸਾਰ ਦੀ ਖੇਡ ਨਹੀਂ ਚਲ ਸਕਦੀ। ਮਾਇਆ ਦਾ ਤਿਆਗ ਨਹੀਂ, ਮਾਇਆ ਦੇ ਵਾਧੂ ਮੋਹ ਦਾ ਤਿਆਗ ਹੈ, ਇਸ ਸਿਧਾਂਤ ਦੀ ਪੁਸ਼ਟੀ ਸਾਨੂੰ ਗੁਰੂ ਸਾਹਿਬ ਦੇ ਇਨ੍ਹਾਂ ਸ਼ਬਦਾਂ ਤੋਂ ਭਲੀ ਭਾਂਤ ਹੋ ਜਾਂਦੀ ਹੈ –

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥* **ਪੰਨਾ - 16**

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥* **ਪੰਨਾ - 16**

*ਬਾਬਾ ਹੋਰੁ ਚੜਣਾ ਖੁਸੀ ਖੁਆਰੁ॥* **ਪੰਨਾ - 16**

*ਬਾਬਾ ਹੋਰੁ ਸਉਣਾ ਖੁਸੀ ਖੁਆਰੁ॥* **ਪੰਨਾ - 16**

ਇਨ੍ਹਾਂ ਸ਼ਬਦਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਇਕ ਸੰਜਮ ਭਰਪੂਰ ਜੀਵਨ ਦੀ ਗਵਾਹੀ ਭਰਦੀ ਹੈ। ਜਬਤ, ਸੰਜਮ, ਅਨੁਸ਼ਾਸ਼ਨ (discipline) ਜ਼ਰੂਰੀ ਹੈ ਕਿਉਂਕਿ ਕੁਦਰਤ ਦੀ ਹਰ ਇਕ ਵਸਤ ਭੈ (ਕੰਟਰੋਲ) ਵਿਚ ਚਲ ਰਹੀ ਹੈ। ਮਨੁੱਖ ਲਈ ਵੀ ਅਤੀ ਜ਼ਰੂਰੀ ਹੈ –

*ਤੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥*
**ਪੰਨਾ - 722**

ਗੁਰਮਤਿ ਜੀਵ ਨੂੰ ਇਸ ਅਗਿਆਨਤਾ ਵਿਚੋਂ ਕੱਢ ਕੇ ਸੁਚੇਤ ਕਰਦੀ ਹੈ –

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*
**ਪੰਨਾ - 43**

ਨਹੀਂ ਤਾਂ ਨਾਮ ਧਨ ਦੀ ਪ੍ਰਾਪਤੀ ਬਿਨਾਂ ਹਲਤ ਤੇ ਪਲਤ ਦੋਵੇਂ ਬਪਬਾਦ ਹੋ ਜਾਂਦੇ ਹਨ।

*ਹਲਤਿ ਨ ਸੋਭਾ ਪਲਤਿ ਨ ਢੋਈ*
*ਬਿਰਥਾ ਜਨਮੁ ਗਵਾਵਣਿਆ॥* **ਪੰਨਾ - 127**

ਗੁਰਬਾਣੀ, ਸਾਂਝੀਵਾਲਤਾ, ਪ੍ਰੇਮ, ਪਿਆਰ, ਸਮਾਨਤਾ ਦਾ ਉਪਦੇਸ਼ ਕਰਦੀ ਹੈ। ਮਨੁੱਖ ਦੀ ਜਨਮ ਸਮੇਂ ਕੋਈ ਜਾਤ ਨਹੀਂ ਹੁੰਦੀ। ਬਾਅਦ ਵਿਚ ਜਾਤਾਂ-ਪਾਤਾਂ, ਗੋਤਾਂ ਤੇ ਹੋਰ ਬੰਧਨਾਂ ਵਿਚ ਪੈ ਜਾਂਦਾ ਹੈ। ਗੁਰਬਾਣੀ ਦਾ ਉਪਦੇਸ਼ ਇਨ੍ਹਾਂ ਤੰਗ ਵਲਗਣਾਂ ਤੋਂ ਉਪਰ ਹੈ। ਇਸ ਪ੍ਰਕਾਰ ਦੀਆਂ ਵੰਡੀਆਂ ਦੇਸ਼ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਸਿੱਖ ਕਿਸੇ ਜਾਤ ਦਾ ਨਾਮ ਨਹੀਂ, ਗੁਰੂ ਸਾਹਿਬ ਦੇ ਉਪਦੇਸ਼ ਨੂੰ ਧਾਰਨ ਕਰਨ ਵਾਲਾ ਕੋਈ ਵੀ ਸਿੱਖ ਹੋ ਸਕਦਾ ਹੈ। ਇਸ ਵਿਚਾਰ ਨੇ ਸਿੱਖ ਧਰਮ ਨੂੰ ਵਿਸ਼ਵ ਵਿਆਪੀ ਬਣਾ ਦਿਤਾ। ਗੁਰੂ ਸਾਹਿਬ ਦਾ ਕਥਨ ਹੈ –

*ਸਭੁ ਕੋ ਮੀਤੁ ਹਮ ਆਪਨ ਕੀਨਾ*
*ਹਮ ਸਭਨਾ ਕੇ ਸਾਜਨ॥* **ਪੰਨਾ - 671**

*ਸਭੇ ਸਾਂਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥* **ਪੰਨਾ - 97**

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸਿੱਖ ਨੂੰ ਕਿਰਿਆਸ਼ੀਲ (creative) ਤੇ ਉਦਮੀ ਬਣਾਉਂਦਾ ਹੈ। ਹਰ ਸਿੱਖ ਨੂੰ ਆਦੇਸ਼ ਤੇ ਉਪਦੇਸ਼ ਹੈ ਕਿ ਉਹ ਕਿਰਤ ਕਰੇ; ਕੋਈ ਨੇਕ ਕਿਰਤ ਕਰੇ, ਉਸ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਗੁਰੂ ਘਰ ਦੇ ਕਾਰਜਾਂ ਲਈ ਦਾਨ ਕਰੇ। ਸਿੱਖ ਨੂੰ, ਮੰਗ ਕੇ ਖਾਣ ਦਾ ਹੁਕਮ ਨਹੀਂ, ਸਿੱਖ ਮੰਗਤਾਂ ਨਹੀਂ, ਦਾਤਾ ਹੈ; ਉਹ ਕਿਸੇ ਉਤੇ ਬੋਝ ਬਣ ਕੇ ਜੀਉਣ ਵਾਲੀ ਜ਼ਿੰਦਗੀ ਨੂੰ ਲਾਹਨਤ ਸਮਝਦਾ ਹੈ। ਕਿਰਤ ਕਰਨ ਨਾਮ ਜਪਣ ਤੇ ਵੰਡ ਕੇ ਛਕਣ ਵਾਲਾ ਵਿਅਕਤੀ ਗੁਰਮਤਿ ਅਨੁਸਾਰ ਪਰਮਾਰਥ ਦੇ ਰਸਤੇ ਦਾ ਪਾਂਧੀ ਬਣ ਸਕਦਾ ਹੈ –

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* **ਪੰਨਾ - 1245**

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*

**ਪੰਨਾ - 790**

ਗੁਰਮਤਿ ਦਾ ਮਾਰਗ ਤਾਂ ਗਾਡੀ ਰਾਹ ((National highway) ਹੈ। ਇਹ ਪਗ-ਡੰਡੀਆਂ ਨੂੰ ਨਹੀਂ ਸਵੀਕਾਰਦਾ। ਭਾਰਤੀ ਧਾਰਮਿਕ ਪਰੰਪਰਾ ਵਿਚ ਕਰਮ ਮਾਰਗ, ਯੋਗ ਮਾਰਗ ਤੇ ਗਿਆਨ ਮਾਰਗ ਦੀ ਆਮ ਚਰਚਾ ਸੀ। ਗੁਰਮਤਿ ਇਨ੍ਹਾਂ ਮਾਰਗਾਂ ਨੂੰ ਪ੍ਰਧਾਨਤਾ ਨਹੀਂ ਦਿੰਦਾ। ਗੁਰਮਤਿ ਤਾਂ ਨਾਮ ਮਾਰਗ ਜਾਂ ਸਹਿਜ ਮਾਰਗ ਦਾ ਹਾਮੀ ਹੈ। ਇਸ ਨਾਮ ਮਾਰਗ ਵਿਚ ਤਿੰਨਾਂ ਮਾਰਗਾਂ ਦਾ ਸੁਮੇਲ ਹੈ।

ਗੁਰਬਾਣੀ, ਕਰਮ ਕਾਂਡੀ ਪੂਜਾ ਪਧਤੀਆਂ ਦਾ ਖੰਡਨ ਕਰਦੀ ਹੈ, ਧਰਮ ਤੇ ਧਰਮ ਗ੍ਰੰਥਾਂ ਦਾ ਖੰਡਨ ਨਹੀਂ ਕਰਦੀ। ਵੇਦਾਂ ਵਿਚ ਨਾਮ ਤੱਤ ਵਲ ਤਾਂ ਕੋਈ ਧਿਆਨ ਨਹੀਂ ਦਿੰਦਾ। ਲੋਕ ਕਰਮਾਂ ਦੇ ਪੁੰਨ ਪਾਪ ਵਲ ਹੀ ਰੁਚਿਤ ਹਨ। ਗੁਰੂ ਜੀ ਨੇ ਇਸ ਪ੍ਰਕਾਰ ਦੀ

ਪਰਵਿਰਤੀ ਦਾ ਖੰਡਨ ਕੀਤਾ -

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਦੇਸ਼, ਸਚਿਆਰੇ ਮਨੁੱਖ ਬਣਨਾ ਹੈ। ਜੀਵ ਦਾ ਮਨੋਰਥ, ਸਵਰਗ ਜਾਂ ਉਹ ਮੁਕਤੀ ਪ੍ਰਾਪਤ ਕਰਨਾ ਨਹੀਂ, ਜੋ ਪ੍ਰਚਲਤ ਸੀ, ਜਿਸਦਾ ਸਬੰਧ ਕੇਵਲ ਵਿਅਕਤੀਗਤ ਪੱਧਰ ਤਕ ਹੀ ਸੀਮਤ ਸੀ। ਗੁਰਮਤਿ ਤਾਂ ਪਰਉਪਕਾਰੀ ਭਾਵਨਾ ਅਧੀਨ ਦੂਸਰਿਆਂ ਨੂੰ ਵੀ ਸੰਸਾਰ ਸਾਗਰ ਤੋਂ ਤਾਰਨ ਹਿਤ ਜੀਵਨ ਮੁਕਤ ਸਿਧਾਂਤ ਦਾ ਹਾਮੀ ਹੈ; ਪਰੰਪਰਾਗਤ ਮੁਕਤੀ ਨਾਲੋਂ ਪ੍ਰਭੂ ਚਰਨਾਂ ਦੀ ਪ੍ਰੀਤੀ ਨੂੰ ਮਹੱਤਤਾ ਦਿੰਦਾ ਹੈ -

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ॥ ਪੰਨਾ - 534***

ਗੁਰਮੁਖਿ ਆਪ ਤਰਦਾ ਹੈ ਅਤੇ ਦੂਸਰਿਆਂ ਨੂੰ ਵੀ ਤਾਰਦਾ ਹੈ -

***ਆਪਿ ਤਰੈ ਸਗਲੇ ਕੁਲ ਤਾਰੈ...........॥ ਪੰਨਾ - 128***

ਗੁਰਬਾਣੀ ਮਨੁੱਖ ਨੂੰ ਇਸ ਜੀਵਨ ਪ੍ਰਤਿ ਸੁਚੇਤ ਕਰਦੀ ਹੋਈ ਕਹਿੰਦੀ ਹੈ ਕਿ ਤੇਰਾ ਇਹ ਜੀਵਨ ਕਈ ਜਨਮਾਂ ਦੇ ਚੱਕਰ ਕੱਟਣ ਉਪਰੰਤ ਪ੍ਰਾਪਤ ਹੋਇਆ। ਚੌਰਾਸੀ ਲੱਖ ਜਨਮ ਦੀ ਪਉੜੀ ਦਾ ਇਹ ਅਖੀਰਲਾ ਡੰਡਾ ਹੈ। ਇਸ ਤੋਂ ਪੈਰ ਖਿਸਕਣ ਉਪਰੰਤ ਮਨੁੱਖ ਮੁੜ ਆਵਾਗਵਨ ਦੇ ਚੱਕਰ ਵਿਚ ਪੈ ਜਾਏਗਾ। ਮਨੁੱਖ ਨੂੰ ਲਾਹੇਵੰਦ ਨਾਮ ਦਾ ਵਪਾਰ ਕਰਨਾ ਚਾਹੀਦਾ ਹੈ। ਬਾਕੀ ਸਭ ਦੁਨਿਆਵੀ ਵਪਾਰ ਤਾਂ ਘਾਟੇ ਵਾਧੇ ਵਾਲੇ ਇਥੇ ਹੀ ਰਹਿ ਜਾਣੇ ਹਨ; ਨਾਮ ਦਾ ਲਾਹਾ ਹੀ ਨਾਲ ਜਾਣਾ ਹੈ। ਜੀਵ ਨੂੰ ਉਪਦੇਸ਼ ਹੈ ਕਿ ਉਹ ਆਪਣੇ ਜਜਮਾਨ ਪਾਸੋਂ ਮੰਗਤਾ ਬਣ ਕੇ ਨਾਮ ਦੀ ਦਾਤ ਹੀ ਮੰਗੇ -

***ਕਰਤਾ ਤੂ ਮੇਰਾ ਜਜਮਾਨੁ***
***ਇਕ ਦਖਿਣਾ ਹਉ ਤੈ ਪਹਿ ਮਾਗਉ***
***ਦੇਹਿ ਆਪਣਾ ਨਾਮੁ॥ ਪੰਨਾ - 1329***

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਰਮ, ਵਿਗਿਆਨਕ ਜੁਗ ਦਾ ਧਰਮ ਹੈ। ਵਿਗਿਆਨਕ ਕਾਢਾਂ, ਗੁਰਬਾਣੀ ਦੇ ਅਟੱਲ ਤੇ ਸਦੀਵੀ ਅਸੂਲਾਂ ਨੂੰ ਝੁਠਲਾ ਨਹੀਂ ਸਕਦੀਆਂ। ਜਿਨ੍ਹਾਂ ਨਤੀਜਿਆਂ ਉਤੇ ਵਿਗਿਆਨ ਅੱਜ ਪਹੁੰਚਿਆ ਹੈ, ਗੁਰਬਾਣੀ ਨੇ ਇਨ੍ਹਾਂ ਬਾਰੇ ਪੰਜ ਸਦੀਆਂ ਪਹਿਲਾਂ ਹੀ ਕਥਨ ਕਰ ਦਿਤਾ ਹੈ। ਗੁਰਬਾਣੀ ਦੁਆਰਾ ਪ੍ਰਸਤੁਤ ਅਮਰ ਸਚਾਈਆਂ, ਸਮੇਂ (Time), ਸਥਾਨ (Space) ਅਤੇ ਕਾਰਜ (Cause) ਤੋਂ ਮੁਕਤ ਹਨ। ਇਹ ਸਚਾਈਆਂ, ਜੀਵਨ ਦੀਆਂ ਵਡ-ਮੁੱਲੀਆਂ ਕੀਮਤਾਂ ਤਾਂ ਅੱਜ ਹੋਰ ਵੀ ਨਿੱਖਰ ਕੇ ਸਾਹਮਣੇ ਆ ਰਹੀਆਂ ਹਨ।

ਨੋਬਲ ਇਨਾਮ ਜਿੱਤਣ ਵਾਲੀ ਸ੍ਰੀ ਮਤੀ ਪਰਲਬਕ ਦਾ ਕਥਨ ਹੈ -

ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵਾਂ ਤੇ ਵਿਚਾਰਾਂ ਦਾ ਮੂਲ ਸੋਮਾ ਹੈ ਇਸ ਵਿਚ ਮਨੁੱਖ ਦੀ ਰੂਹ ਦੀ ਇਕੱਲਤਾ ਦਾ ਪ੍ਰਗਟਾਵਾ ਹੈ ਜੋ ਉਸਦੀਆਂ ਧੁਰ ਅੰਦਰ ਦੀਆਂ ਲੋਚਾਵਾਂ ਤੇ ਤਾਂਗਾਂ ਦਾ, ਉਸਦੀ ਰੱਬ ਵਲ ਝਿਣੀ ਪੁਕਾਰ ਦਾ ਤੇ ਉਸਦੀ ਰੱਬ ਨਾਲ ਇਕ ਹੋਣ ਦੀ ਤਰਾਣ ਤੇ ਭੁੱਖ ਦਾ।

ਮੈਂ ਬਾਕੀ ਮਹਾਨ ਧਰਮਾਂ ਦੀਆਂ ਪੁਸਤਕਾਂ ਪੜ੍ਹੀਆਂ ਹਨ ਪਰ ਮੇਰੇ ਦਿਲ ਅਤੇ ਦਿਮਾਗ ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪਾਇਆ ਹੈ ਉਹ ਮੈਨੂੰ ਹੋਰ ਕਿਤੇ ਨਹੀਂ ਲੱਭਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਕਾਰ ਵੱਡਾ ਹੈ ਪਰ ਉਸ ਵਿਚ ਭਾਵਾਂ ਦੀ ਏਕਤਾ ਤੇ ਉਸ ਵਿਚ ਮਨੁੱਖੀ ਦਿਲ ਦੀ ਧੁਰ ਡੂੰਘਾਈ ਤੇ ਵਿਸ਼ਾਲਤਾ ਦੀ ਧਾਰ ਪੈਂਦੀ ਹੈ ਜੋ ਰੱਬ ਦੇ ਪਵਿੱਤਰ ਤੋਂ ਪਵਿੱਤਰ, ਅਗੰਮ ਤੋਂ ਅਗੰਮ ਚਿਤਰ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਵਕਤੀ ਲੋੜਾਂ ਤੀਕ ਸਭ ਕੁਝ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ।"

ਅਸੀਂ ਪਹਿਲਾਂ ਸੰਕੇਤ ਕੀਤਾ ਹੈ ਕਿ ਗੁਰਬਾਣੀ ਨੂੰ ਗੁਰੂ ਦਾ ਦਰਜਾ ਦੇਣ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੋਂ ਹੀ ਸੀ। ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟਾਂ ਸਮੇਂ ਸ਼ਬਦ ਨੂੰ ਗੁਰੂ ਦਾ ਦਰਜਾ ਦਿਤਾ ਅਤੇ ਸੁਰਤਿ ਨੂੰ ਚੇਲੇ ਦਾ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਅਰਜਨ ਦੇਵ ਜੀ ਵਾਸਤੇ ਪਿਉ-ਦਾਦੇ ਦਾ ਅਥਾਹ ਖਜ਼ਾਨਾ ਤਿਆਰ ਹੋ ਚੁੱਕਾ ਸੀ ਜਿਸਨੂੰ ਸੰਭਾਲਣਾ ਅਤੀ ਜ਼ਰੂਰੀ ਸੀ।

ਪੋਥੀ ਨੂੰ ਪਰਮੇਸ਼ਰ ਦਾ ਥਾਨ ਦਿੰਦੇ ਹੋਏ ਗੁਰੂ ਜੀ ਨੇ ਇਸਨੂੰ ਉਚ ਸਥਾਨ ਦੇ ਕੇ ਭਾਵ ਗ੍ਰੰਥ ਰੂਪ ਵਿਚ ਸੰਪਾਦਨਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਅਤੇ ਆਪ ਨੀਵੇਂ ਥਾਂ ਟਿਕਾਣਾ ਕਰ ਲਿਆ। ਦੂਸਰੇ ਸ਼ਬਦਾਂ ਵਿਚ ਸ਼ਬਦ ਦਾ ਉਥਾਨ ਹੋਣ ਦੇ ਨਾਲ ਸਰੀਰ ਦਾ ਸੰਕੋਚਣਾ ਸ਼ੁਰੂ ਹੋ ਗਿਆ ਸੀ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਨੂੰ ਗੁਰੂ ਦਾ ਦਰਜਾ ਦੇ ਕੇ ਮੁਹਰ ਲਾ ਦਿਤੀ ਕਿ ਅੱਜ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ; ਜਿਸਨੇ ਸਾਡੇ ਨਾਲ ਗਲ ਕਰਨੀ ਹੋਵੇ, ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਮਨ ਨਾਲ ਪਾਠ ਕਰਨਾ।

ਭਾਈ ਨੰਦ ਲਾਲ, ਆਪਣੇ ਰਹਿਤਨਾਮੇ ਵਿਚ ਲਿਖਦੇ ਹਨ -

***ਦੂਸਰ ਰੂਪ ਗ੍ਰੰਥ ਜੀ ਜਾਣ॥***
***ਉਨ ਕੋ ਅੰਗ ਮੇਰੋ ਕਰ ਮਾਨ॥***
***ਮੇਰਾ ਰੂਪ ਗ੍ਰੰਥ ਜੀ ਜਾਣ॥***
***ਇਸ ਮੇ ਭੇਦ ਨਹੀ ਕਛ ਮਾਨ॥***

---

ਜੋ ਨਿਚੋੜ ਸਾਰੇ ਧਰਮੋਂ ਕਾ, ਗ੍ਰੰਥ ਸਾਹਿਬ ਕੇ ਅੰਦਰ ਹੈ, ਵੋ ਅਨਯ ਗ੍ਰੰਥੋਂ ਮੇਂ ਨਹੀਂ ਮਿਲੇਗਾ। ਯੇ ਤੋ ਸਾਰੇ ਸੰਸਾਰ ਕੇ ਜਿਤਨੇ ਭੀ ਧਰਮ ਹੈਂ, ਉਨ ਕੋ ਫਿਲਟਰ (filter) ਕਰਕੇ ਬਨਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਮਹਾਨ ਸਾਗਰ ਹੈਂ। ਸਾਗਰ ਮੇਂ ਜੋ ਜਿਤਨੀ ਡੁਬਕੀ ਲਗਾਏਗਾ, ਉਤਨਾ ਹੀ ਉਸ ਕੋ ਕੁਛ ਨਾ ਕੁਛ ਪ੍ਰਾਪਤ ਹੋਗਾ।

*ਡਾ. ਸਵਾਮੀ ਰਾਮ ਜੀ*

# ਸ਼ੁਭ ਉਪਦੇਸ਼

## (ਬਾਈਬਲ ਵਿਚੋਂ)

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂਹਾਨੀ. ਮਿਸ਼ਨ।*

### ਸ਼ਬਦ : ਅਨਾਦਿ ਅਤੇ ਸਥਿਰ

ਆਰੰਭ ਵਿਚ ਸ਼ਬਦ ਸੀ, ਸ਼ਬਦ ਈਸ਼ਵਰ ਦੇ ਨਾਲ ਸੀ ਅਤੇ ਸ਼ਬਦ ਈਸ਼ਵਰ ਸੀ, ਸਭ ਕੁਝ ਇਸੇ ਤੋਂ ਉਤਪੰਨ ਹੋਇਆ ਅਤੇ ਜੋ ਕੁਝ ਉਤਪੰਨ ਹੋਇਆ ਹੈ, ਉਸ ਵਿਚੋਂ ਕੋਈ ਵੀ ਵਸਤੂ ਉਸ ਤੋਂ ਬਿਨਾਂ ਉਤਪੰਨ ਨਹੀਂ ਹੋਈ। ਉਸ ਵਿਚ ਜੀਵਨ ਸੀ ਅਤੇ ਉਹ ਜੀਵਨ ਮਨੁਖਾਂ ਦੀ ਜੋਤਿ ਸੀ। ਉਹ ਜੋਤਿ ਅੰਧਕਾਰ ਵਿਚ ਪ੍ਰਕਾਸ਼ਿਤ ਹੈ, ਅੰਧਕਾਰ ਨੇ ਉਸਨੂੰ ਗ੍ਰਹਿਣ ਨਹੀਂ ਕੀਤਾ।

(ਯੂਹੰਨਾ - 1/1-5)

ਈਸ਼ਵਰ ਦਾ ਸ਼ਬਦ ਜੀਵਤ, ਪ੍ਰਬਲ ਅਤੇ ਸਮਸਤ ਦੁਧਾਰੀ ਤਲਵਾਰਾਂ ਤੋਂ ਵੀ ਬਹੁਤ ਤੀਖਣ ਹੈ।

(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 4/12)

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰਿ ਜਗਤ ਮੋ ਰਹਾ॥***
***ਪੰਨਾ - 158 (ਸ੍ਰੀ ਦਸਮ ਗ੍ਰੰਥ)***

ਸਾਰਾ ਜਗਤ ਓਅੰਕਾਰ ਦੀ ਧੁਨੀ ਤੋਂ ਪ੍ਰਗਟ ਹੋ ਗਿਆ।

***ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰ ਬਣਾਯਾ।***
***ਭਾਈ ਗੁਰਦਾਸ ਜੀ, ਵਾਰ 26/2***

***ਇਕ ਕਵਾਉ ਪਸਾਉ ਕਰ ਓਅੰਕਾਰ ਅਕਾਰ ਪਸਾਰਾ।***
***ਭਾਈ ਗੁਰਦਾਸ ਜੀ ਵਾਰ 6/4***

### ਪ੍ਰਮਾਤਮਾ

ਹੇ ਪ੍ਰਭੂ! ਸ੍ਰਿਸ਼ਟੀ ਦੇ ਆਰੰਭ ਵਿਚ ਤੂੰ ਪ੍ਰਿਥਵੀ ਦੀ ਨੀਂਹ ਰੱਖੀ ਅਤੇ ਸਵਰਗ ਤੇਰੇ ਹੱਥਾਂ ਦੀ ਕਾਰੀਗਰੀ ਹੈ। ਉਹ ਤਾਂ ਨਾਸ਼ ਹੋ ਜਾਣਗੇ, ਪੁਰਾਣੇ ਵਸਤਰਾਂ ਦੀ ਨਿਆਈਂ ਜੀਰਣ ਹੋ ਜਾਣਗੇ, ਪਰ ਤੂੰ ਸਥਿਰ ਰਹੇਂਗਾ। ਤੂੰ ਉਨ੍ਹਾਂ ਨੂੰ ਚਾਦਰ ਦੀ ਨਿਆਈਂ ਲਪੇਟੇਂਗਾ। ਉਹ ਵਸਤਰ ਦੀ ਤਰ੍ਹਾਂ ਬਦਲ ਜਾਣਗੇ, ਪਰ ਤੂੰ ਉਹੀ ਰਹੇਂਗਾ, ਕਿਉਂਕਿ ਤੂੰ ਅਪਰਿਵਰਤਨਸ਼ੀਲ ਹੈਂ। ਤੇਰੇ ਵਰ੍ਹਿਆਂ ਦਾ ਅੰਤ ਨਹੀਂ ਹੋਣਾ।

(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 1/10-12)

### ਈਸ਼ਵਰ : ਗਹਿਰ-ਗੰਭੀਰ

ਈਸ਼ਵਰ ਦਾ ਧਨ, ਬੁੱਧੀ ਅਤੇ ਗਿਆਨ ਕਿੰਨੇ ਗੰਭੀਰ ਹਨ। ਉਸਦੇ ਵਿਚਾਰ ਕਿੰਨੇ ਅਥਾਹ ਅਤੇ ਉਸਦੇ ਮਾਰਗ ਕਿੰਨੇ ਅਗੰਮ ਹਨ। ਪ੍ਰਭੂ ਦੀ ਬੁੱਧੀ ਨੂੰ ਕੌਣ ਜਾਣ ਸਕਿਆ ਹੈ?

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 1/33-34)

***ਵੱਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥***
***ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥***
***ਪੰਨਾ - 9 (ਗੁਰਬਾਣੀ)***

### ਈਸ਼ਵਰ ਪ੍ਰਕਾਸ਼ ਰੂਪ

ਈਸ਼ਵਰ ਪ੍ਰਕਾਸ਼ ਰੂਪ ਹੈ, ਉਸ ਵਿਚ ਰੱਤੀ ਭਰ ਵੀ ਅੰਧਕਾਰ ਨਹੀਂ।

(ਯੂਹੰਨਾ ਦੀ ਪਹਿਲੀ ਚਿੱਠੀ 1/5)

### ਪ੍ਰਭੂ ਦੀ ਪ੍ਰਭਤਾ

ਪ੍ਰਭੂ ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ। ਅਮਰਤਾ ਕੇਵਲ ਉਸੇ ਦੀ ਹੈ। ਉਹ ਅਗੰਮੀ ਪ੍ਰਕਾਸ਼ ਵਿਚ ਰਹਿੰਦਾ ਹੈ। ਉਸਨੂੰ ਨਾ ਕਿਸੇ ਮਨੁੱਖ ਨੇ ਦੇਖਿਆ ਹੈ ਅਤੇ ਨਾ ਹੀ ਕਦੇ ਦੇਖ ਸਕਦਾ ਹੈ। ਉਸਦੀ ਪ੍ਰਤਿਸ਼ਠਾ ਅਤੇ ਰਾਜ ਜੁਗੋਂ-ਜੁਗ ਰਹੇਗਾ।

(ਤੀਮੁਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ - 6/15-16)

ਗੁਰਮਤਿ ਅਨੁਸਾਰ ਪ੍ਰਭੂ ਘਟ-ਘਟ ਵਿਚ ਵਿਆਪਕ ਹੈ, ਹਰ ਥਾਂ ਤੇ ਹੈ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਪੰਨਾ - 677***

***ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ***
***ਸਭ ਮਹਿ ਰਹਿਆ ਸਮਾਇ ਜੀਉ॥ ਪੰਨਾ - 448***

ਜਦੋਂ ਹਉਮੈਂ ਦੂਰ ਹੋ ਜਾਂਦੀ ਹੈ ਤਾਂ ਦਿਬਦ੍ਰਿਸ਼ਟ ਰਾਹੀਂ ਦਿਸਦਾ ਹੈ ਕਿ ਏਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਹੈ ਹੀ ਨਹੀਂ।

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਪੰਨਾ -***

### ਈਸ਼ਵਰ ਦਇਆਵਾਨ ਅਤੇ ਸਿਰਜਣਹਾਰ

ਦਇਆ ਸਾਗਰ ਪ੍ਰਮੇਸ਼ਰ ਨੇ ਆਪਣੇ ਅਗਾਧ ਪ੍ਰੇਮ ਦੇ ਕਾਰਣ ਹੀ ਸਾਡੇ ਨਾਲ ਪ੍ਰੇਮ ਕੀਤਾ। ਅਸੀਂ ਅਪਰਾਧਾਂ ਕਾਰਣ ਮਰੇ ਹੋਏ ਸਾਂ, ਸਾਨੂੰ ਜੀਵਾਲਿਆ। ਸਾਡਾ ਇਹ ਉਧਾਰ ਸਾਡੇ ਕਾਰਨ ਨਹੀਂ, ਈਸ਼ਵਰ ਕਾਰਨ ਹੀ ਹੋਇਆ। ਇਹ ਸਾਡੇ ਕਰਮਾਂ ਦਾ ਫਲ ਨਹੀਂ, ਇਸ ਲਈ ਗਰਬ (ਘੁਮੰਡ) ਨਾ ਕਰੋ। ਕਾਰਣ ਰੂਪ ਈਸ਼ਵਰ ਹੀ ਸਾਡਾ ਸਿਰਜਣਹਾਰ ਹੈ।

(ਇਫਿਸੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 2/4-10)

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***
***ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥***
***ਪੰਨਾ - 276***

ਉਹ ਪ੍ਰੇਮ ਰੂਪ ਹੋ ਕੇ ਸਾਰੇ ਪਰੀਪੂਰਨ ਹੈ –

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਜਦ ਤਕ ਅਕਾਸ਼ ਅਤੇ ਪ੍ਰਿਥਵੀ ਦੀ ਹੋਂਦ ਹੈ, ਤਦ ਤਕ ਘਾਹ ਦੇ ਇਕ ਤਿਨਕੇ ਦੇ ਲਈ ਵੀ ਇਹ ਸੰਭਵ ਨਹੀਂ ਕਿ ਉਹ ਈਸ਼ਵਰੀ ਨਿਯਮਾਂ ਦੀ ਰੱਤੀ ਭਰ ਵੀ ਉਲੰਘਣਾ ਕਰੇਗਾ ਅਤੇ ਹੋਰਨਾਂ ਨੂੰ ਇਸ ਉਲੰਘਣਾ ਦੀ ਪ੍ਰੇਰਨਾ ਦਏਗਾ, ਉਹ ਸਵਰਗ ਦੇ ਰਾਜ ਵਿਚ ਅਤਿਅੰਤ ਨਿਗੁਣਾ ਮੰਨਿਆ ਜਾਵੇਗਾ। ਪਰ ਜੋ ਕੋਈ ਇਸਦਾ ਪਾਲਣ ਆਪ ਕਰੇਗਾ ਅਤੇ ਦੂਜਿਆਂ ਨੂੰ ਕਰਨ ਦੀ ਪ੍ਰੇਰਣਾ ਦੇਵੇਗਾ, ਉਹ ਸਵਰਗ ਦੇ ਰਾਜ ਵਿਚ ਮਹਾਨ ਦਰਜਾ ਪ੍ਰਾਪਤ ਕਰੇਗਾ।

(ਮੱਤੀ – 5/18–19)

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

***ਪੰਨਾ - 1 (ਗੁਰਬਾਣੀ)***

***ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥***
***ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥***

***ਪੰਨਾ - 421 (ਗੁਰਬਾਣੀ)***

***ਹੁਕਮੁ ਮੰਨੇ ਸੋਈ ਸੁਖੁ ਪਾਏ***
***ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥***

***ਪੰਨਾ - 1055 (ਗੁਰਬਾਣੀ)***

***ਹੁਕਮੁ ਮੰਨੇ ਸੋ ਜਨੁ ਪਰਵਾਣੁ॥***
***ਗੁਰ ਕੈ ਸਬਦਿ ਨਾਮਿ ਨੀਸਾਣੁ॥***

***ਪੰਨਾ - 1175 (ਗੁਰਬਾਣੀ)***

ਈਸ਼ਵਰ ਹਰੇਕ ਨੂੰ ਉਸਦੇ ਕਰਮਾਂ ਅਨੁਸਾਰ ਫਲ ਦੇਵੇਗਾ। ਜੋ ਕਰਮ ਵਿਚ ਸਥਿਰ ਰਹਿ ਕੇ ਮਹਿਮਾ, ਆਦਰ ਅਤੇ ਅਮਰਤਾ ਦੀ ਖੋਜ ਵਿਚ ਹਨ, ਉਹਨਾਂ ਨੂੰ ਉਹ ਅਨੰਤ ਜੀਵਨ ਪ੍ਰਦਾਨ ਕਰੇਗਾ। ਪਰ ਜੋ ਵਿਵਾਦੀ ਹਨ ਅਤੇ ਸੱਚ ਨੂੰ ਨਹੀਂ ਮੰਨਦੇ, ਸਗੋਂ ਅਧਰਮ ਨੂੰ ਮੰਨਦੇ ਹਨ, ਉਹ ਈਸ਼ਵਰ ਦੇ ਕੋਪ ਅਤੇ ਕ੍ਰੋਧ ਦੇ ਪਾਤਰ ਬਣਨਗੇ, ਕਿਉਂਕਿ ਈਸ਼ਵਰ ਪੱਖਪਾਤੀ ਨਹੀਂ ਹੈ, ਸਗੋਂ ਨਿਆਂਕਾਰ ਹੈ।

(ਰੋਮੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 2/6–11)

***ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥***
***ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ***
***ਪਾਪਿ ਕਮਾਣੈ ਪਾਪੀ ਜਾਣੀਐ॥*** ***ਪੰਨਾ - 138***

## ਪੰਚਾਂ ਵਿਚ ਪ੍ਰਮੇਸ਼ਰ

ਜੇ ਤੁਹਾਡਾ ਸਾਥੀ ਭਰਾ ਕੋਈ ਅਪਰਾਧ ਕਰੇ ਤਾਂ ਉਸਨੂੰ ਇਕੱਲਿਆਂ ਸਮਝਾਉ-ਬੁਝਾਉ। ਜੇ ਉਹ ਤੁਹਾਡੀ ਗੱਲ ਸੁਣ ਲਵੇ ਤਾਂ ਸਮਝੋ, ਤੁਸਾਂ ਉਸਨੂੰ ਪਾ ਲਿਆ ਹੈ।

ਜੇਕਰ ਕੋਈ ਦੋ ਮਨੁਖ ਇਕ ਮਨ ਹੋ ਕੇ ਕੁਝ ਮੰਗਾਂ ਰੱਖਣ ਤਾਂ ਪਰਮ ਪਿਤਾ ਜ਼ਰੂਰ ਮਨਜ਼ੂਰ ਕਰੇਗਾ, ਕਿਉਂਕਿ ਜਿਥੇ ਦੋ ਜਾਂ ਤਿੰਨ ਮਨੁੱਖ ਪ੍ਰਭੂ ਦੇ ਨਾਮ ਤੇ ਇਕੱਠੇ ਹੁੰਦੇ ਹਨ ਉਥੇ ਹੀ ਪਰਮ ਪਿਤਾ ਪ੍ਰਮੇਸ਼ਰ ਮੌਜੂਦ ਹੁੰਦਾ ਹੈ।

(ਮੱਤੀ – 8/15–20)

***ਇੱਕ ਸਿੱਖ ਦੁਇ ਸਾਧ ਸੰਗ ਪੰਜੀਂ ਪਰਮੇਸੁਰ।***

***ਭਾਈ ਗੁਰਦਾਸ ਜੀ, ਵਾਰ 13/19***

## ਪ੍ਰਭੂ ਦੀ ਰਜ਼ਾ

ਸੁਣੋ! ਤੁਸੀਂ ਜੋ ਇਹ ਕਹਿੰਦੇ ਹੋ ਕਿ ਕੱਲ ਅਸੀਂ ਕਿਸੇ ਹੋਰ ਸ਼ਹਿਰ ਜਾ ਕੇ ਇਕ ਸਾਲ ਬਿਤਾਵਾਂਗੇ ਅਤੇ ਵਪਾਰ ਕਰਕੇ ਲਾਭ ਉਠਾਵਾਂਗੇ, ਪਰ ਇਹ ਨਹੀਂ ਜਾਣਦੇ ਕਿ ਕੱਲ ਕੀ ਹੋਵੇਗਾ। ਤੁਹਾਡਾ ਜੀਵਨ ਹੈ ਹੀ ਕੀ? ਤੁਸੀਂ ਤਾਂ ਮਾਨੋ ਭਾਫ਼ ਦੇ ਸਮਾਨ ਹੋ, ਜੋ ਥੋੜ੍ਹੀ ਦੇਰ ਦਿਖਾਈ ਦਿੰਦੀ ਹੈ ਅਤੇ ਫਿਰ ਅਲੋਪ ਹੋ ਜਾਂਦੀ ਹੈ। ਇਸਦੇ ਉਲਟ ਤੁਹਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਜੇ ਰੱਬ ਨੇ ਚਾਹਿਆ ਤਾਂ ਅਸੀਂ ਜ਼ਿੰਦਾ ਰਹਾਂਗੇ ਅਤੇ ਅਮਕਾ-ਅਮਕਾ ਕੰਮ ਕਰਾਂਗੇ। ਪਰ ਹੁਣ, ਹੁਣ ਤਾਂ ਤੁਸੀਂ ਆਪਣੀ ਡੀਂਗ ਉਪਰ ਘੁਮੰਡ ਕਰਦੇ ਹੋ, ਅਜਿਹਾ ਘੁਮੰਡ ਬੁਰਾ ਹੈ।

(ਯਾਕੂਬ ਦੀ ਚਿੱਠੀ – 4/13–6)

***ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥***
***ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥***

***ਪੰਨਾ - 418 (ਗੁਰਬਾਣੀ)***

***ਸੁਖੁ ਦੁਖੁ ਤੇਰੀ ਆਗਿਆ ਪਿਆਰੇ***
***ਦੂਜੀ ਨਾਹੀ ਜਾਇ॥***
***ਜੋ ਤੂੰ ਕਰਾਵਹਿ ਸੋ ਕਰੀ ਪਿਆਰੇ***
***ਅਵਰੁ ਕਿਛੁ ਕਰਣੁ ਨ ਜਾਇ॥***

***ਪੰਨਾ - 432 (ਗੁਰਬਾਣੀ)***

---

(ਪੰਨਾ 43 ਦੀ ਬਾਕੀ)

ਵਾਰਤਾਲਾਪ ਹੁੰਦੀ ਸੀ, ਮੂੰਹ ਨਾਲ ਗੱਲ ਕਰਨ ਦੀ ਕੋਈ ਲੋੜ ਹੀ ਨਹੀਂ ਸੀ ਹੁੰਦੀ। ਅਸੀਂ ਦੋਨੋਂ ਹੀ ਮੌਨ ਭਾਸ਼ਾ ਦੇ ਵਾਰਤਾਲਾਪ ਵਿਚ ਵਿਅਸਤ ਰਹਿੰਦੇ। ਵੱਧ ਤੋਂ ਵੱਧ ਪ੍ਰਸ਼ਨਾਂ ਦੇ ਉਤਰ ਉਹ ਮੁਸਕਰਾਹਟ ਨਾਲ ਹੀ ਦੇ ਦਿੰਦੇ। ਉਹ ਬੋਲਦੇ ਬਹੁਤ ਘਟ ਸਨ ਪਰ ਮੇਰੇ ਵਿਕਾਸ ਲਈ ਪੂਰਾ ਵਾਤਾਵਰਣ ਸੋਧ ਕੇ ਹੀ ਰੱਖਦੇ।

ਕੁਝ ਲੋਕ ਗੁਰੂਦੇਵ ਨੂੰ ਬੰਗਾਲੀ ਬਾਬਾ, ਤੇ ਕੁਝ ਕੇਵਲ ਬਾਬਾ ਕਹਿੰਦੇ ਸਨ। ਮੈਂ ਗੁਰੂਦੇਵ ਹੀ ਕਹਿੰਦਾ ਹਾਂ, ਇਸ ਤੋਂ ਪਿਆਰਾ ਹੋਰ ਕੋਈ ਸ਼ਬਦ ਮੇਰੇ ਕੋਲ ਨਹੀਂ ਹੈ। ਉਨ੍ਹਾਂ ਲਈ ਮੇਰੀ ਸ਼ਰਧਾ ਅਖੰਡ ਹੈ। ਉਨ੍ਹਾਂ ਦੀ ਸਿੱਖਿਆ ਕ੍ਰਿਆਤਮਕ ਸੀ ਤੇ ਪਿਆਰ, ਇਕ ਅਥਾਹ ਸਾਗਰ ਦੀ ਤਰ੍ਹਾਂ ਉਨ੍ਹਾਂ ਦੀ ਬਾਣੀ ਤੇ ਹੋਰ ਸਭ ਕੁਝ ਇਕ ਦੈਵੀ ਰੂਪ ਹੀ ਸੀ। ਮੇਰੇ ਲਈ ਉਹ ਪਰਸਪਰ ਗਿਆਨ ਦੇ ਸਰੋਤ ਹਨ ਤੇ ਹਿਮਾਲੀਆ ਵਿਚ ਜਿੰਨੇ ਸੰਤ ਵਸਦੇ ਹਨ, ਉਨ੍ਹਾਂ 'ਚੋਂ ਮੁਖੀ ਹਨ। ਉਨ੍ਹਾਂ ਦੇ ਜੀਵਨ ਦਾ ਲਕਸ਼, ਸੁਦ੍ਰਿੜ ਸਾਧਕਾਂ ਨੂੰ ਰਸਤੇ ਪਾਉਣਾ ਹੈ। ਜੋ ਵੀ ਕੋਈ ਉਨ੍ਹਾਂ ਦਾ ਸਿਮਰਣ ਕਰਦਾ ਹੈ, ਉਹ ਉਸਦੀ ਸਹਾਇਤਾ ਕਰਦੇ ਹਨ; ਇਸ ਗੱਲ ਦਾ ਮੈਨੂੰ ਪੂਰਾ ਤੇ ਪੱਕਾ ਯਕੀਨ ਹੈ। ਮੈਂ ਤੇ ਕਈ ਹੋਰ ਸਾਧੂਆਂ ਨੇ ਇਸ ਗੱਲ ਨੂੰ ਜਾਂਚਿਆ ਹੈ।

ਜਦੋਂ ਵੀ ਕਦੇ ਮੈਨੂੰ ਆਪਣੇ ਧੰਦਿਆਂ ਤੋਂ ਵਿਹਲ ਮਿਲਦੀ, ਮੇਰੀ ਇਹੀ ਲਾਲਸਾ ਹੁੰਦੀ ਕਿ ਮੈਂ ਗੁਰੂਦੇਵ ਦੇ ਚਰਨਾਂ ਵਿਚ ਦੌੜ ਜਾਵਾਂ, ਕਿਉਂ ਜੋ ਉਹ ਹੀ ਮੇਰੇ ਇਕ ਮਾਤਰ ਮਾਰਗ ਦਰਸ਼ਕ ਸੀ। ਮੈਂ ਜਿਥੇ ਵੀ ਹਾਂ, ਜੋ ਵੀ ਹਾਂ, ਆਪ ਜੀ ਦੇ ਚਰਨਾਂ ਵਿਚ ਆਪਣੀ ਸ਼ਰਧਾ ਭੇਟਾ ਕਰਦਾ ਹਾਂ, ਆਪ ਦੇ ਚਰਨਾਂ ਵਿਚ ਹੀ ਸਮਰਪਿਤ ਹਾਂ। ਮੇਰੇ ਅੰਦਰ ਜੋ ਵੀ ਤਰੁੱਟੀਆਂ ਹਨ, ਉਹ ਮੇਰੀਆਂ ਆਪਣੀਆਂ ਹਨ ਤੇ ਮੇਰੇ ਜੀਵਨ ਦੀਆਂ ਜੋ ਵੀ ਚੰਗਿਆਈਆਂ, ਗੁਣ ਹਨ, ਉਹ ਕੇਵਲ ਆਪ ਹੀ ਦਾ ਪ੍ਰਸ਼ਾਦ ਹੈ।

# ਆਤਮ ਮਾਰਗ ਦਾ ਪ੍ਰਯੋਜਨ

*ਸੰਤ ਸਾਧੂ ਸਿੰਘ ਜੀ, ਭਬਲ ਐਮ. ਏ,*
*ਸੰਗਰੂਰ।*

ਆਤਮ ਮਾਰਗ ਦਾ ਪ੍ਰਯੋਜਨ ਇਨਸਾਨ ਨੂੰ ਮੁਕੰਮਲ ਇਨਸਾਨ ਬਣਾਉਣਾ ਹੈ ਕਿਉਂਕਿ ਇਨਸਾਨ ਹੱਡ, ਚੰਮ ਦਾ ਨਾਮ ਨਹੀਂ। ਇਨਸਾਨ ਕੈਸਾ ਹੈ, ਜੈਸੇ ਉਸਦੇ ਕਰਤੱਵ। ਕਰਤੱਵ ਨੂੰ ਦਰਜਾ ਹੈ- ਕਰਤੱਵ ਵੈਸੇ, ਜੈਸੀ ਬੁੱਧ; ਬੁੱਧ ਵੈਸੀ, ਜੈਸੀ ਸੰਗਤ। ਸੰਗਤ ਕਰਨਾ ਮਨ ਦਾ ਧਰਮ ਹੈ, ਸਰੀਰ ਦਾ ਨਹੀਂ। ਤਦੇ ਕਿਹਾ ਹੈ -

A man is known by the company he keeps. ਜੇ ਇਨਸਾਨ ਸਤਿ ਬਚਨ ਨਾ ਪੜ੍ਹੇ ਤਾਂ ਇਨਸਾਨੀਅਤ ਤੋਂ ਬਹੁਤ ਦੂਰ ਚਲਿਆ ਜਾਂਦਾ ਹੈ। ਸਤਿਸੰਗ ਨਾਲ ਸਤਿ ਦੇ ਦੇਸ਼ ਪਹੁੰਚ ਕੇ ਜੀਵਨ ਪੰਧ ਮੁਕੰਮਲ ਹੋ ਜਾਂਦਾ ਹੈ। ਇਸ ਤੋਂ ਉਲਟ ਕੁਸੰਗ ਨਾਲ ਜੀਵਨ ਬਰਬਾਦ ਹੋ ਜਾਂਦਾ ਹੈ। ਮਨ ਨਿਚਲਾ ਨਹੀਂ ਬੈਠ ਸਕਦਾ, ਹਰ ਵਕਤ ਕੁਛ ਨਾ ਕੁਛ ਚਾਹੁੰਦਾ ਹੈ। ਇਸ ਲਈ ਹੀ ਹੁਕਮ ਹੈ -

*ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥*
*ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥*

*ਪੰਨਾ - 20*

ਫਰੀਦ ਜੀ ਕਹਿੰਦੇ ਹਨ "ਐ ਇਨਸਾਨ! ਵੱਡੀ ਇਹ ਬਹਾਦਰੀ,ਕਰ ਕੁਸੰਗ ਕਾ ਤਿਆਗ।" ਇਸ ਲਈ ਮਨ ਨੂੰ ਕੁਸੰਗ ਤੋਂ ਬਚਾਉਣ ਲਈ ਸਤਿਸੰਗ ਦੀ, ਗੁਰਬਾਣੀ ਦੀ, ਪੂਰਨ ਮਹਾਂਪੁਰਖਾਂ ਦੇ ਬਚਨਾਂ ਦੀ ਖੁਰਾਕ ਦੇਣੀ ਅਤਿ ਜ਼ਰੂਰੀ ਹੈ, ਵਰਨਾ ਇਨਸਾਨ ਰੂਹਾਨੀਅਤ ਪੱਖ ਤੋਂ ਮੁਰਦਾ ਹੋ ਜਾਂਦਾ ਹੈ। ਜਿਸਨੂੰ ਸਤਿ ਨਾਲ ਪਿਆਰ ਨਹੀਂ, ਉਹ ਮੁਰਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਐਨੀਆਂ ਸਿਫਤਾਂ ਹੋਣ ਦੇ ਬਾਵਜੂਦ, ਉਹ ਮੁਰਦਾ ਹੈ। ਅਜਿਹੇ ਇਨਸਾਨ ਦੇ ਹੱਥੋਂ ਗੁਰੂ ਸਾਹਿਬ ਪਾਣੀ ਪੀਣ ਲਈ ਵੀ ਤਿਆਰ ਨਹੀਂ ਹਨ। ਮਿਲਣਾ ਜਾਂ ਨੇੜੇ ਲਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ। ਸੋ ਅੰਦਰ ਝਾੜੂ ਦੇਣ ਦੀ ਲੋੜ ਹੈ, ਕੂੜਾ ਕਰਕਟ ਸਾਫ ਕਰਨ ਦੀ ਲੋੜ ਹੈ, ਬਦਬੂ ਦੂਰ ਕਰਨ ਦੀ ਲੋੜ ਹੈ। ਉਹ ਸਤਿ ਬਚਨਾਂ ਨਾਲ ਹੀ ਹੋ ਸਕਦਾ ਹੈ, ਹੋਰ ਕੋਈ ਵਿਧੀ, ਢੰਗ, ਤਰੀਕਾ ਨਹੀਂ ਹੈ। ਸਰੀਰ ਕਰਕੇ ਸੇਵਾ, ਮਨ ਕਰਕੇ ਸਤਿ ਨਾਲ ਜੁੜਨਾ।

ਮਨ ਕਰੋੜਾਂ ਜਨਮਾਂ ਤੋਂ ਹੋਛੇ ਰਸ ਪੀਣ ਦਾ ਆਦੀ ਹੋ ਚੁੱਕਾ ਹੈ, ਮੈਲ ਨੂੰ ਹੀ ਚਾਹੁੰਦਾ ਹੈ -

*ਮਨੁ ਮੈਲਾ ਹੈ ਦੂਜੈ ਭਾਇ॥*
*ਮੈਲਾ ਚਉਕਾ ਮੈਲੈ ਥਾਇ॥*
*ਮੈਲਾ ਖਾਇ ਫਿਰਿ ਮੈਲੁ ਵਧਾਏ*
*ਮਨਮੁਖ ਮੈਲੁ ਦੁਖ ਪਾਵਣਿਆ॥*

*ਪੰਨਾ - 121*

ਇਸਨੂੰ ਸਤਿ ਸ਼ਬਦ ਨਾਲ ਧੋਂਦੇ ਰਹਿਣ ਦਾ ਪੱਕਾ ਸੁਭਾਅ ਬਣਾ ਲੈਣਾ ਚਾਹੀਦਾ ਹੈ ਜਿਸ ਵਾਸਤੇ 'ਆਤਮ ਮਾਰਗ' ਨੇ ਇਹ ਕਾਰਜ ਅਰੰਭਿਆ ਹੈ। ਮਨ ਹਰ ਵਕਤ ਹੀ ਫੁਰਨਿਆਂ ਦੁਆਰਾ ਮੈਲਾ ਹੋਈ ਜਾਂਦਾ ਹੈ ਅਤੇ ਦੁਖੀ ਹੋਈ ਜਾਂਦਾ ਹੈ ਜਿਵੇਂ ਜੰਗਲੀ ਊਠ ਆਪਣੀ ਹੀ ਪੂੰਛ ਨਾਲ ਦੁਖੀ ਹੋਈ ਜਾਂਦਾ ਹੈ। ਇਹ ਇਤਨਾ ਤੇਜ਼, ਫੁਰਤੀਲਾ, ਅਵੈੜਾ ਅਤੇ ਅੜੀਅਲ ਹੈ ਜਿਸ ਦਾ ਮੁਕਾਬਲਾ ਸ਼ਬਦ ਤੋਂ ਬਗੈਰ ਕੋਈ ਕਰ ਨਹੀਂ ਸਕਦਾ। ਸਧਾਰਣ ਆਦਮੀ, ਮਨ ਦਾ ਗੁਲਾਮ ਹੋਣ ਕਰਕੇ ਹੀ ਮਨਮੁਖ ਕਹਿਲਾਂਦਾ ਹੈ। ਮਨਮੁਖ ਦਾ ਜੀਵਨ ਐਥੇ ਉਥੇ ਦੋਹੀਂ ਜਹਾਨੀਂ ਬਰਬਾਦ ਹੈ। ਜਿਹਨੂੰ ਪ੍ਰੇਤ ਚੰਬੜਿਆ ਹੋਵੇ, ਉਹ ਸੁਖੀ ਕੈਸੇ ਹੋ ਸਕਦਾ ਹੈ, ਭਾਵ ਹੋ ਹੀ ਨਹੀਂ ਸਕਦਾ। ਮਿਸਾਲ ਦੁਆਰਾ ਸਮਝੀਏ -

ਇਕ ਸੇਠ ਸ਼ਾਹੂਕਾਰ ਦਾ ਵਣਜ ਸੀ - ਦੇਸ਼ਾਂ-ਵਿਦੇਸ਼ਾਂ 'ਚ, ਦੂਰ ਦੁਰਾਡੇ। ਉਹ ਚਾਹੁੰਦਾ ਹੈ ਕੋਈ ਫੁਰਤੀਲਾ ਨੌਕਰ ਮਿਲੇ। ਉਸਦੇ ਇਕ ਮਿਤਰ ਨੇ ਕਿਹਾ, "ਸੇਠ ਜੀ ਨੌਕਰ ਤਾਂ ਹੈ ਬਹੁਤ ਹੀ ਫੁਰਤੀਲਾ, ਤੇਜ਼, ਤਨਖਾਹ ਵੀ ਕੋਈ ਨਹੀਂ ਲੈਂਦਾ ਪਰ ਉਸਦੀ ਇਕ ਸ਼ਰਤ ਹੈ ਕਿ ਉਸਨੇ ਵਿਹਲਾ ਨਹੀਂ ਬੈਠਣਾ। ਜੇ ਵਿਹਲਾ ਬੈਠੇਗਾ ਤਾਂ ਉਹ ਆਪਣੇ ਮਾਲਕ ਨੂੰ ਜਿਉਂਦੇ ਨੂੰ ਹੀ ਖਾਊ।" ਸੇਠ ਕਹਿਣ ਲੱਗਿਆ, "ਮੈਨੂੰ ਸ਼ਰਤ ਮਨਜ਼ੂਰ ਹੈ ਕਿਉਂਕਿ ਮੇਰਾ business ਹੀ ਐਡਾ ਵੱਡਾ ਹੈ; ਉਥੇ ਵਿਹਲ ਕਿੱਥੇ।" ਸੇਠ ਨੇ ਉਹ ਪ੍ਰੇਤ ਲੈ ਲਿਆ। ਹੁਣ ਸੇਠ ਨੇ ਉਸਨੂੰ ਨੇੜੇ ਤੋਂ ਸ਼ੁਰੂ ਕਰਕੇ ਦੂਰ ਤੋਂ ਦੂਰ ਵਿਦੇਸ਼ਾਂ 'ਚ ਭੇਜਣਾ ਸ਼ੁਰੂ ਕੀਤਾ। ਪਰ ਉਹ ਤਾਂ ਕੋਈ ਵੀ ਕੰਮ ਹੈ, ਮੂੰਹੋਂ ਨਹੀਂ ਕੱਢਣ ਦਿੰਦਾ, ਉਸੀ ਵੇਲੇ ਕਹਿੰਦਾ ਹੈ, "ਹੋਰ ਕੰਮ ਦੱਸੋ।" ਪਹਿਲਾਂ ਤਾਂ ਸੇਠ ਨੂੰ ਖੁਸ਼ੀ ਹੋਈ ਪਰ ਬਾਅਦ ਵਿਚ ਗਮੀ ਹੋਣੀ ਸ਼ੁਰੂ ਹੋ ਗਈ। ਰੋਟੀ ਛੁਟ ਗਈ, ਰੰਗ ਪੀਲਾ ਪੈਣਾ ਸ਼ੁਰੂ ਹੋ ਗਿਆ। ਮੌਤ ਸਾਹਮਣੇ ਦਿਸਣ ਲੱਗੀ ਕਿਉਂਕਿ ਕੰਮ ਖਤਮ ਹੋਣ ਵਾਲੇ ਹਨ ਤੇ ਮੈਂ ਵੀ ਖਤਮ ਹੋਣ ਵਾਲਾ ਹੀ ਹਾਂ। ਖੁਰਾਕ ਭਾਵੇਂ ਸੇਠ ਪਹਿਲਾਂ ਜਿੰਨੀ ਹੀ ਖਾਂਦਾ ਹੈ ਪਰ ਲਗਣੋਂ ਇਉਂ ਬੰਦ ਹੋ ਗਈ ਜਿਵੇਂ ਕਿਸੇ ਬੱਕਰੇ ਨੂੰ ਸ਼ੇਰ ਕੋਲ ਬੰਨ੍ਹ ਕੇ ਜਿੰਨੀ ਮਰਜ਼ੀ ਖੁਰਾਕ ਦੇਵੋ, ਉਹ ਵਧਣ ਦੀ ਵਜਾਇ ਸਗੋਂ ਘਟੇਗਾ। ਇਉਂ ਚਿੰਤਾ ਦਾ ਰੋਗ, ਜਿਹਨੂੰ ਚਿਖਾ ਬਰਾਬਰ ਦੱਸਿਆ ਹੈ, ਆ ਚਿੰਬੜਿਆ। ਉਸਦੀ ਲੜਕੀ ਸਤਿਸੰਗ ਕਰਨ ਵਾਲੀ ਹੈ। ਆਪਣੇ ਪਿਤਾ ਦੀ ਚਿੰਤਾ ਦਾ ਕਾਰਨ ਪੁੱਛਦੀ ਹੈ। ਪਹਿਲਾਂ ਤਾਂ ਉਹ ਦਸਦਾ ਨੀਂ ਕਿਉਂਕਿ ਮੈਂ ਤਾਂ ਮਰ ਜਾਣਾ ਹੀ ਹੈ, ਇਹਨੂੰ ਕਾਹਨੂੰ ਫਿਕਰ ਪਾਵਾਂ। ਪਰ ਜਦ ਉਸਨੇ ਹਠ ਕਰਕੇ ਪੁੱਛਣਾ ਸ਼ੁਰੂ ਕੀਤਾ ਤਾਂ ਦੱਸਦਾ ਹੈ, "ਬੇਟਾ! ਇਕ ਨੌਕਰ ਜੋ ਕਿ ਪੌਣ ਰੂਪ ਹੈ, ਬਹੁਤ ਹੀ ਤੇਜ਼ ਹੈ, ਉਸਦੀ ਸ਼ਰਤ ਹੈ, ਉਹਨੇ ਵਿਹਲਾ ਨਹੀਂ ਬੈਠਣਾ। ਕੰਮ ਸਾਰੇ ਮੁੱਕਣ ਵਾਲੇ ਹਨ, ਹੁਣ ਮੇਰੀ ਮੌਤ ਨੇੜੇ ਹੈ। ਲੜਕੀ ਸਤਿ ਨੂੰ ਜਾਣਨ ਵਾਲੀ ਕਹਿਣ ਲੱਗੀ, '

'ਪਿਤਾ ਜੀ, ਇਹ ਤਾਂ ਮਾਮੂਲੀ ਬਾਤ ਹੈ।"

"ਬੇਟਾ! ਮੈਂ ਮੌਤ ਦੇ ਮੂੰਹ ਵਿਚ ਪੈ ਰਿਹਾ ਹਾਂ, ਇਹ ਅਜੇ ਮਾਮੂਲੀ ਬਾਤ ਹੈ?"

"ਆਹੋ ਪਿਤਾ ਜੀ, ਮੇਰੇ ਪਾਸ ਇਸਦਾ ਇਲਾਜ ਹੈ।"

"ਛੇਤੀ ਦੱਸ।"

"ਇਹਨੂੰ ਵਿਹਲਾ ਹੀ ਨਹੀਂ ਬੈਠਣ ਦੇਣਾ?'

"ਹਾਂ।"

ਆਪਣੇ ਵਿਹੜੇ ਵਿਚ ਦੋ ਬਾਂਸ ਗੱਡ ਦਿਓ। ਜਿੰਨੀ ਦੇਰ ਕੰਮ ਲੈਣਾ ਹੈ, ਲਈ ਜਾਓ; ਜਦੋਂ ਵਿਹਲਾ ਹੋਵੇ, ਉਸਨੂੰ ਕਹੋ, ਇਕ ਬਾਂਸ ਤੇ ਚੜ੍ਹ ਕੇ ਦੂਜੇ ਤੇ ਉਤਰੇ; ਇਉਂ ਕੰਮ ਲਾਈ ਰੱਖੋ। ਇਉਂ ਸੇਠ ਦੀ ਜਾਨ ਸੁਖਾਲੀ ਹੋ ਗਈ, ਮਾਨੋਂ ਨਵਾਂ ਜਨਮ ਹੋ ਗਿਆ, ਸੁਖ ਦਾ ਸਾਹ ਲਿਆ।

ਇਸੀ ਤਰ੍ਹਾਂ ਪਾਠਕ ਜਨਾਂ ਨੂੰ ਬੇਨਤੀ ਹੈ, ਇਹ ਮਨ ਤੇ ਵਿਹਲਾ ਨਹੀਂ ਬੈਠਣਾ, ਵਿਹਲਾ ਮਨ ਸ਼ੈਤਾਨ ਦਾ ਚਰਖਾ ਹੁੰਦਾ ਹੈ, ਜੇ ਮਾੜੇ ਪਾਸੇ ਲਗੇਗਾ ਤਾਂ ਅਵਾਰਾ ਊਂਠ ਵਾਂਗ ਫਿਰੇਗਾ, ਮਸਤ ਹਾਥੀ ਵਾਂਗ ਬਰਬਾਦੀ ਦਾ ਕਾਰਨ ਬਣੇਗਾ, ਹੁਕਮ ਹੈ -

***ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ***
***ਜਹ ਖਿੰਚੇ ਤਹ ਜਾਇ॥***
***ਠਾਨਕ ਹਸਤੀ ਕੁੰਡੇ ਬਾਹਰਾ***
***ਫਿਰਿ ਫਿਰਿ ਉਝੜਿ ਪਾਇ॥*** ***ਪੰਨਾ - 516***

ਸੋ ਇਸਨੂੰ ਅੰਦਰ ਜਾਂਦੇ ਔਰ ਬਾਹਰ ਨੂੰ ਆਉਂਦੇ-ਆਉਂਦੇ ਸੁਆਸ ਰੂਪੀ ਬਾਂਸਾਂ ਤੇ ਉਤਾਰੋ, ਚੜ੍ਹਾਵੋ। ਹਵਾ, ਅੱਗ, ਪਾਣੀ; ਜੇ ਇਨ੍ਹਾਂ ਨੂੰ ਕੰਟਰੋਲ ਕਰਕੇ Proper chanalise ਕਰ ਲਈਏ ਤਾਂ ਇਹਨਾਂ ਦੀ ਸ਼ਕਤੀ ਦਾ ਅਥਾਹ ਨਹੀਂ ਪਾਇਆ ਜਾਂਦਾ। ਇਸੀ ਤਰ੍ਹਾਂ ਮਨ ਨੂੰ 'ਆਤਮ ਮਾਰਗ' ਪੜ੍ਹਾ ਕੇ ਦੁਸ਼ਮਣ ਤੋਂ ਮਿੱਤਰ ਬਣਾਉਣ ਦੀ ਕੋਸ਼ਿਸ਼ ਕਰੋ। ਆਤਮ ਮਾਰਗ Panacia for all diseases ਹੈ। 'ਕਿਆ ਰਹਾ ਮਿਲਨਾ, ਜਿਸ ਕੋ ਚੈਨ ਦਿਲ ਕਾ ਮਿਲ ਗਿਆ।' Peace of mind (ਮਨ ਦੀ ਸ਼ਾਂਤੀ) ਇਕ ਦੁਰਲੱਭ ਵਸਤੂ ਹੈ। ਇਉਂ ਸਮਾਂ ਵੀ ਸਫਲਾ ਹੁੰਦਾ ਹੈ, ਮਨ ਵੀ ਸ਼ਾਂਤ ਰਹਿੰਦਾ ਹੈ। 'ਆਤਮ ਮਾਰਗ' ਪੜ੍ਹਨ ਨਾਲ ਰੂਹਾਨੀ ਖੁਰਾਕ ਵੀ ਪ੍ਰਾਪਤ ਹੁੰਦੀ ਹੈ, future (ਪਰਲੋਕ) ਵੀ ਸ਼ਾਨਦਾਰ ਬਣਦਾ ਹੈ।


'ਚਲਦਾ'


**With best compliments**

MEFA

**Mefa Needles Pvt. Ltd.**

G.T. Goad, Miller Gang
Ludhiana 141 003
Phone : 533246,
Fax : 0161-533816



# ਸਨੇਹੀਆਂ ਦਾ ਪੰਨਾ

**ਬਾਨੀ ਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਅਤੇ ਆਤਮ ਮਾਰਗ ਦੇ ਸਰਪ੍ਰਸਤ**
**ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਸਨੇਹੀਆਂ ਦੇ ਨਾਮ ਚਿੱਠੀ**

ਜੁਲਾਈ ਦੇ ਮਹੀਨੇ ਲਈ ਛਪਿਆ ਮੈਗਜ਼ੀਨ ਵਿਦੇਸ਼ਾਂ ਵਿਚ ਅਤੇ ਮਹਾਂਪੁਰਸ਼ਾਂ ਨੂੰ ਲਗਾਤਾਰ ਭੇਜਿਆ ਜਾ ਰਿਹਾ ਹੈ। ਇਸ ਗੱਲ ਵਲ ਅਸੀਂ ਅਜੇ ਧਿਆਨ ਨਹੀਂ ਦਿਤਾ ਕਿ ਇਸ ਮੈਗਜ਼ੀਨ ਦੇ ਸਲਾਨਾ ਮੈਂਬਰ ਬਣੇ ਹਨ ਜਾਂ ਨਹੀਂ। ਗੁਰਮਤਿ ਸਿਧਾਂਤ ਦੇ ਪ੍ਰਚਾਰ ਨੂੰ ਮੁਖ ਰੱਖਦੇ ਹੋਏ ਅਸੀਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਨਾ ਲਿਆ ਕੇ, ਇਸ ਮਹੀਨੇ ਦਾ ਅੰਕ ਵੀ ਭੇਜ ਰਹੇ ਹਾਂ। ਅਸਾਨੂੰ ਵਿਦੇਸ਼ਾਂ ਵਿਚ ਵਸਦੇ ਵੀਰਾਂ ਤੋਂ ਪੂਰੇ ਸਹਿਯੋਗ ਦੀ ਆਸਾ ਹੈ ਕਿ ਉਹ ਇਸ ਮੈਗਜ਼ੀਨ ਦੇ ਪੱਕੇ ਮੈਂਬਰ ਜ਼ਰੂਰ ਬਣਨਗੇ ਅਤੇ ਸਾਡਾ ਉਤਸ਼ਾਹ ਵਧਾਉਣਗੇ। ਇਸ ਮੈਗਜ਼ੀਨ ਰਾਹੀਂ ਨਿਰੋਲ ਰੂਹਾਨੀ ਭਾਵਾਂ ਨੂੰ ਪ੍ਰਗਟ ਕਰਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਆਪ ਜੀ ਦੀ ਸੇਵਾ ਵਿਚ ਭੇਜ ਕੇ ਅਸਾਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਪਰ ਇਕ ਗੱਲ ਦੀ ਅਸੀਂ ਪੂਰੀ ਆਸ ਰਖਦੇ ਹਾਂ ਕਿ ਵਿਦੇਸ਼ਾਂ ਵਿਚ ਜਿੰਨੀਆਂ ਵੀ ਮਾਨਯੋਗ ਵਿਅਕਤੀਆਂ ਨੂੰ ਅਸੀਂ ਇਹ ਮੈਗਜ਼ੀਨ ਭੇਜਦੇ ਹਾਂ, ਉਨ੍ਹਾਂ ਵਲੋਂ ਇਸ ਦੀ ਪਹੁੰਚ ਬਾਰੇ ਭੀ ਅਸਾਨੂੰ ਪੂਰੀ ਖਬਰ ਨਹੀਂ ਆਉਂਦੀ। ਵਿਦੇਸ਼ਾਂ ਤੋਂ ਆ ਕੇ ਜਿਹੜੇ ਪ੍ਰੇਮੀ ਮੈਨੂੰ ਬੜੇ ਪਿਆਰ ਨਾਲ ਘਰ ਆ-ਆ ਕੇ ਦਰਸ਼ਨ ਦਿੰਦੇ ਰਹੇ ਨੇ, ਉਨ੍ਹਾਂ ਦੇ ਐਡਰੈਸ ਸਹਿਜ ਨਾਲ ਹੀ ਨੋਟ ਕੀਤੇ ਹੋਏ ਸਨ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਐਡਰੈਸ ਬਦਲ ਚੁਕੇ ਹਨ। ਅਸੀਂ ਪੁਰਾਣੇ ਐਡਰੈਸ ਤੇ ਹੀ ਮੈਗਜ਼ੀਨ ਭੇਜਦੇ ਹਾਂ। ਕਈ ਮੈਗਜ਼ੀਨ ਸਾਡੇ ਕੋਲ ਇਹ ਲਿਖੇ ਹੋਏ ਵਾਪਿਸ ਆ ਜਾਂਦੇ ਹਨ ਕਿ ਇਸ ਪ੍ਰੇਮੀ ਦਾ ਐਡਰੈਸ ਬਦਲ ਚੁੱਕਿਆ ਹੈ। ਉਨ੍ਹਾਂ ਨਾਲ ਸੰਪਰਕ ਕਾਇਮ ਕਰਨ ਵਿਚ ਅਸਾਨੂੰ ਕਾਫੀ ਔਕੜਾਂ ਆਉਂਦੀਆਂ ਹਨ। ਦੂਸਰਿਆਂ ਦਾ ਵੀ ਸਾਨੂੰ ਪਤਾ ਨਹੀਂ ਲਗਦਾ ਕਿ ਉਨ੍ਹਾਂ ਪਾਸ ਇਹ ਮੈਗਜ਼ੀਨ ਪਹੁੰਚ ਰਿਹਾ ਹੈ ਜਾਂ ਨਹੀਂ। ਸੋ ਅਸੀਂ ਬੇਨਤੀ ਕਰਦੇ ਹਾਂ ਕਿ ਆਪ ਇਸ ਦੀ ਪਹੁੰਚ ਬਾਰੇ ਅਸਾਨੂੰ ਦੋ ਅੱਖਰ ਲਿਖ ਕੇ ਭੇਜ ਦੇਵੋ ਅਤੇ ਨਾਲ ਹੀ ਇਹ ਵੀ ਆਸ ਰਖਦੇ ਹਾਂ ਕਿ ਤੁਹਾਡੀ ਰਾਇ ਇਸ ਮੈਗਜ਼ੀਨ ਬਾਰੇ ਕੀ ਹੈ? ਆਪਣੇ ਸੁਝਾਅ ਸਾਨੂੰ ਲਿਖ ਕੇ ਭੇਜੋ ਤਾਂਕਿ ਐਡੀਟੋਰੀਅਲ ਬੋਰਡ ਵਲੋਂ ਉਸ ਉਪਰ ਵਿਚਾਰ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਅਸੀਂ ਉਨ੍ਹਾਂ ਵਿਦੇਸ਼ਾਂ ਵਿਚ ਵਸਦੇ ਵੀਰਾਂ ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਇਸ ਮੈਗਜ਼ੀਨ ਲਈ ਸਲਾਨਾ ਮੈਂਬਰਸ਼ਿਪ ਹਾਸਿਲ ਕਰ ਲਈ ਹੈ ਅਤੇ ਉਨ੍ਹਾਂ ਵੀਰਾਂ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਮੈਗਜ਼ੀਨ ਬਾਰੇ ਆਪਣੇ ਸ਼ਲਾਘਾ ਭਰੇ ਵਿਚਾਰਾਂ ਨਾਲ ਸਾਨੂੰ ਜਾਣੂ ਕਰਾਇਆ ਹੈ। ਪਾਠਕਾਂ ਦੀ ਸਹੂਲਤ ਲਈ ਅਸੀਂ ਦੱਸਦੇ ਹਾਂ ਕਿ **Sanjose ਵਿਚ ਭਾਈ ਸਾਹਿਬ ਸਤਨਾਮ ਸਿੰਘ ਜੀ ਅਤੇ Turlock ਵਿਚ ਸਰਦਾਰ ਮਹਿੰਦਰ ਸਿੰਘ ਗਿੱਲ**, ਵਾਰਸ਼ਿਕ ਚੰਦਾ ਇਕੱਠਾ ਕਰਕੇ ਅਸਾਨੂੰ ਸੂਚਿਤ ਕਰ ਦਿੰਦੇ ਹਨ। ਸੋ ਉਨ੍ਹਾਂ ਪਾਸ ਆਪਣੇ ਵਾਰਸ਼ਿਕ ਚੰਦੇ ਜਮ੍ਹਾਂ ਕਰਾਉਣ ਦੀ ਖੇਚਲ ਕਰਨ ਲਈ ਸੰਨਿਮਰ ਬੇਨਤੀ ਹੈ। ਇਸ ਗੱਲ ਦੀ ਸਾਨੂੰ ਬਹੁਤ ਪ੍ਰਸੰਨਤਾ ਹੋਈ ਹੈ ਕਿ ਇੰਗਲੈਂਡ, ਜਰਮਨੀ, ਆਸਟਰਲੀਆਂ, ਕੈਨੇਡਾ ਅਤੇ ਅਮਰੀਕਾ ਵਿਚ ਸੈਂਕੜੇ ਹੀ ਸਲਾਨਾ ਮੈਂਬਰ ਬਣ ਚੁੱਕੇ ਹਨ। ਏਸੇ ਤਰ੍ਹਾਂ ਅਰਬ ਦੇਸ਼ਾਂ ਵਿਚ ਵੀ ਬਹੁਤ ਮੈਂਬਰ ਬਣ ਚੁੱਕੇ ਹਨ। ਬਹੁਤ ਸਾਰੇ ਸਨੇਹੀ ਅਤੇ ਹਿਤੈਸ਼ੀ ਇਸ ਮੈਗਜ਼ੀਨ ਦੀ ਮੈਂਬਰਸ਼ਿਪ ਵਿਚ ਆਪਣਾ ਉਤਸ਼ਾਹ ਜਨਕ ਭਾਗ ਪਾ ਕੇ ਪੱਕੇ ਮੈਂਬਰ ਬਣਾ ਰਹੇ ਹਨ। ਇਸੇ ਤਰ੍ਹਾਂ ਨਾਲ ਦੇਸ਼ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਮੈਂਬਰ ਬਣ ਚੁੱਕੇ ਹਨ ਅਤੇ ਹਰ ਰੋਜ਼ ਸੂਝਵਾਨ, ਵਿਚਾਰਵਾਨ, ਬੁੱਧੀਜੀਵੀ ਮੈਂਬਰ ਬਣ ਰਹੇ ਹਨ।

ਸਾਡੇ ਪਾਸ ਇਕ ਪੱਤਰ ਯੂਗੰਡਾ ਤੋਂ ਸਰਦਾਰ Sharan Singh Engineer ਜੀ ਵਲੋਂ ਪੁੱਜੀ ਹੈ ਜਿਸ ਵਿਚ ਲਿਖਿਆ ਹੋਇਆ ਸੀ ਕਿ ਅਸੀਂ ਪੱਤਰਕਾ ਰਾਹੀਂ 10 ਡਾਲਰ ਭੇਜ ਰਹੇ ਹਾਂ ਪਰ ਉਹ ਲਿਫਾਫਾ ਤੇ ਚਿੱਠੀ ਫਟੇ ਹੋਏ ਸਨ। ਮਹਿਕਮੇ ਨੇ ਉਪਰ ਇਕ ਹੋਰ ਲਿਫਾਫਾ ਚਾੜ੍ਹ ਕੇ ਅਸਾਨੂੰ ਉਹ ਚਿੱਠੀ ਭੇਜੀ। ਜਿਸ ਵਿਚੋਂ ਐਉਂ ਲਗਦਾ ਸੀ ਕਿ ਡਾਲਰ ਕੱਢ ਲਏ ਗਏ ਹਨ। ਸੋ ਅਸੀਂ ਬੇਨਤੀ ਕਰਦੇ ਹਾਂ ਕਿ ਵਾਰਸ਼ਿਕ ਚੰਦਾ ਸਿਰਫ ਚੈਕ ਰਾਹੀਂ ਜਾਂ ਮਨੀਆਰਡਰ ਰਾਹੀਂ ਮੇਰੇ ਨਾਮ ਤੇ ਹੀ ਭੇਜਿਆ ਜਾਵੇ, ਤਾਂ ਕਿ ਚੰਦਾ ਸਹੀ ਥਾਂ ਉਪਰ ਪਹੁੰਚ ਸਕੇ।

ਅਸਾਡੇ ਪਰਮ ਹਿਤੂ ਸੰਤ ਬਾਬਾ ਸਾਧੂ ਸਿੰਘ ਜੀ, ਡਬਲ ਐਮ. ਏ. (ਸੰਪਰਦਾ ਰਾੜਾ ਸਾਹਿਬ) ਵਲੋਂ ਇਕ ਪੱਤਰ 'ਸੁਰਤਿ ਸਬਦਿ ਮਾਰਗ' ਪੁਸਤਕ ਅਤੇ ਮੈਗਜ਼ੀਨ ਬਾਰੇ ਅਸਾਡੇ ਪਾਸ ਪਹੁੰਚਿਆ, ਜਿਸ ਦੇ ਕੁਝ ਅੰਸ਼ ਅਸੀਂ ਇਸੇ ਅੰਕ ਵਿਚ ਆਪ ਨਾਲ ਸਾਂਝੇ ਕਰਨ ਲਈ ਛਾਪ ਰਹੇ ਹਾਂ।

## 11.6.95 ਦੀ ਪੱਤਰਕਾ ਵਿਚੋਂ ਕੁਝ ਅੰਸ਼ –

ਅੱਜ ਸ਼ਾਮ ਦੇ ਚਾਰ ਵਜੇ ਦਾ ਵਕਤ ਹੈ, ਜਦੋਂ 'ਸੁਰਤਿ ਸੱਬਦਿ ਮਾਰਗ' ਦੇ ਅਮੋਲਕ ਖਜ਼ਾਨੇ ਨੂੰ ਵਰਤ ਰਿਹਾ ਸੀ ਤਾਂ ਖਿੱਚ ਐਨੀ ਪਈ ਕਿ ਮਨ ਕਾਬੂ ਤੋਂ ਬਾਹਰ ਹੋ ਗਿਆ। ਉਸੀ ਵਕਤ ਛੇਤੀਂ ਨਾਲ ਪੁਸਤਕ ਪਰ੍ਹੇ ਰੱਖ ਕੇ ਜੋ ਮਨ ਵਿਚ ਆਇਆ, ਇਸ ਕਾਗਜ਼ ਤੇ ਲਿਖਣਾ ਸ਼ੁਰੂ ਕਰ ਦਿਤਾ। ਕੋਲ ਲਿਖਣ ਲਈ ਸਹਾਰਾ ਲੈਣ ਵਾਸਤੇ ਟੇਬਲ ਵੀ ਨਹੀਂ ਸੀ, ਕਾਗਜ਼ ਬੁੱਕਲ 'ਚ ਰੱਖ ਕੇ ਹੀ ਲਿਖਣਾ ਸ਼ੁਰੂ ਕਰ ਦਿਤਾ। ਆਪ ਜੀ ਦਾ ਸਰੂਪ ਬਹੁਤ ਹੀ ਪਿਆਰ ਵਾਲਾ, ਅਤਿਅੰਤ ਪ੍ਰਸੰਨ, ਹਸਦਾ ਚੇਹਰਾ ਸਾਹਮਣੇ ਆਈ ਜਾ ਰਿਹਾ ਹੈ। ਇਉਂ ਲਗਦਾ ਹੈ ਜਿਵੇਂ ਆਪ ਜੀ ਉਪਰ ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜੇ ਸਾਹਿਬ ਵਾਲਿਆਂ) ਦੀ ਅਤਿਅੰਤ ਖੁਸ਼ੀ ਤੇ ਕ੍ਰਿਪਾ ਹੈ। ਪੁਸਤਕ ਪੜ੍ਹਦਿਆਂ ਜੀਅ ਕਰੇ ਕਿ ਇਕ ਬਹੁਤ ਹੀ ਸੁੰਦਰ ਹਾਰ ਲੈ ਕੇ ਹੁਣੇ ਹੀ ਆਪ ਦੇ ਗਲ ਪਾ ਕੇ ਆਪ ਜੀ ਦਾ ਸਤਿਕਾਰ ਕਰਾਂ ਅਤੇ ਹੁਣੇ ਹੀ ਪਹੁੰਚ ਜਾਵਾਂ, ਦੇਰ ਨਾ ਕਰਾਂ।

ਜੋ ਵਖਿਆਨ ਦਾ ਢੰਗ ਹੈ, ਉਸ ਬਾਰੇ ਕੁਝ ਕਿਹਾ ਹੀ ਨੀਂ ਜਾ ਸਕਦਾ। ਇਸ ਤੋਂ ਹੋਰ ਵਧੀਆ ਸ਼ਬਦਾਵਲੀ ਵਰਤੀ ਹੀ ਨਹੀਂ ਜਾ

ਸਕਦੀ। ਮੈਂ ਤਾਂ 'ਸੁਰਤਿ ਸਬਦਿ ਮਾਰਗ' ਨੂੰ ਆਪਣਾ ਰੋਜ਼ ਦਾ ਨਿਤਨੇਮ ਹੀ ਬਣਾ ਲਿਆ ਹੈ ਕਿ ਬਾਰ-ਬਾਰ ਪੜ੍ਹੀ ਜਾਵਾਂ। **'ਪਹਿਲਾਂ ਕੁਝ ਦਿਨ ਹੋਏ, ਮੈਗਜ਼ੀਨ ਵਿਚਲੇ ਵਿਚਾਰ ਦਾਸ ਨੇ ਪੜ੍ਹੇ'** ਤਾਂ ਇਉਂ ਲੱਗਿਆ ਕਿ ਆਪ ਜੀ ਤਾਂ ਸਭ ਦਾ ਹੀ ਅਗਿਆਨ ਦਾ ਪੜ੍ਹਦਾ ਚੁੱਕ ਕੇ ਸਾਰੇ ਪਾਠਕਾਂ ਨੂੰ ਕਿਤੇ ਸੰਤ ਹੀ ਨਾ ਬਣਾ ਦੇਵੋਂ। ਖੈਰ! ਪ੍ਰਮਾਰਥਕ ਪੱਖ ਤੋਂ 'ਆਤਮ ਮਾਰਗ' ਵਿਚ ਛਪੇ ਵਿਚਾਰਾਂ ਦਾ ਬਹੁਤ ਹੀ ਲਾਭ ਹੋ ਰਿਹਾ ਹੈ। ਕੋਈ ਬੇ-ਭਾਗਾਂ ਹੀ ਹੋਵੇਗਾ ਜੋ ਇਸ ਅਮੋਲਕ ਖਜ਼ਾਨੇ ਨੂੰ ਵਰਤਣ ਤੋਂ ਵਾਂਝਾ ਰਹਿ ਜਾਵੇਗਾ। ਅਜਿਹੇ ਹੀ ਵਿਚਾਰ ਅਸਾਡੇ ਪਾਸ ਅਮਰੀਕਾ ਵਿਚ ਅਤੇ ਹੋਰ ਵਿਦੇਸ਼ਾਂ ਵਿਚੋਂ FAX ਰਾਹੀਂ ਪੁੱਜਦੇ ਹੀ ਰਹੇ ਹਨ। ਅਸੀਂ ਇਨ੍ਹਾਂ ਸੂਝਵਾਨ ਪ੍ਰੇਮ ਹਿਤੈਸ਼ੀਆਂ ਦੇ ਹਾਰਦਿਕ ਤੋਰ ਤੇ ਧੰਨਵਾਦੀ ਹਾਂ।

ਇਸ ਦੇ ਨਾਲ ਹੀ ਕਈ ਵਾਰੀ ਬਹੁਤ ਕਾਹਲੀ ਵਿਚ ਲਿਖੀਆਂ ਚਿੱਠੀਆਂ ਜਿਨ੍ਹਾਂ ਵਿਚ ਅਸਾਨੂੰ ਅਸਾਡੇ ਮਿਥੇ ਮਾਰਗ ਤੋਂ ਲਾਂਭੇ ਜਾ ਕੇ ਲੇਖ ਲਿਖਣ ਲਈ ਆਖਿਆ ਜਾਂਦਾ ਹੈ, ਉਹ ਵੀ ਆਉਂਦੀਆਂ ਹਨ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦਾ ਵੀ ਉਤਰ ਦਿਤਾ ਜਾਵੇ। ਜੁਲਾਈ ਦੇ ਮੈਗਜ਼ੀਨ ਵਿਚ ਪੰਨਾ 47 ਤੋਂ 50 ਤੀਕਰ ਇਕ ਪੱਤਰ ਦਾ ਉਤਰ ਦਿਤਾ ਗਿਆ ਹੈ। ਜਿਸ ਤੋਂ ਅਸਾਡੇ ਵਿਚਾਰਾਂ ਬਾਰੇ ਹੋਰਨਾਂ ਪ੍ਰੇਮੀਆਂ ਨੂੰ ਵੀ ਗਿਆਤ ਹੋ ਜਾਵੇਗੀ।

ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਸਾਰੇ ਪੱਤਰਾਂ ਦਾ ਉਤਰ ਵੱਖੋ-ਵੱਖ ਦਿਤਾ ਜਾਵੇ ਅਤੇ ਦੇ ਵੀ ਰਹੇ ਹਾਂ। ਪਰ controversial ਅਤੇ ਹਨ੍ਹੇਰੇ ਮਨ 'ਚੋਂ ਲਿਖੀਆਂ ਹੋਈਆਂ ਟੂਕਾਂ ਦਾ ਉਤਰ ਦੇਣੋਂ ਸੰਕੋਚ ਕਰਦੇ ਹਾਂ। ਅੰਤ ਵਿਚ ਸਾਰੇ ਪ੍ਰੀਤਵਾਨਾਂ, ਵਿਚਾਰਕਾਂ, ਪਾਠਕਾਂ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਜਿਨ੍ਹਾਂ ਪਾਸ ਲਗਾਤਾਰ ਮੈਗਜ਼ੀਨ ਜਾ ਰਹੇ ਹਨ, ਉਹ ਸ਼ੀਘਰ ਹੀ ਆਪਣੀ ਮੈਂਬਰਸ਼ਿਪ ਬਾਰੇ ਨਿਰਣਾ ਲੈ ਕੇ ਸਾਨੂੰ ਦੱਸਣ ਦੀ ਕ੍ਰਿਪਾਲਤਾ ਕਰਨ, ਨਹੀਂ ਅਸਾਨੂੰ ਬਹੁਤ ਹੀ ਖੇਦ ਨਾਲ ਮੈਗਜ਼ੀਨ ਨਾ ਭੇਜਣ ਦਾ ਫੈਸਲਾ ਲੈਣਾ ਪਵੇਗਾ।

ਅਰਦਾਸ ਹੈ ਕਿ ਸਾਰੇ ਵੀਰ, ਜੋ ਪ੍ਰਦੇਸ਼ਾਂ ਵਿਚ ਜਾ ਕੇ ਬਹੁਤ ਘਾਲਾਂ ਘਾਲ ਰਹੇ ਹਨ ਅਤੇ ਆਪਣੇ jobs ਵਿਚ ਬਹੁਤ ਮੇਹਨਤ ਕਰ ਰਹੇ ਹਨ, ਗੁਰੂ ਮਹਾਰਾਜ ਜੀ ਉਨ੍ਹਾਂ ਸਾਰਿਆਂ ਨੂੰ ਆਪਣੇ ਨਾਮ ਦੀ ਸੂਝ ਬਖਸ਼ਣ ਅਤੇ ਆਪਣਾ ਪਿਆਰ ਬਖਸ਼ਣ। ਸਭ ਸਨੇਹੀਆਂ ਲਈ ਸ਼ੁਭ ਕਾਮਨਾਵਾਂ ਦੀ ਅਰਦਾਸ ਕਰਦੇ ਹਾਂ।

ਸੰਚਾਲਕ

ਆਤਮ ਮਾਰਗ


*With best compliments from*

# Partap Engineers

***Manufacturers of Precision Engineering Components and 'OE' AUTO PARTS***

**Office** : Bhagwan Chowk, Ludhiana - 141 003, Ph. 533276

**Fax No.** : 91-161-533276

**Works** : E-504, Phase VI, Focal Point, Ludhiana Ph. : 671943

# ਸਿੱਖ ਸਾਹਿਤ ਵਿਚ ਆਏ ਨਾਵਾਂ, ਥਾਵਾਂ ਦਾ ਸੰਖੇਪ ਵੇਰਵਾ

**ਉਸ਼ਨਾਕ ਸਿੰਘ** - ਸਰਹਿੰਦ ਨਿਵਾਸੀ ਦਸ਼ਮੇਸ਼ ਦਾ ਹਜ਼ੂਰੀ ਸੇਵਕ, ਜੋ ਸਤਿਗੁਰ ਦਾ ਚੌਰ ਬਰਦਾਰ ਸੀ।

**ਉਗਵੰਦਾ** - (ੳ) ਉਗਦਾ, ਉਦਯ ਹੁੰਦਾ। (ਅ) ਚੂਹਨੀਆਂ ਦਾ ਵਸਨੀਕ ਅਰੋੜਾ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਪਰਮਪਦ ਦਾ ਅਧਿਕਾਰੀ ਹੋਇਆ "ਸੇਠਾ ਉਗਵੰਦਾ ਦੋਊ ਅਪਰ ਸਭਾਗਾ ਤੀਨ।" (ਗੁਪ੍ਰਸੂ)

**ਉਗ੍ਰ** - ਗੁਰੂ ਅਰਜਨ ਸਾਹਿਬ ਦਾ ਪ੍ਰੇਮੀ ਸਿੱਖ, ਜਿਸ ਨੇ ਅੰਮ੍ਰਿਤਸਰ ਬਣਨ ਸਮੇਂ ਭਾਰੀ ਸੇਵਾ ਕੀਤੀ "ਭਾਈ ਉਗ੍ਰ ਅਰੁ ਕਲਯਾਨਾ" (ਗੁਪ੍ਰਸੂ)

**ਉਗ੍ਰਸੇਨ, ਉਗ੍ਰਸੈਣ, ਉਗ੍ਰਸੈਨ** - ਸੰਗਯਾ - ਉਗ੍ਰ (ਜ਼ੋਰਾਵਰ) ਹੈ ਜਿਸ ਦੀ ਸੈਨਾ 3. (ਫ਼ੌਜ)। ਪਵਨਰੇਖਾ (ਅਥਵਾ ਕਾਸ਼ਯਾ) ਦੇ ਪੇਟ ਤੋਂ ਆਹੁਕ ਦਾ ਪੁਤ੍ਰ, ਜੋ ਕਰਣੀ ਦਾ ਪਤਿ, ਕੰਸ ਦਾ ਪਿਤਾ, ਕ੍ਰਿਸ਼ਨ ਜੀ ਦੇ ਨਾਨਾ ਦੇਵਕ ਦਾ ਵੱਡਾ ਭਾਈ ਅਤੇ ਦੇਵਕੀ ਦਾ ਤਾਇਆ ਸੀ, ਉਗ੍ਰਸੇਨ ਨੇ ਆਪਣੀ ਭਤੀਜੀ ਪੁਤ੍ਰੀ ਕਰਕੇ ਪਾਲੀ ਸੀ, ਇਸ ਲਈ ਦੇਵਕੀ ਉਗ੍ਰਸੇਨ ਦੀ ਪੁਤ੍ਰੀ ਪ੍ਰਸਿੱਧ ਹੋਈ।

ਉਗ੍ਰਸੇਨ ਨੇ ਮਥੁਰਾ ਦਾ ਰਾਜ ਬਹੁਤ ਉੱਤਮ ਰੀਤਿ ਨਾਲ ਕੀਤਾ, ਪਰ ਇਸ ਦੇ ਦੁਸ਼ਟ ਪੁਤ੍ਰ ਕੰਸ ਨੇ ਪਿਤਾ ਨੂੰ ਗੱਦੀਓਂ ਲਾਹ ਕੇ ਆਪ ਰਾਜ ਸੰਭਾਲ ਲਿਆ ਕ੍ਰਿਸ਼ਨ ਜੀ ਨੇ ਆਪਣੇ ਮਾਮਾ ਕੰਸ ਨੂੰ ਮਾਰ ਕੇ ਨਾਨਾ ਉਗ੍ਰਸੇਨ ਨੂੰ ਮੁੜ ਮਥੁਰਾ ਦੀ ਗੱਦੀ ਤੇ ਬਿਠਾਇਆ। ਇਹ ਕਰਤਾਰ ਦਾ ਭਗਤ ਅਤੇ ਉਪਕਾਰੀ ਸੱਜਨ ਸੀ "ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ।" (ਸਵੈਯੇ ਮ: ੧ ਕੇ) "ਉਗ੍ਰਸੈਨ ਕੀ ਕੰਨਿਕਾ ਨਾਮ ਦੇਵਕੀ ਤਾਸ।" (ਕ੍ਰਿਸ਼ਨਾਵ) ੨ ਰਾਜਾ ਪਰੀਛਤ ਦਾ ਇਕ ਪੁਤ੍ਰ। ੩ ਗੁਰੂ ਅਮਰਦੇਵ ਦਾ ਇਕ ਸਿੱਖ, ਜਿਸਨੂੰ ਜਗਤਗੁਰੂ ਨੇ ਵਿਦਯਾ ਅਤੇ ਧਰਮ ਪ੍ਰਚਾਰ ਦਾ ਉਪਦੇਸ਼ ਦਿਤਾ। "ਉਗ੍ਰਸੈਨ ਅਰੁ ਰਾਮੂ ਦੀਪਾ।" (ਗੁਪ੍ਰਸੂ)

**ਉੱਚ ਕਾ ਪੀਰ** - ਉੱਚੀ ਪਦਵੀ ਦਾ ਗੁਰੂ, ਜਗਤ ਗੁਰੂ, ਗੁਰੂਆਂ ਦਾ ਗੁਰੂ।

੨ ਗੁਰੂ ਗੋਬਿੰਦ ਸਿੰਘ ਸਾਹਿਬ। ਗ਼ਨੀ ਖ਼ਾਂ, ਨਬੀ ਖ਼ਾਂ ਅਤੇ ਭਾਈ ਦਯਾ ਸਿੰਘ ਜੀ ਨੇ ਦਸ਼ਮੇਸ਼ ਦਾ ਇਹ ਦੋ ਅਰਥ ਬੋਧਕ ਨਾਉਂ ਮਾਛੀਵਾੜੇ ਤੋਂ ਜਾਣ ਸਮੇਂ ਸ਼ਾਹੀ ਫੌਜ ਨੂੰ ਦੱਸਿਆ ਸੀ, ਜਿਸ ਦਾ ਭਾਵ ਮੁਸਲਮਾਨਾਂ ਨੇ ਸਮਝਿਆ ਕਿ ਉੱਚ ਨਗਰ ਦੇ ਰਹਿਣ ਵਾਲੇ ਇਹ ਪੀਰ ਹਨ। "ਨਗਰ ਉੱਚ ਕੋ ਬਾਸੀ ਭਾਖਤ ਦੀਰਘ ਪੀਰ ਰੀਤਿ ਲਖਯੰਤ।" (ਗੁਪ੍ਰਸੂ)

**ਉਂਛਬ੍ਰਿੱਤਿ** - ਉਂਛ ਦੀ ਉਪਜੀਵਿਕਾ। ਖੇਤ ਵਿਚੋਂ ਦਾਣੇ ਚੁਗ ਕੇ ਨਿਰਵਾਹ, ਸ਼ਿਲੋਂਛ ਕਰਮ। ੨ ਇਕ ਖ਼ਾਸ ਰਿਖੀ, ਜਿਸ ਦੀ ਕਥਾ ਮਹਾਂਭਾਰਤ ਦੇ ਅਨੁਸ਼ਾਸ਼ਨ ਪਰਵ ਵਿਚ ਹੈ। ਉਸਦਾ ਇਹ ਨਾਂਉ ਸ਼ਿਲ ਚੁਗਣ ਤੋਂ ਹੀ ਹੋਇਆ ਸੀ।

**ਉਤੱਥ** - ਇਹ ਸ਼੍ਰੱਧਾ ਦੇ ਪੇਟ ਤੋਂ ਅੰਗਿਰਾ ਦਾ ਪੁੱਤਰ ਸੀ, ਇਸਨੇ ਸੋਮ ਦੀ ਪੁੱਤਰੀ "ਭਦ੍ਰਾ" ਨਾਲ ਵਿਆਹ ਕੀਤਾ। ਵਰੁਣ ਦੇਵਤਾ ਜੋ ਕਿ ਪਹਿਲੇ ਹੀ ਭਦ੍ਰਾ ਤੇ ਮੋਹਿਤ ਸੀ, ਉਸਨੂੰ ਉਤੱਥ ਦੀ ਕੁਟੀ ਵਿਚੋਂ ਚੁੱਕ ਲੈ ਗਿਆ, ਉਤੱਥ ਨੇ ਭਦ੍ਰਾ ਨੂੰ ਵਾਪਿਸ ਲੈਣ ਲਈ ਨਾਰਦ ਨੂੰ ਘੱਲਿਆ, ਪਰ ਵਰੁਣ ਨੇ ਨਾਂਹ ਕਰ ਦਿਤੀ। ਉਤੱਥ ਨੇ ਗੁੱਸੇ ਵਿਚ ਆ ਕੇ ਸਾਰਾ ਸਮੁੰਦਰ ਪੀ ਲਿਆ, ਫੇਰ ਭੀ ਵਰੁਣ ਨੇ ਭਦ੍ਰਾ ਨਾ ਦਿਤੀ। ਜਦ ਉਤੱਥ ਦੀ ਇੱਛਾ ਅਨੁਸਾਰ ਵਰੁਣ ਦਾ ਤਾਲ ਸੁੱਕ ਗਿਆ ਅਤੇ ਸਾਰਾ ਲੋਕ ਜਲ ਬਿਨਾ ਹੋ ਗਿਆ ਤਾਂ ਵਰੁਣ ਨੇ ਆ ਕੇ ਉਤੱਥ ਦੀ ਸ਼ਰਣ ਲਈ ਅਤੇ ਭਦ੍ਰਾ ਮੋੜ ਦਿਤੀ। ਰਿਖੀ ਆਪਣੀ ਇਸਤਰੀ ਵਾਪਿਸ ਲੈ ਕੇ ਬਹੁਤ ਪ੍ਰਸੰਨ ਹੋਇਆ ਅਤੇ ਵਰੁਣ ਦੇ ਕਲੇਸ਼ ਦੂਰ ਕੀਤੇ।

ਮਹਾਂਭਾਰਤ ਵਿਚ ਕਥਾ ਹੈ ਕਿ ਉਤੱਥ ਦੀ ਇਸਤਰੀ 'ਮਮਤਾ' ਸੀ। ਇਕ ਵਾਰ ਜਦਕਿ ਉਸਨੂੰ ਗਰਭ ਸੀ, ਤਦ ਉਤੱਥ ਦਾ ਛੋਟਾ ਭਾਈ ਵ੍ਰਿਹਸਪਤਿ ਕਾਮਾਤੁਰ ਹੋ ਕੇ ਭਰਜਾਈ ਪਾਸ ਪਹੁੰਚਿਆ, ਅਤੇ ਭੋਗ ਕਰਨ ਦੀ ਇੱਛਾ ਪ੍ਰਗਟ ਕੀਤੀ, ਮਮਤਾ ਨੇ ਅਤੇ ਗਰਭ ਵਿਚ ਇਸਥਿਤ ਬਾਲਕ ਨੇ ਵ੍ਰਿਹਸਪਤਿ ਨੂੰ ਇਸ ਕੁਕਰਮ ਤੋਂ ਵਰਜਿਆ, ਵ੍ਰਿਹਸਪਤਿ ਨੇ ਬੱਚੇ ਨੂੰ ਸ੍ਰਾਪ ਦਿਤਾ ਕਿ ਤੂੰ ਅੰਨ੍ਹਾ ਹੋ ਜਾ, ਇਸ ਕਰਕੇ ਬਾਲਕ ਦਾ ਨਾਉਂ "ਦੀਰਘਤਮਾ" ਹੋਇਆ।

**ਉਦਯ ਸਿੰਘ** - ਸ਼ਿਸ਼ੋਦਿਯਾ ਕੁਲ ਦਾ ਇਕ ਪ੍ਰਸਿੱਧ ਰਾਜਾ, ਜੋ ਰਾਣਾ ਸਾਂਗਾ (ਸੰਗ੍ਰਾਮ ਸਿੰਘ) ਦਾ ਛੋਟਾ ਪੁੱਤਰ ਸੀ, ਅਤੇ ਚਤੌੜ ਦੀ ਗੱਦੀ ਉਪਰ ਸੰਮਤ 1599 (ਸੰਨ 1541-42) ਵਿਚ ਬੈਠਾ। ਇਹ ਵੱਡਾ ਕਾਇਰ ਅਤੇ ਆਪਣੇ ਖਾਨਦਾਨ ਦਾ ਨਾਉਂ ਡੋਬਣ ਵਾਲਾ ਸੀ। ਇਸ ਦੇ ਪ੍ਰਤਾਪੀ ਪੁਤਰ ਰਾਣਾ ਪ੍ਰਤਾਪ ਸਿੰਘ ਨੇ (ਜੋ ਰਾਜਪੂਤ ਵੰਸ਼ ਦਾ ਮਾਨ ਸਮਝਿਆ ਜਾਂਦਾ ਹੈ), ਆਪਣੇ ਪਿਤਾ ਦੇ ਨਾਉਂ ਤੇ ਉਦਯਪੁਰ ਨਗਰ ਵਸਾਇਆ, ਜੋ ਹੁਣ ਰਾਜਪੂਤਾਨੇ ਦੀ ਪ੍ਰਸਿੱਧ ਰਾਜਧਾਨੀ ਹੈ।

(੨) ਅਲੀਪੁਰ (ਜ਼ਿਲਾ ਮੁਲਤਾਨ) ਦਾ ਵਸਨੀਕ ਮਾਈ ਦਾਸ ਦਾ ਪੁੱਤਰ ਮਨੀ ਰਾਮ ਰਾਜਪੂਤ ਸੀ ਜਿਸ ਦੇ ਘਰ ਪੰਜ ਪੁੱਤਰ ਹੋਏ, ਜਿਨ੍ਹਾਂ ਨੂੰ ਉਸ ਨੇ ਕਲਗੀਧਰ ਦੇ ਅਰਪਣ ਕੀਤਾ, ਦਸ਼ਮੇਸ਼ ਨੇ ਇਨ੍ਹਾਂ ਪੰਜਾਂ ਨੂੰ 1 ਵਿਸਾਖ ਸੰਮਤ 1756 ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਅਤੇ ਸਿੱਖ ਧਰਮ ਦੀ ਸਿਖਯਾ ਦਿਤੀ। ਇਹ ਪੰਜ ਪੰਥ ਰਤਨ-ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਵਿਚਿਤ੍ਰ ਸਿੰਘ ਸਨ।

ਉਦਯ ਸਿੰਘ ਜੀ ਨੇ ਇਕ ਵੇਰ ਸ਼ੇਰ ਮਾਰ ਕੇ ਉਸ ਦੀ ਖੱਲ ਦਸ਼ਮੇਸ਼ ਜੀ ਦੇ ਪੇਸ਼ ਕੀਤੀ। ਕਲਗੀਧਰ ਨੇ ਇਹ ਇਕ ਗਧੇ ਨੂੰ ਪਹਿਨਾਈ, ਜਿਸ ਤੋਂ ਨਿਰਭੈ ਹੋ ਕੇ ਉਹ ਖੇਤੀਆਂ ਖਾਣ ਲੱਗਾ ਅਰ ਗੂਣ ਦੇ ਬੋਝੇ ਤੋਂ ਉਸਨੇ ਛੁਟਕਾਰਾ ਪਾਇਆ ਕਿਉਂਕਿ ਕਿਸੇ ਨੂੰ ਉਸਦੇ ਪਾਸ ਜਾਣ ਦਾ ਹੌਸਲਾ ਨਹੀਂ ਪੈਂਦਾ ਸੀ।

ਇਕ ਵੇਰ ਗਧਿਆਂ ਦੀ ਬੋਲੀ ਸੁਣ ਕੇ ਹੀਂਗਦਾ ਹੋਇਆ ਆਪਣੇ ਮਾਲਕ ਕੁਮ੍ਹਾਰ ਦੇ ਘਰ ਪਹੁੰਚ ਕੇ ਖੋਤਿਆਂ ਨਾਲ ਖਰਮਸਤੀ ਕਰਨ ਲੱਗਾ। ਕੁਮ੍ਹਾਰ ਨੇ ਗਧਾ ਪਛਾਣ ਕੇ ਸ਼ੇਰ ਦੀ ਖੱਲ ਲਾਹ, ਗੂੰਣ ਦੇ ਬੋਝੇ ਹੇਠ ਲੈ ਲਿਆ। ਦਸ਼ਮੇਸ਼ ਜੀ ਨੇ ਇਸ ਤੋਂ ਪੰਥ ਨੂੰ ਸਿਖਯਾ ਦਿਤੀ ਕਿ ਜੋ ਖਾਲਸਾ ਹੋ ਕੇ ਪੁਰਾਣੀ ਜਾਤਿ ਪਾਤਿ ਵਿਚ ਮੁੜ ਜਾ

(ਬਾਕੀ ਪੰਨਾ 61 ਤੇ)

# ਨਿਸ਼ਚੇ ਲਈ ਸੰਤ ਸ਼ਰਨ ਦੀ ਲੋੜ ਕਿਉਂ?

ਡਾ. ਕੁਲਦੀਪ ਸਿੰਘ

***ਜਿਮੀ ਜਮਾਨ ਕੇ ਬਿਖੇ ਸਮਸਤ ਏਕ ਜੋਤੇ ਹੈ।***
***ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ।***

ਸਇੰਸ ਦੇ ਨਿਯਮ ਮੁਤਾਬਕ ਵੀ ਊਰਜਾ ਨਾ ਤਾ ਬਣਾਈ ਜਾ ਸਕਦੀ ਹੈ ਅਤੇ ਨਾ ਹੀ ਖਤਮ ਕੀਤੀ ਜਾ ਸਕਦੀ ਹੈ। ਇਹ ਸਿਰਫ ਅਪਣਾ ਰੂਪ ਬਦਲ ਲੈਂਦੀਂ ਹੈ। ਇਸ ਦੇ ਦੋ ਮੁਖ ਰੂਪ ਹਨ।

1. Potential energy :- ਇਹ ਸ਼ਕਤੀ ਅਪਣੀ ਜਗ੍ਹਾ (Configuration or Position) ਕਰਕੇ ਹੈ। ਜਿਸ ਤਰ੍ਹਾਂ ਮੇਜ ਤੇ ਕੋਈ ਪੱਥਰ ਪਿਆ ਹੋਵੇ। ਉਸਨੂੰ ਉੱਤੇ ਚੁੱਕਣ ਵਿੱਚ ਜੋ ਸ਼ਕਤੀ ਲਗੀ, ਉਹ ਹੁਣ ਉਹਦੇ ਵਿੱਚ ਹੈ; ਜਦੋ ਥੱਲੇ ਗਿਰੇਗਾ ਤਾਂ ਚੋਟ ਕਰੇਗਾ।

2 Kinetic Energy :- ਇਹ ਸ਼ਕਤੀ ਅਪਣੇ ਬਹਾਵ (Motion) ਕਰਕੇ ਹੈ। ਇਸਦੇ ਕੁਛ ਰੂਪ ਦਾ ਉਦਾਹਰਣ ਬਿਜਲੀ ਦੀ ਸ਼ਕਤੀ ਜਾਂ ਚੁੰਬਕ ਦੀ ਸ਼ਕਤੀ ਹਨ। ਨਾਮ ਧੁਨ ਸ਼ਕਤੀ ਦਾ ਵੀ ਇਹੀ ਰੂਪ ਹੁੰਦਾ ਹੈ।

ਇਹ ਸ਼ਕਤੀ ਵਾਹਿਗੁਰੂ ਨੇ ਜਗਤ ਰਚਨਾ ਸਮੇਂ ਪੈਦਾ ਕੀਤੀ।

***ਪ੍ਰਥਮ ਓਅੰਕਾਰ ਤਿਨ ਕਹਾ।।***
***ਸੋ ਧੁਨ ਪੂਰ ਜਗਤ ਮੋ ਰਹਾ।।***

ਇਸੇ ਸ਼ਕਤੀ ਨੇ ਸਾਰੀ ਸ੍ਰਿਸ਼ਟੀ ਨੂੰ ਧਾਰਨ ਕੀਤਾ ਹੋਇਆ ਹੈ।

***ਨਾਮ ਕੇ ਧਾਰੇ ਸਗਲੇ ਜੰਤ।।***
***ਨਾਮ ਕੇ ਧਾਰੇ ਖੰਡ ਬ੍ਰਹਿਮੰਡ।। ਪੰਨਾ - 284***

ਮਨੁੱਖ ਅਪਣੇ ਅੰਦਰ ਛਿਪੀ ਇਸ ਅਥਾਹ ਸ਼ਕਤੀ ਨੂੰ ਉਜਾਗਰ ਕਰਨ ਦੀ ਸਮਰਥਾ ਰੱਖਦਾ ਹੈ। ਮੈਡੀਕਲ ਸਾਇੰਸ ਮੁਤਾਬਿਕ ਅਸੀਂ ਉਸ ਸ਼ਕਤੀ ਦਾ 10 ਫੀ ਸਦੀ ਜਾਂ ਇਸ ਤੋਂ ਵੀ ਘੱਟ ਇਸਤੇਮਾਲ ਕਰਦੇ ਹਾਂ। ਇਸਦਾ ਕਾਰਣ ਹੈ ਕਿ ਸਾਡੀ ਜਾਗਰਤ (conscious) ਪੱਧਰ ਵੀ ਇਸੇ ਅਨੁਪਾਤ ਵਿਚ ਹੈ। ਇਹ ਜਾਗਰਤ ਪੱਧਰ ਵੀ ਤਿੰਨ ਗੁਣੀ (ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ) ਮਾਇਆਵੀ ਨੀਂਦ ਦੇ ਪ੍ਰਭਾਵ ਹੇਠ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ।। ਪੰਨਾ - 920***

ਹਉਮੈ ਵਸ ਆਤਮਾ ਤੋਂ ਜੀਵ-ਆਤਮਾ ਹੋਇਆ ਮਨੁੱਖ ਇਕ ਕਲਪਿਤ ਸੰਸਾਰ ਦੀ ਰਚਨਾ ਕਰ ਬੈਠਦਾ ਹੈ। ਉਸ ਸੰਸਾਰ ਨੂੰ ਚਲਾਣ ਲਈ ਜੋ ਗਿਆਨ ਜਾਂ ਸੂਝ-ਬੂਝ ਧਾਰਨ ਕਰਦਾ ਹੈ, ਉਹ ਪ੍ਰਾਕ੍ਰਿਤਕ ਗਿਆਨ ਜਾਂ ਮਨਮਤਿ ਬਣ ਜਾਂਦੀ ਹੈ। ਪੰਜ ਕਲੇਸ਼ਾਂ (ਅਵਿਦਿਆ, ਅਸਮਿਤਾ, ਰਾਗ, ਦ੍ਵੈਸ਼ ਅਤੇ ਅਭੀਨਿਵੇਸ਼) ਵਸ ਵਿਕਾਰਾਂ ਦਾ ਜਨਮ ਹੁੰਦਾ ਹੈ। ਇਨ੍ਹਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਰਾਹੀਂ ਸਾਡੀ ਗਿਆਨ ਇੰਦਰੀਆਂ ਤੋਂ ਇਸ ਸ਼ਕਤੀ ਦਾ ਨਿਕਾਸ ਲਗਾਤਾਰ ਹੁੰਦਾ ਰਹਿੰਦਾ ਹੈ। ਇਸ ਸ਼ਕਤੀ ਨੂੰ ਬਾਹਰ ਕੱਢਣ ਨਾਲ ਸਰੀਰਕ ਕ੍ਰਿਆ ਥੋੜੀ ਦੇਰ ਲਈ ਮੱਧਮ ਪੈ ਜਾਂਦੀ ਹੈ ਜਿਸਨੂੰ ਅਸੀਂ ਸੁੱਖ ਸਮਝ ਬੈਠਦੇ ਹਾਂ। ਸ਼ਕਤੀ ਦਾ ਨਿਕਾਸ ਕ੍ਰੋਧ ਰੂਪ ਵਿਚ ਕਿਸੇ ਨੂੰ ਗਾਲਾਂ ਕੱਢ ਕੇ ਹੋਇਆ ਹੋਵੇ ਜਾਂ ਮੋਹ ਵਿਚ ਬੱਚੇ ਨੂੰ ਪਿਆਰ ਕਰਕੇ ਜਾਂ ਲੋਭ ਦੀ ਪ੍ਰਾਪਤੀ ਲਈ ਸਰੀਰਕ ਹਿਲਜੁਲ ਕਰਕੇ ਜਾਂ ਵਾਸ਼ਨਾ ਨੂੰ ਪੂਰੀ ਕਰਨ ਲਈ ਕਾਮ ਰੂਪ ਵਿਚ; ਨਤੀਜੇ ਵਜੋਂ ਅਸੀਂ ਆਪਣੇ ਆਪ ਨੂੰ ਹਲਕਾ, ਖੁਸ਼ ਜਾਂ ਸੁਖੀ ਮਹਿਸੂਸ ਕਰਦੇ ਹਾਂ। ਇਸ ਤਰ੍ਹਾਂ ਨਾਲ ਮਿਲੀ ਸੁਸਤੀ, ਅਨੰਦ ਨਹੀਂ ਹੈ। ਇਹ ਨਿਰਬਲਤਾ ਜਾਂ ਸ਼ਕਤੀਹੀਣਤਾ ਕਾਰਣ ਹੋਈ ਸਰੀਰਕ ਕ੍ਰਿਆ ਹੈ। ਜਦੋਂ ਸ਼ਕਤੀ ਦੇ ਸੋਮੇ ਤੋਂ ਫਿਰ ਤਾਕਤ ਆਉਂਦੀ ਹੈ, ਅਸੀਂ ਫਿਰ ਇਨ੍ਹਾਂ ਵਿਕਾਰਾਂ ਰਾਹੀਂ ਇਸਨੂੰ ਨਿਕਾਸ ਕਰ ਕਲਪਿਤ ਸੁਖ ਮਾਣਦੇ ਹਾਂ। ਇਸ ਬਾਰੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅੰਹਕਾਰਾ।।***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ।। ਪੰਨਾ - 600***

ਇਸੇ ਸ਼ਕਤੀ ਨੂੰ ਅੰਦਰਮੁਖੀ ਕਰਕੇ ਅਸੀਂ 90ਫੀ ਸਦੀ ਸੁੱਤੀ ਅਵਸਥਾ (subconscious) ਦੇ ਪੱਧਰ ਨੂੰ ਘਟਾ ਸਕਦੇ ਹਾਂ। ਇਸ ਜਾਗਰਤ ਅਵਸਥਾ ਦੇ ਵਾਧੇ ਨਾਲ ਸਾਨੂੰ ਆਪਣੇ ਅੰਦਰੋਂ ਵਧੇਰੀ ਤਾਕਤ ਮਿਲੇਗੀ। ਇਸ ਤਾਕਤ ਨੂੰ, ਜੋ ਸਾਨੂੰ ਚਮਤਕਾਰੀ ਪ੍ਰਤੀਤ ਦਿੰਦੀ ਹੈ ਕਿਉਂਕਿ ਇਸਦੇ ਅਸੀਂ ਪਹਿਲਾਂ ਜਾਣੂ ਨਹੀਂ ਸੀ, ਦੀ ਦੁਰਵਰਤੋਂ (ਰਿਧ-ਸਿਧ) ਜਾਂ ਪਕੜ ਨਾ ਕੀਤੀ ਜਾਵੇ ਤਾਂ 100 ਫੀ ਸਦੀ ਜਾਂ ਪੂਰਨ ਜਾਗਰਤ ਅਵਸਥਾ ਜਾਂ ਬ੍ਰਹਮਗਿਆਨ ਜਾਂ Super Conscious ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ। ਵਿਕਾਰਾਂ ਰਾਹੀਂ Potential energy ਦੇ ਰੂਪ ਵਿੱਚ ਖੰਡਿਤ ਹੋ ਰਹੀ ਸ਼ਕਤੀ ਨੂੰ ਕਾਬੂ ਕਰ ਅਸੀਂ ਇਸ ਨੂੰ Kinetic energy ਦੇ ਰੂਪ ਵਿੱਚ ਅੰਦਰਮੁਖੀ ਕੇਂਦ੍ਰਿਤ ਕਰਕੇ ਨਾਮ ਧੁਨ ਨਾਲ ਮੇਲ, ਅਮਰ ਜੀਵਨ ਪ੍ਰਾਪਤ ਕਰ ਸਕਦੇ ਹਾਂ।

***ਪੰਚ ਦੂਤ ਤੁਧੁ ਵਸਿ ਕੀਤੇ***
***ਕਾਲੁ ਕੰਟਕੁ ਮਾਰਿਆ।। ਪੰਨਾ - 917***

ਪ੍ਰਾਕ੍ਰਿਤਕ ਗਿਆਨਵਸ ਅਸੀਂ ਇਸ ਗੱਲ ਨੂੰ ਮੰਨਦੇ ਹੀ ਨਹੀਂ ਕਿ ਸਾਡੇ ਅੰਦਰ ਸ਼ਕਤੀ ਹੈ। ਬਿਜਲੀ ਦੇ ਬਿਲ ਵਾਂਗ ਅਸੀਂ ਕਦੇ ਇਸਦਾ ਭੁਗਤਾਨ ਨਹੀਂ ਕੀਤਾ ਅਤੇ ਨਾ ਹੀ ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਸ਼ਕਤੀ ਦਾ ਠੀਕ ਇਸਤੇਮਾਲ ਨਾ ਕਰਨ ਦਾ ਕੋਈ ਹਰਜ਼ਾਨਾ ਵੀ ਹੋ ਸਕਦਾ ਹੈ। ਇਸੇ ਗੱਲ ਨੂੰ ਨਾ ਸੋਚਣ ਤੇ, ਪਸ਼ੂ ਦੇ ਬਰਾਬਰ ਦਰਜਾ ਦਿਤਾ ਜਾਂਦਾ ਹੈ -

***ਕਰਤੂਤਿ ਪਸੂ ਕੀ ਮਾਨਸ ਜਾਤਿ।। ਪੰਨਾ - 267***

ਅਸੀਂ ਬੁੱਧੀ ਦਾ ਇਸਤੇਮਾਲ ਨਾ ਕਰਕੇ ਮਨੁੱਖੀ ਮਕਸਦ ਤੋਂ ਪਸ਼ੂ ਭੋਗੀ ਬਿਰਤੀ ਵਿਚ ਪਹੁੰਚ ਜਾਂਦੇ ਹਾਂ। ਅਸੀਂ ਕਦੇ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕਰਦੇ।

***ਭਈ ਪਰਾਪਤਿ ਮਾਨੁਖ ਦੇਹੁਰੀਆ।।***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।। ਪੰਨਾ - 12***

ਅਪਣੀ ਸ਼ਕਤੀ ਨੂੰ ਗਿਆਨ ਇੰਦਰੀਆਂ ਰਾਹੀਂ ਖੰਡਿਤ ਕਰਕੇ ਹਉਮੈ ਦੀ ਝਖਣਾ ਝਾਖ ਵਿਚ ਸਮਾਂ ਖਰਾਬ ਕਰ ਦਿੰਦੇ ਹਾਂ। ਸਰੀਰਕ ਅਤੇ ਅਧਿਆਤਮਕ ਪੱਧਰ ਤੇ ਕਮਜ਼ੋਰ ਹੋ ਕੇ ਰੋਗੀ, ਅਤੇ ਤ੍ਰਿਸ਼ਨਾ ਵਾਸ਼ਨਾਵਾਂ ਦੀ ਮਤਿ ਧਾਰਨ ਕਰਕੇ ਜੂਨੀ ਭ੍ਰਮਨ ਕਰਦੇ ਹਾਂ। ਇਹ ਅਦਾਇਗੀ ਜਾਂ ਜੁਰਮਾਨਾ ਹੈ - ਉਸ ਸ਼ਕਤੀ ਦੀ ਸਹੀ ਵਰਤੋਂ ਨਾ ਕਰਨ ਦਾ।

**ਨਿਸ਼ਚਾ, ਖੰਡਿਤ ਤਾਕਤ ਨੂੰ ਇਕ ਪਾਸੇ ਕੇਂਦ੍ਰਿਤ ਕਰਦਾ ਹੈ।** ਨਿਸ਼ਚੇ ਲਈ ਮੰਜ਼ਿਲ ਦਾ ਗਿਆਨ ਹੋਣਾ ਜ਼ਰੂਰੀ ਹੈ। ਸਾਡੀ ਮੰਜ਼ਿਲ ਕੀ ਹੈ? ਇਸ ਮੰਜ਼ਿਲ ਬਾਰੇ ਫੈਸਲਾ ਗਿਆਨਵਸ ਅਤੇ ਹੋਸ਼ਹਵਾਸ਼ ਵਿਚ ਲੈਣਾ ਜ਼ਰੂਰੀ ਹੈ। ਇਹੀ ਇਕ ਬਦਕਿਸਮਤੀ ਹੈ, ਮਨੁਖਤਾ ਦੀ, ਜਿਸ ਕਰਕੇ ਸਾਰਾ ਸੰਸਾਰ ਦੁਖੀ ਹੈ। ਚਾਨਣ ਹੁੰਦਿਆਂ ਵੀ ਘੋਰ ਅੰਧਕਾਰ ਨਜ਼ਰ ਆਉਂਦਾ ਹੈ। ਅਸੀਂ ਹੋਸ਼ ਵਿਚ ਵੀ ਨਹੀਂ ਅਤੇ ਗਿਆਨ ਵਿਚ ਵੀ ਨਹੀਂ ਹਾਂ। ਹੋਸ਼ ਨੂੰ ਤਿੰਨ ਗੁਣਾਂ ਦੀ ਨੀਂਦ ਨੇ ਦਬਾ ਦਿਤਾ, ਅਤੇ ਗਿਆਨ ਕਲਪਿਤ ਹੈ, ਮਨਮਤਿ ਦਾ ਧਾਰਨ ਕੀਤਾ ਹੋਇਆ। ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਵੀ ਪੜ੍ਹਦੇ ਹਾਂ ਤਾਂ ਮਨ ਦੀ ਅਵਸਥਾ ਉਸ ਕਾਜ਼ੀ ਤੇ ਨਵਾਬ ਨਾਲੋਂ ਚੰਗੀ ਨਹੀਂ ਹੁੰਦੀ ਜੋ ਗੁਰੂ ਨਾਨਕ ਸਾਹਿਬ ਨਾਲ ਨਮਾਜ਼ ਪੜ੍ਹ ਰਹੇ ਸਨ। ਜਦੋਂ ਬਾਣੀ ਦਾ ਗੁਰੂ ਜੀ ਦੇ ਮੁਖ ਤੋਂ ਉਚਾਰਣ ਹੋਇਆ, ਉਸ ਵਕਤ ਗੁਰੂ ਸਾਹਿਬਾਨਾਂ ਦਾ ਮਨ, ਚਿਤ ਅਤੇ ਬਿਰਤੀਆਂ ਆਪਣੇ ਪਤੀ ਪ੍ਰਮੇਸ਼ਰ ਵਿਚ ਲੀਨ ਸਨ। ਇਸੇ ਲਈ 'ਧੁਰ ਕੀ ਬਾਣੀ' ਦਾ ਜ਼ਿਕਰ ਗੁਰੂ ਨਾਨਕ ਸਾਹਿਬ ਕਰਦੇ ਹਨ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥*** **ਪੰਨਾ - 722**

ਅੱਜ ਅਸੀਂ ਉਸ ਭਾਵ ਵਿਚ ਪਹੁੰਚੇ ਬਗੈਰ ਬਾਣੀ ਦਾ ਉਪਦੇਸ਼ ਸਮਝਣਾ ਚਾਹੁੰਦੇ ਹਾਂ। ਕੀ ਸਮਝ ਆਵੇਗੀ? ਫੈਸਲਾ ਖੁਦ ਕਰਨਾ ਹੈ। ਦੁਨਿਆਵੀ ਝਗੜਿਆਂ ਦਾ ਇਹੀ ਕਾਰਣ ਹੁੰਦਾ ਹੈ, ਕਿ ਨਾ ਤਾਂ ਅਸੀਂ ਗੱਲ ਉਸ ਭਾਵ ਵਿਚ ਕਹਿ ਪਾਂਦੇ ਹਾਂ, ਜੋ ਕਹਿਣਾ ਚਾਹੁੰਦੇ ਹਾਂ, ਅਤੇ ਸੁਣਨ ਵਾਲਾ ਆਪਣੇ ਮਨ ਦੇ ਖਿਆਲ ਮੁਤਾਬਿਕ ਸਮਝ ਲੈਂਦਾ ਹੈ। ਇਸੇ ਲਈ ਬਾਰ-ਬਾਰ ਝਗੜੇ ਦੌਰਾਨ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਤੈਨੂੰ ਗਲਤ-ਫਹਿਮੀ ਹੋ ਗਈ, ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ। ਇਸੇ ਤਰ੍ਹਾਂ ਸਾਡੇ ਪ੍ਰਚਾਰਕਾਂ ਨੇਂ ਆਪਣੀ ਗੱਲ ਦੱਸਦੇ ਹੋਏ ਹਿੰਦੂ, ਮੁਸਲਮਾਨ, ਸਿੱਖਾਂ ਅਤੇ ਹੋਰ ਮਜ਼੍ਹਬਾਂ ਨੂੰ ਅਤੇ ਇਕੋ ਮਜ਼੍ਹਬ ਵਿਚ ਅਨੇਕ ਸੰਪਰਦਾਵਾਂ ਨੂੰ ਜਨਮ ਦੇ ਦਿਤਾ।

***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥***

ਕੀ ਅਸੀਂ ਇਹ ਗੱਲ ਸਮਝ ਸਕੇ ਹਾਂ? ਅਸਲੀਅਤ ਅਤੇ ਮਨ ਦੀ ਹਾਲਤ ਨੂੰ ਦੇਖਦੇ ਹੋਏ ਸਾਨੂੰ ਆਪਣੀ ਹੋਸ਼ ਅਤੇ ਗਿਆਨ ਦੀ ਜਾਣਕਾਰੀ ਮਿਲ ਸਕਦੀ ਹੈ। ਜਦ ਕਿ ਮਕਸਦ ਇਸ ਤੋਂ ਹੋਰ ਉੱਚਾ ***'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ'*** ਜਾਂ ***'ਏਕੋ ਬ੍ਰਹਮ ਦੁਤੀਆ ਨੇਸਤ'*** ਸਿਧਾਂਤ ਸਮਝਣ ਦਾ ਹੈ। ਇਸੇ ਗੱਲ ਨੂੰ ਸਮਝਾਣ ਲਈ ਸੁਖਮਨੀ ਸਾਹਿਬ ਵਿੱਚ ਸੰਤ, ਸਾਧੂ ਅਤੇ ਬ੍ਰਹਮਗਿਆਨੀ ਨੂੰ ਅਹਿਮ ਦਰਜਾ ਦਿਤਾ ਗਿਆ ਹੈ ਅਤੇ ਉਹਨਾਂ ਦੀ ਸੰਗਤ ਦਾ ਮਹਾਤਮ ਉਤਮ ਦੱਸਿਆ ਗਿਆ ਹੈ।

ਇਹ ਸੰਤ, ਮਹਾਤਮਾ ਤੇ ਬ੍ਰਹਮਗਿਆਨੀ ਅਨੁਭਵੀ ਗਿਆਨ ਕਾਰਣ ਤਿੰਨ ਗੁਣਾਂ ਦੀ ਪਕੜ ਵਿਚ ਨਾ ਹੋਣ ਕਰਕੇ ਪੂਰਨ ਜਾਗਰਤ ਹਨ ਅਤੇ ਜਾਗਦਾ ਹੀ ਸੁੱਤੇ ਨੂੰ ਜਗਾ ਸਕਦਾ ਹੈ -

***ਬ੍ਰਹਮ ਗਿਆਨੀ ਸਦਾ ਸਦ ਜਾਗਤ॥*** **ਪੰਨਾ - 273**

ਮੈਡੀਕਲ ਪਧੱਰ ਤੇ ਖੋਜਾਂ ਰਾਹੀਂ ਪਤਾ ਲਗਿਆ ਹੈ ਕਿ ਜਾਗਰਤ ਅਵਸਥਾ ਵਾਲਿਆਂ ਮਹਾਪੁਰਖਾਂ ਵਿਚੋ ਅਲਫਾ ਨਾਂ ਦੀਆਂ ਲਹਿਰਾਂ ਨਿਕਲਦੀਆਂ ਹਨ ਜੋ ਸੰਪਰਕ ਵਿੱਚ ਆਉਣ ਵਾਲੀਆਂ ਚੀਜ਼ਾਂ ਵਿੱਚ ਅਸਰ ਕਰਦੀਆਂ ਹਨ। ਇਹ ਸਰੀਰ ਵਿੱਚ ਬੀਟਾ ਲਹਿਰਾਂ ਨਾਲ ਹੋਈ ਹਲ-ਚੱਲ ਨੂੰ ਠੱਲ ਪਾਂਦੀਆਂ ਹਨ। ਸਾਡੇ ਵਿਕਾਰਾਂ ਦੇ ਭਾਵ ਰੁਕ ਜਾਂਦੇ ਹਨ ਅਤੇ ਸਾਡਾ Potential energy ਨਾਲ ਹੋ ਰਿਹਾ ਨਿਕਾਸ ਰੁਕ ਜਾਂਦਾ ਹੈ ਅਸੀ ਸ਼ਾਂਤੀ ਅਤੇ ਅਜੀਬ ਕਿਸਮ ਦਾ ਅਨੰਦ ਮਹਿਸੂਸ ਕਰਦੇ ਹਾਂ। ਜਿਤਨੇ ਖਾਲੀ ਮਨ ਨਾਲ ਜਾਵਾਂਗੇ, ਉਤਨਾ ਅੱਛਾ ਮਹਿਸੂਸ ਹੋਵੇਗਾ। ਪਰ ਅਸੀਂ ਦੁਨਿਆਵੀ ਮੰਗਾਂ ਦੀ ਹਲ-ਚੱਲ ਨਾਲ ਅਪਣੇ ਆਪ ਨੂੰ ਭਾਰੀ ਕਰਕੇ ਸੰਗਤ ਕਰਦੇ ਹਾਂ ਤਾਂ ਇਸ ਕ੍ਰਿਆ ਨੂੰ ਮਹਿਸੂਸ ਨਹੀਂ ਕਰ ਸਕਦੇ। ਅਲਫਾ ਲਹਿਰਾਂ ਦੀ ਸ਼ਕਤੀ ਲੈਣ ਖਾਤਿਰ ਤੀਰਥਾਂ ਦੀ ਯਾਤਰਾ ਸ਼ੁਭ ਮੰਨੀ ਜਾਂਦੀ ਸੀ ਕਿਉਂਕਿ ਸਾਧੂ, ਮਹਾਤਮਾ ਉਨ੍ਹਾਂ ਨਦੀਆਂ ਦੇ ਕਿਨਾਰੇ ਰਹਿੰਦੇ ਅਤੇ ਸਮਾਧੀ ਲੀਨ ਹੁੰਦੇ ਸਨ। ਸਾਧੂ, ਮਹਾਤਮਾ ਦੀ ਅਲੋਪਤਾ ਨਾਲ ਤੀਰਥਾਂ ਦੀ ਮਹੱਤਤਾ ਵੀ ਅਲੋਪ ਹੋ ਗਈ ਅਤੇ ਇਹ ਫਲ ਦੇਣ ਤੋਂ ਅਸਮੱਰਥ ਹੋ ਗਏ। ਸਾਧੂ ਹੀ ਜੰਗਮ ਤੀਰਥ ਹਨ।

ਇਸੇ ਸ਼ਕਤੀ ਦੇ ਪ੍ਰਭਾਵ ਦੇ ਅਸਰ ਦਾ ਜਿਕਰ ਗੁਰਬਾਣੀ ਵਿੱਚ ਵੀ ਮਿਲਦਾ ਹੈ -

***ਸਾ ਧਰਤੀ ਭਈ ਹਰੀਆਵਲੀ***
***ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*** **ਪੰਨਾ - 310**

ਇਤਿਹਾਸ ਵਿੱਚ ਜ਼ਿਕਰ ਹੈ ਕਿ ਜਦੋਂ ਗੁਰੂ ਅਮਰ ਜੀ ਦਾਸ ਸਮਾਧੀ ਤੋਂ ਉਤਥਾਨ ਹੋ ਕੇ ਜਾਂਦੇ ਸਨ ਤਾਂ ਰਸਤੇ ਵਿੱਚ ਮਰੇ ਕੀੜੇ ਮਕੌੜੇ ਪੁਨ-ਜੀਵਤ ਹੋ ਤੁਰ ਪੈਂਦੇਂ ਸਨ।

***ਬ੍ਰਹਮ ਗਿਆਨੀ ਕੀ ਦ੍ਰਿਸ਼ਟਿ ਅੰਮ੍ਰਿਤ ਬਰਖੈ॥*** **ਪੰਨਾ - 273**

ਮਨੁੱਖ ਦੀ ਜਾਗਰਤ ਅਤੇ ਸੁਤੀ ਪਧੱਰ ਦੀ ਦਿਵਾਰ ਤੋੜਨ ਲਈ ਇਨ੍ਹਾਂ ਅਲਫਾ ਲਹਿਰਾ ਦੀ ( Kinetic energy) ਸ਼ਕਤੀ ਦੀ ਲੋੜ ਹੈ। ਇਸ ਲਈ ਬਜਰ ਕਪਾਟ ਦੇ ਤਾਲੇ ਦੀ ਕੁੰਜੀ ਗੁਰੂ ਹੱਥ ਦਸੀ ਜਾਂਦੀ ਹੈ।

***ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥***
**ਪੰਨਾ -273**

ਇਸੇ ਕਾਰਨ ਨਿਸਚੇ ਲਈ ਸੰਤ ਸ਼ਰਨ ਦੀ ਲੋੜ ਹੈ

***ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥***
**ਪੰਨਾ - 279**

ਸੰਤ ਸ਼ਰਨ ਪਿਆਂ ਮਨੁੱਖ ਨੂੰ ਅਪਣੀ ਮੰਜ਼ਿਲ, ਉਸਦਾ ਰਾਹ ਅਤੇ ਉਥੇ ਪਹੁੰਚਣ ਦਾ ਸਾਧਨ ਗਿਆਤ ਹੁੰਦਾ ਹੈ ਪਰ ਪੱਕਾ ਫੈਸਲਾ ਮਨੁੱਖ ਨੇ ਨਿੱਜੀ ਤੌਰ ਤੇ ਆਪ ਲੈਣਾ ਹੈ। ਜੇ ਪੁੰਨ ਕਰਮ ਵਸ ਸੰਤ ਮਿਲਾਪ ਹੋ ਵੀ ਗਿਆ ਤਾਂ ਵੀ ਇਨਸਾਨ ਨਿਸ਼ਚੇ ਤੋਂ ਵਾਂਝਾ ਰਹਿ ਜਾਂਦਾ ਹੈ। ਕਸੂਰ ਸਿਰਫ ਪੱਕੇ ਤੌਰ ਤੇ ਮੰਜ਼ਿਲ ਨਾ ਮਿਥਣ ਕਰਕੇ ਹੈ। ਅਸੀਂ ਆਪਣੇ ਫੈਸਲੇ ਨੂੰ ਮੌਜੂਦਾ ਨੀਤੀ ਵਾਂਗ ਲਟਕਾਉਣਾ ਚਾਹੁੰਦੇ ਹਾਂ।

(ਲੜੀ ਜੋੜਨ ਲਈ ਦੇਖੋ,
ਜੁਲਾਈ ਅੰਕ, ਪੰਨਾ - 51)

# ਸਿਹਤ ਵਿਗਿਆਨ

**ਸਟਕਾ** (Anaemia) - ਕਾਮਲਾ, ਜੁਮਫੁਲਕਬਦ ਇਹ ਪਾਂਡੁ ਰੋਗ ਦਾ ਹੀ ਇਕ ਨਾਉਂ ਹੈ। ਇਸ ਨੂੰ ਭੁੱਸ ਭੀ ਆਖਦੇ ਹਨ। ਜਿਗਰ, ਜਦ ਆਪਣਾ ਕੰਮ ਛੱਡ ਬੈਠਦਾ ਹੈ ਤਾਂ ਇਸਦੀ ਉਤਪਤੀ ਹੁੰਦੀ ਹੈ।

ਇਸ ਰੋਗ ਦੇ ਕਾਰਣ ਹਨ - ਖਾਰੀਆਂ, ਖੱਟੀਆਂ, ਗਰਮ ਮਲੀਨ ਗਲੀਆਂ ਸੜੀਆਂ ਚੀਜ਼ਾਂ ਦਾ ਖਾਣਾ, ਸ਼ਰਾਬ ਆਦਿ ਨਸ਼ਿਆਂ ਦਾ ਬਹੁਤ ਵਰਤਣਾ, ਬਹੁਤਾ ਮੈਥੁਨ ਕਰਨਾ, ਚਿੰਤਾ, ਸ਼ੋਕ ਡਰ ਦਾ ਹੋਣਾ, ਮਲ ਮੂਤਰ ਨੀਂਦ ਆਦਿ ਦਾ ਵੇਗ ਰੋਕਣਾ, ਮਿੱਟੀ ਖਾਣੀ ਆਦਿ।

**ਪਾਂਡੂ ਰੋਗ ਦੇ ਲੱਛਣ ਹਨ** - ਹਾਜਮਾ ਵਿਗੜਨਾ, ਦਿਲ ਧੜਕਣਾ, ਸਰੀਰ ਦਾ ਰੰਗ ਡੱਡੂ ਜੇਹਾ ਪੀਲਾ ਹੋਣਾ, ਲਹੂ ਦੀ ਸੁਰਖੀ ਦਾ ਜਾਂਦਿਆਂ ਰਹਿਣਾ, ਨੌਹਾਂ ਅਤੇ ਸਰੀਰ ਦੀ ਲਾਲੀ ਮਿਟ ਜਾਣੀ, ਸਰੀਰ ਰੁੱਖਾ ਹੋਣਾ, ਹਰ ਵੇਲੇ ਥਕਾਵਟ ਬਣੀ ਰਹਿਣੀ, ਭੁੱਖ ਨਾ ਲਗਣੀ, ਗਿਜ਼ਾ ਹਜਮ ਨਾ ਹੋਣੀ, ਭਸ (ਭੂਸੇ) ਡਕਾਰ ਆਉਣੇ, ਲੱਤਾਂ ਬਾਹਾਂ ਫੁੱਲਣੀਆਂ, ਅੰਧਾਲੀ ਆਉਣੀ, ਚੇਹਰਾ ਉਦਾਸ ਰਹਿਣਾ ਆਦਿ।

ਇਸ ਰੋਗ ਦੇ ਹੇਠ ਲਿਖੇ ਉਤਮ ਇਲਾਜ ਹਨ -

1. ਫੌਲਾਦ ਦਾ ਕੁਸ਼ਤਾ ਅਥਵਾ ਕਿਸੇ ਭੀ ਸ਼ਕਲ ਵਿਚ ਫੌਲਾਦ ਦਾ ਸੇਵਨ ਕਰਨਾ।

2. ਕੁਸ਼ਤਾ ਫੌਲਾਦ ਆਬੀ, ਤਬਾਸ਼ੀਰ, ਇਲਾਇਚੀਆਂ ਦੇ ਦਾਣੇ, ਸਤ ਗਿਲੋ, ਮਿਸਰੀ, ਸਭ ਇਕ ਇਕ ਤੋਲਾ ਪੀਸ ਕੇ ਪਚਾਸ ਪੁੜੀਆਂ ਬਣਾਓ। ਇਕ ਪੁੜੀ ਸਵੇਰੇ ਪਤਲੇ ਅਧਰਿੜਕ ਨਾਲ ਲੈਣੀ।

3. ਮਨੂਰ ਦੀ ਭਸਮ ਦੁੱਧ ਅਥਵਾ ਅਧਰਿੜਕ ਨਾਲ ਵਰਤਣੀ।

4. ਜਿਗਰ ਤੋਂ ਪਿੱਤ ਖਾਰਿਜ ਕਰਨ ਵਾਲੇ ਪਦਾਰਥ ਖਾਣੇ।

5. ਅੱਠ ਮਾਸੇ ਨਿਸੋਥ ਦਾ ਚੂਰਣ, ਸੋਲਾਂ ਮਾਸੇ ਮਿਸ਼ਰੀ, ਦੋਹਾਂ ਨੂੰ ਮਿਲਾ ਕੇ ਨਿੱਤ ਸਵੇਰੇ ਜਲ ਨਾਲ ਛਕਣਾ।

6. ਹਰੀ ਗਿਲੋ ਕਾ ਕਾੜ੍ਹਾ ਸ਼ਹਦ ਮਿਲਾ ਕੇ ਪੀਣਾ।

7. ਸਟਕੇ ਵਾਲੇ ਨੂੰ ਪੁਰਾਣੇ ਜੌਂ, ਕਣਕ, ਚਾਉਲ, ਮੂੰਗੀ, ਮਸਰ, ਫਲ, ਤਕਰ (ਖੱਟੀ ਲੱਸੀ) ਅਧਰਿੜਕ ਅਤੇ ਮੱਖਣ ਆਦਿ ਪਦਾਰਥ ਵਰਤਣੇ ਚਾਹੀਏ।

**ਸਿਰਪੀੜ** - ਸਿਰਪੀੜ ਦੇ ਅਨੇਕ ਭੇਦ ਹਨ ਅਤੇ ਉਨ੍ਹਾਂ ਦੇ ਅਨੇਕ ਕਾਰਨ ਹਨ, ਪਰ ਮੁੱਖ ਕਾਰਣ ਮੇਦੇ ਦੀ ਖਰਾਬੀ ਅਤੇ ਅੰਤੜੀ ਅੰਦਰ ਮੈਲ ਜਮ੍ਹਾਂ ਹੋਣਾ ਹੈ। ਜੋ ਹਾਜਮਾ ਠੀਕ ਕਰਨ ਵਾਲੀਆਂ ਅਤੇ ਕਬਜ਼ ਖੋਲਣ ਵਾਲੀਆਂ ਦਵਾਈਆਂ ਹਨ, ਉਨ੍ਹਾਂ ਦਾ ਵਰਤਣਾ ਸਿਰਪੀੜ ਹਟਾਉਂਦਾ ਹੈ। ਖਾਸ ਕਰਕੇ ਹੇਠ ਲਿਖੇ ਉਪਾਉ ਕਰਨੇ ਚਾਹੀਏ-

1. ਗਊ ਦਾ ਗਰਮ ਦੁੱਧ, ਮਿਸ਼ਰੀ ਪਾ ਕੇ ਪੀਣਾ।

2. ਨਸ਼ਾਦਰ ਤੇ ਕਲੀ (ਚੂਨਾ) ਅੱਡ ਅੱਡ ਪੀਸ ਕੇ ਸ਼ੀਸ਼ੀ ਵਿਚ ਮਿਲਾ ਕੇ ਸੁੰਗਣਾ -

3. ਰੀਠੇ ਦਾ ਛਿਲਕਾ ਪਾਣੀ ਵਿਚ ਘਸਾ ਕੇ ਨਸਵਾਰ ਲੈਣੀ।

4. ਮੁਲੱਠੀ ਤਿੰਨ ਮਾਸੇ, ਮਿੱਠਾ ਤੇਲੀਆ ਇਕ ਮਾਸਾ, ਦੋਹਾਂ ਨੂੰ ਬਹੁਤ ਬਰੀਕ ਪੀਸ ਕੇ ਅੱਧਾ ਚਾਉਲ ਭਰ ਨਸਵਾਰ ਲੈਣੀ।

5. ਘੀ ਵਿਚ ਲੂਣ ਮਿਲਾ ਕੇ ਮੱਥੇ ਤੇ ਮਲਨਾ।

6. ਗਰਮੀ ਨਾਲ ਸਿਰਪੀੜ ਹੋਵੇ ਤਾਂ ਚਿੱਟਾ ਚੰਦਨ ਘਸਾ ਕੇ ਮੱਥੇ ਤੇ ਲੇਪਣਾ। ਸਰਦੀ ਨਾਲ ਹੋਵੇ ਤਾਂ ਕੇਸਰ ਜਾਂ ਸੁੰਢ ਦਾ ਲੇਪ ਕਰਨਾ।

**ਸਿਰੜ - ਝੱਲਾਪਨ** - (Insanity) ਇਹ ਉਨਮਾਦ ਦਾ ਹੀ ਇਕ ਭੇਦ ਹੈ। ਜਨੂਨ - ਇਸ ਰੋਗ ਵਿਚ ਦੁੱਧ, ਬਦਾਮਾ ਦੀ ਸਰਦਾਈ, ਸੰਦਲ ਅਨਾਰ ਆਦਿ ਸ਼ਰਬਤ, ਅਧਰਿੜਕ, ਸੰਗਤਰੇ, ਅੰਗੂਰ ਆਦਿ ਫਲ ਵਰਤਣੇ ਗੁਣਕਾਰੀ ਹਨ। ਰੋਗੀ ਨੂੰ ਫੁੱਲਾਂ ਦੇ ਬਾਗਾਂ ਵਿਚ ਫਿਰਨਾ, ਨਦੀ ਅਤੇ ਸਮੁੰਦਰ ਕਿਨਾਰੇ ਦੀ ਹਵਾ ਖਾਣੀ ਲਾਭਦਾਇਕ ਹੈ। ਸਿਰ ਤੇ ਕੱਦੂ ਅਤੇ ਕਾਹੂ ਦਾ ਤੇਲ ਮਲਣਾ ਗੁਣਕਾਰੀ ਹੈ। ਸਿਰੜੀ ਨੂੰ ਬ੍ਰਾਹਮੀ ਘ੍ਰਿਤ ਦਾ ਸੇਵਨ ਬਹੁਤ ਫਾਇਦਾ ਕਰਦਾ ਹੈ। ਇਸ ਘੀ ਦੇ ਬਣਾਉਣ ਦੀ ਜੁਗਤ ਇਹ ਹੈ।

ਘੀ ਚਾਰ ਸੇਰ, ਬ੍ਰਾਹਮੀ ਬੂਟੀ ਦਾ ਰਸ ਸੋਲਾਂ ਸੇਰ, ਇਨ੍ਹਾਂ ਦੋਹਾਂ ਨੂੰ ਕੜਾਹੀ ਵਿਚ ਪਾ ਕੇ ਕਾੜ੍ਹੇ, ਅਰ ਹੇਠ ਲਿਖੀ ਦਵਾਈਆਂ ਦਾ ਨੁਗਦਾ ਬਣਾ ਕੇ ਵਿਚ ਪਾਵੇ। ਬ੍ਰਹਮੀ ਬੂਟੀ, ਬਚ, ਜਵਾਹਾਂ ਧਮਾਹਾ, ਕੁਠ ਸੰਖਾਹੋਲੀ, ਸਭ ਸਮਾਨ ਲੈ ਕੇ ਇਕ ਸੇਰ ਨੁਗਦਾ ਤਿਆਰ ਕਰੇ। ਜਦ ਸਾਰਾ ਰਸ ਜਲ ਕੇ ਘੀ ਬਾਕੀ ਰਹਿ ਜਾਵੇ ਤਾਂ ਉਸਨੂੰ ਛਾਣ ਕੇ ਸਾਫ ਭਾਂਡੇ ਵਿਚ ਪਾ ਕੇ ਰੱਖੇ। ਇਹ ਬ੍ਰਾਹਮੀ ਘ੍ਰਿਤ ਇਕ ਤੋਲੇ ਤੋਂ ਚਾਰ ਤੋਲੇ ਤੀਕ ਉਮਰ ਅਤੇ ਬਲ ਅਨੁਸਾਰ ਨਿੱਤ ਖਾਵੇ।

2. ਗਰਮ ਚੀਜ਼ਾਂ ਖਾਣ, ਜ਼ਿਆਦਾ ਕ੍ਰੋਧ ਕਰਨ ਤੋਂ ਚਿੜਚਿੜਾ ਅਤੇ ਜ਼ਿੱਦੀ ਸੁਭਾਉ ਹੋ ਜਾਂਦਾ ਹੈ। ਪੰਜਾਬੀ ਵਿਚ ਉਸ ਨੂੰ ਭੀ ਸਿਰੜ ਆਖਦੇ ਹਨ।

'ਚਲਦਾ'

*(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)*

---

(ਪੰਨਾ 57 ਦੀ ਬਾਕੀ)

ਧਸਣਗੇ, ਉਨ੍ਹਾਂ ਦੀ ਇਹੀ ਦਸ਼ਾ ਹੋਊ।

ਸੰਮਤ 1758 ਦੇ ਜੰਗ ਵਿਚ ਰਾਜਾ ਕੇਸ਼ਰੀ ਚੰਦ ਜਸਵਾਲੀਏ ਦਾ ਸਿਰ ਵੱਢ, ਨੇਜ਼ੇ ਵਿਚ ਪਰੋ ਕੇ ਉਦਯ ਸਿੰਘ ਜੀ ਦਸ਼ਮੇਸ਼ ਦੇ ਹਜ਼ੂਰ ਲਿਆਏ ਸਨ। ਜਦ ਸਤਿਗੁਰ ਨੇ ਆਨੰਦਪੁਰ ਛੱਡਿਆ, ਤਦ ਇਹ ਕਲਗੀਧਰ ਦੇ ਨਾਲ ਸਨ। ਚਮਕੌਰ ਦੇ ਰਸਤੇ ਸੰਮਤ 1761 ਵਿਚ ਵੱਡੀ ਵੀਰਤਾ ਨਾਲ ਵੈਰੀਆਂ ਦਾ ਮੁਕਾਬਲਾ ਕਰਦੇ ਸ਼ਹੀਦ ਹੋਏ ਯਥਾ - "ਪਹਰ ਏਕ ਲੌ ਰਨ ਪਰਯੋ ਮਹਾਂ ਪ੍ਰਬਲ ਇਕਸਾਰ। ਉਦਯ ਸਿੰਘ ਜੂਝੇ ਤਬੈਂ ਸਤਿਗੁਰੁ ਸਰਨ ਵਿਚਾਰ।" (ਗੁਰੂਸ਼ੋਭਾ) ਇਨ੍ਹਾਂ ਦੇ ਛੋਟੇ ਭਾਈ ਭੀ ਧਰਮ ਜੁੱਧਾਂ ਵਿਚ ਸਦਾ ਤਨ ਮਨ ਤੋਂ ਦੇਸ ਅਤੇ ਕੌਮ ਦੀ ਸੇਵਾ ਪਰਾਯਣ ਰਹੇ।

੩ ਭਗਤੂਵੰਸ਼ੀ ਭਾਈ ਲਾਲ ਸਿੰਘ ਦਾ ਰਾਣੀ ਸਾਹਿਬ ਕੌਰ ਦੇ ਉਦਰੋਂ ਸਪੁਤਰ, ਜੋ ਕੈਥਲ ਦਾ ਮਹਾਰਾਜ ਸੀ, ਇਸ ਦੀ ਸਰਪ੍ਰਸਤੀ ਵਿਚ ਕਵਿਰਾਜ ਭਾਈ ਸੰਤੋਖ ਸਿੰਘ ਜੀ ਨੇ 'ਗੁਰਪ੍ਰਤਾਪ ਸੂਰਜ' ਦੀ ਰਚਨਾ ਕੀਤੀ ਹੈ। ਉਦਯ ਸਿੰਘ ਜੀ ਦਾ ਦੇਹਾਂਤ ਫੱਗੁਣ ਸੁਦੀ 14 ਸੰਮਤ 1899 (15 ਮਾਰਚ ਸੰਨ 1843) ਨੂੰ ਅਧਰੰਗ ਰੋਗ ਨਾਲ ਹੋਇਆ।

'ਚਲਦਾ'

# ਸਮਾਗਮ ਤੇ ਸਰਗਰਮੀਆਂ

ਮਾਨਵ ਕਲਿਆਣ ਤੇ ਜਨ ਸਮੂਹ ਦੇ ਭਲੇ ਲਈ ਪਰਉਪਕਾਰੀ ਮਹਾਂਪੁਰਸ਼ਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਅਨੇਕਾਂ ਕਾਰਜ ਆਰੰਭ ਕੀਤੇ ਹੋਏ ਹਨ। ਜਿਥੇ ਸਰੀਰਕ ਪੀੜਾਂ ਨੂੰ ਦੂਰ ਕਰਨ ਲਈ ਡਾਕਟਰੀ ਸੇਵਾਵਾਂ ਦਾ ਪ੍ਰਬੰਧ ਹੈ ਅਤੇ ਮਿਸ਼ਨ ਦੇ ਮੁਖ ਕੇਂਦਰ ਰਤਵਾੜਾ ਸਾਹਿਬ ਵਿਖੇ ਕਾਰ ਸੇਵਾ ਰਾਹੀਂ ਉਸਾਰੀ ਕੀਤੀ ਬਿਲਡਿੰਗ ਵਿਚ ਸਰਕਾਰੀ ਹਸਪਤਾਲ ਖੋਲ੍ਹਿਆ ਗਿਆ ਹੈ ਤਾਂਕਿ ਪੇਂਡੂ ਥਾਂਵਾਂ ਦੇ ਮਰੀਜ਼ਾਂ ਨੂੰ ਡਾਕਟਰੀ ਸੁਵਿਧਾ ਉਪਲਬਧ ਹੋ ਸਕੇ। ਇਸ ਤੋਂ ਇਲਾਵਾ ਹਰ ਬੁਧਵਾਰ ਨੂੰ ਹੋਮਿਓਪੈਥੀ ਦੇ ਡਾਕਟਰ ਵੀ ਮਰੀਜ਼ਾਂ ਦਾ ਮੁਆਇਨਾ ਕਰਕੇ ਫਰੀ ਦਵਾਈਆਂ ਦੇਂਦੇ ਹਨ। ਹਰ ਐਤਵਾਰ ਨੂੰ 781/3ਬੀ-1 ਮੋਹਾਲੀ ਵਿਖੇ ਸਵੇਰੇ 8 ਤੋਂ 10 ਵਜੇ ਤੱਕ ਹੋਮਿਓਪੈਥੀ ਦੇ ਡਾਕਟਰ ਅਤੇ ਦੁਪਹਿਰ ਬਾਦ ਐਲੋਪੈਥੀ, ਆਯੁਰਵੈਦਿਕ, ਹਿਪਨੋਥਰਾਪੀ ਦੇ ਮਾਹਿਰ ਡਾਕਟਰ ਅਤੇ ਹੱਡੀਆਂ ਦੇ ਡਾਕਟਰ ਮਰੀਜ਼ਾਂ ਦੀ ਫਰੀ ਜਾਂਚ ਤੇ ਇਲਾਜ ਕਰਦੇ ਹਨ। ਇਸੇ ਤਰ੍ਹਾਂ ਮਾਨਸਿਕ ਪੀੜਾ ਜੋ ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਸਿਧਾਂਤਾਂ ਦੇ ਰੂਹਾਨੀ ਉਪਦੇਸ਼ ਤੋਂ ਹੀ ਮਿਟ ਸਕਦੀ ਹੈ, ਕੀਰਤਨ, ਵਖਿਆਨ ਤੇ ਅਮੋਲਕ ਬਚਨਾਂ ਰਾਹੀਂ ਪੂਰਨਮਾਸ਼ੀ, ਸੰਗਰਾਂਦ ਨੂੰ ਰਤਵਾੜਾ ਸਾਹਿਬ ਵਿਖੇ, ਮੱਸਿਆ ਬਨੂੜ ਵਿਖੇ ਅਤੇ ਦਸਮੀਂ ਨੂੰ ਰਾਜਪੁਰਾ ਵਿਖੇ ਸੰਗਤਾਂ ਦੇ ਭਲੇ ਲਈ ਸਮਾਗਮ ਰਚੇ ਜਾਂਦੇ ਹਨ।

ਵੀਡੀਓ ਫਿਲਮਾਂ ਰਾਹੀਂ ਰੋਪੜ, ਫਰੀਦਕੋਟ, ਪਟਿਆਲਾ ਜ਼ਿਲਿਆਂ ਤੋਂ ਇਲਾਵਾ ਹਿੰਦੋਸਤਾਨ ਭਰ ਵਿਚ ਅਤੇ ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ। ਜਿਸ ਨੇ ਵੀ ਮਹਾਂਪੁਰਸ਼ਾਂ ਦੀਆਂ ਫਿਲਮਾਂ ਨੂੰ ਵੇਖਿਆ ਹੈ, ਇਨ੍ਹਾਂ ਦੀ ਸ਼ਲਾਘਾ ਹੀ ਨਹੀਂ ਕੀਤੀ ਸਗੋਂ ਪ੍ਰਚਾਰਨਾ ਸ਼ੁਰੂ ਕੀਤਾ ਹੈ ਤਾਂਕਿ ਇਨ੍ਹਾਂ ਦਾ ਵੱਧ ਤੋਂ ਵੱਧ ਪ੍ਰਚਾਰ ਤੇ ਪ੍ਰਸਾਰ ਹੋ ਸਕੇ। ਇਸੇ ਤਰ੍ਹਾਂ ਬਾਹਰਲੇ ਦੇਸ਼ਾਂ ਵਿਚ ਇੰਗਲੈਂਡ, ਅਮਰੀਕਾ, ਜਰਮਨੀ, ਇਟਲੀ, ਆਸਟਰੇਲੀਆ, ਕੇਨੇਡਾ ਤੇ ਅਰਬ ਦੇਸ਼ਾਂ ਵਿਚ ਵੀ ਪ੍ਰੇਮੀਆਂ ਦੁਆਰਾ ਬਹੁਤ ਉਤਸ਼ਾਹ ਵਿਖਾਇਆ ਜਾ ਰਿਹਾ ਹੈ। ਅਮਰੀਕਾ ਦੇ ਯੂਬਾਸਿਟੀ ਵਿਚ ਏਸ਼ੀਆ ਟੀ.ਵੀ. ਰਾਹੀਂ ਹਰ ਰੋਜ਼ ਪੰਜ ਮਿੰਟ ਦਾ ਪ੍ਰੋਗਰਾਮ ਮਹਾਂਪੁਰਸ਼ਾਂ ਦੀਆਂ ਫਿਲਮਾਂ ਦਾ ਪ੍ਰਸਾਰਣ ਕੀਤਾ ਜਾਂਦਾ ਹੈ। ਹਜ਼ਾਰਾਂ ਦੀ ਤਦਾਦ ਵਿਚ ਵੀਡੀਓ ਫਿਲਮਾਂ ਦੀਆਂ ਕਾਪੀਆਂ ਬਣਾ ਕੇ ਪ੍ਰੇਮੀ ਫਰੀ ਪ੍ਰਚਾਰ ਕਰ ਰਹੇ ਹਨ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

6 ਜੁਲਾਈ, 1995 ਨੂੰ ਗੁਰਮਤਿ ਸਿਧਾਂਤ ਪ੍ਰਚਾਰ ਸੰਤ ਸਮਾਜ ਦੀ ਮੀਟਿੰਗ ਵਿਸ਼ਾਲ ਨਗਰ, ਪੱਖੋਵਾਲ ਰੋਡ, ਲੁਧਿਆਣਾ ਵਿਖੇ ਹੋਈ ਜਿਸ ਵਿਚ ਪ੍ਰਧਾਨ ਸਾਹਿਬ ਨੂੰ ਸੰਤ ਸਮਾਜ ਵਲੋਂ ਪੂਰਾ ਭਰੋਸਾ ਦਿਵਾਇਆ ਗਿਆ ਕਿ ਉਹ ਉਨ੍ਹਾਂ ਦਾ ਸਾਥ ਦੇਣਗੇ ਅਤੇ ਸੰਤ ਸਮਾਜ ਵਲੋਂ ਛੇਤੀ ਹੀ ਇਕ ਮੈਗਜ਼ੀਨ ਕੱਢਿਆ ਜਾਵੇ ਅਤੇ ਇਸ ਦਾ ਦਫਤਰ ਚਾਲੂ ਕੀਤਾ ਜਾਵੇ। ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਵਾਈਸ ਪਰੈਜ਼ੀਡੈਂਟ ਦੀ ਸੇਵਾ ਸੌਂਪੀ ਗਈ ਅਤੇ ਉਹ ਲਿਖਤ ਪੜ੍ਹਤ ਦੇ ਮਾਮਲੇ ਵਿਚ ਪੂਰੀ ਸੇਧ ਦੇਣਗੇ। ਹਾਜ਼ਰ ਸਰੋਤਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਤ ਸਮਾਜ ਤੋਂ ਬਹੁਤ ਆਸ਼ਾਵਾਂ ਹਨ ਕਿਉਂਕਿ ਆਮ ਲੋਕ ਸੰਤਾਂ ਤੇ ਬਹੁਤ ਸ਼ਰਧਾ ਤੇ ਵਿਸ਼ਵਾਸ਼ ਰੱਖਦੇ ਹਨ ਅਤੇ ਪੜ੍ਹੇ ਲਿਖੇ ਬੰਦਿਆਂ ਰਾਹੀਂ ਗੁਰਮਤਿ ਸਿਧਾਂਤਾਂ ਦਾ ਸਹੀ ਪ੍ਰਚਾਰ ਹੋਣਾ ਚਾਹੀਦਾ ਹੈ ਤਾਂ ਕਿ ਸਿੱਖ ਕਦਰਾਂ ਕੀਮਤਾਂ ਨੂੰ ਨਿਖਾਰ ਕੇ ਇਨ੍ਹਾਂ ਦਾ ਪ੍ਰਸਾਰ ਹੋ ਸਕੇ।

*ਮਹਾਂਪੁਰਸ਼ਾਂ ਦੇ ਰੁਝੇਵੇਂ*

ਨਿਵਾਸ ਸਥਾਨ 781/3ਬੀ-1 ਮੋਹਾਲੀ ਵਿਖੇ ਮਿਲਣ ਦਾ ਸਮਾਂ :

- ਹਰ ਰੋਜ਼ ਸਵੇਰੇ 9.00 ਵਜੇ ਤੋਂ 10.00 ਵਜੇ ਤਕ ਅਤੇ ਰਾਤ ਨੂੰ 8.00 ਵਜੇ ਤੋਂ 9.00 ਵਜੇ ਤੱਕ।

*ਦੀਵਾਨਾਂ ਦੇ ਪੱਕੇ ਪ੍ਰੋਗਰਾਮ*

- ਹਰ ਐਤਵਾਰ ਨੂੰ 781, 3ਬੀ-1, ਮੋਹਾਲੀ ਵਿਖੇ ਕੋਠੀ ਦੇ ਸਾਹਮਣੇ ਸਮਾਂ ਸਵੇਰੇ 11.00 ਵਜੇ ਤੋਂ ਬਾਦ ਦੁਪਹਿਰ 3.00 ਵਜੇ ਤੱਕ।
- ਦਸਮੀਂ - 6 ਅਗਸਤ, ਐਤਵਾਰ, ਸਮਾਂ ਰਾਤ 8.00 ਤੋਂ 11.00 ਵਜੇ ਤੱਕ ਗੁਰਦੁਆਰਾ ਯਾਦਗਾਰ ਪਿਆਰੇ ਭਾਈ ਦਇਆ ਸਿੰਘ ਜੀ, ਰਾਜਪੁਰਾ ਵਿਖੇ।
- ਪੂਰਨਮਾਸ਼ੀ - 10 ਅਗਸਤ, ਵੀਰਵਾਰ, ਸਮਾਂ ਦਿਨੇ 11.00 ਵਜੇ ਤੋਂ ਬਾਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।


ਸੰਗਰਾਂਦ - 17, ਅਗਸਤ, ਵੀਰਵਾਰ, ਸਮਾਂ ਦਿਨੇ 11.00 ਵਜੇ ਤੋਂ ਬਾਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।

ਮੱਸਿਆ - 26 ਅਗਸਤ, ਸ਼ਨੀਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤੱਕ ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ ਵਿਖੇ।


ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## ਆਤਮ ਮਾਰਗ ਮੈਗਜ਼ੀਨ ਦੇ ਵਿਕਰੀ ਕੇਂਦਰ ਨਾਂ ਤੇ ਪੂਰਾ ਪਤਾ


1. ਬੀਬੀ ਦਵਿੰਦਰ ਕੌਰ ਸੈਕਟਰੀ
   ਕੋਠੀ ਨੰ: 1704, ਸੈਕਟਰ 33-ਡੀ, ਚੰਡੀਗੜ੍ਹ।
2. ਬੀਬੀ ਚਰਨਜੀਤ ਕੌਰ
   ਮਕਾਨ ਨੰ: 2921, ਸੈਕਟਰ 20-ਸੀ, ਚੰਡੀਗੜ੍ਹ।
3. ਭਾਈ ਕੁਲਬੀਰ ਸਿੰਘ
   781, 3 ਬੀ 1, ਸੈਕਟਰ 60, ਮੋਹਾਲੀ
4. ਭਾਈ ਦਵਿੰਦਰ ਸਿੰਘ
   ਸੀਤਲ ਡੀਪਾਰਟਮੈਂਟਲ ਸਟੋਰ,
   ਐਸ. ਸੀ. ਐਫ. 36, 3ਬੀ2 , ਮੋਹਾਲੀ
5. ਭਾਈ ਗੁਰਦੀਪ ਸਿੰਘ (ਰਤਵਾੜਾ ਸਾਹਿਬ)
6. ਭਾਈ ਬਰਜਿੰਦਰ ਸਿੰਘ ਮੋਟੇ ਮਾਜਰੇ ਵਾਲੇ
   ਲਾਇਲਪੁਰੀਆਂ ਦੀ ਮਠਿਆਈ ਦੀ ਪ੍ਰਸਿੱਧ ਦੁਕਾਨ
   ਜੀ. ਟੀ. ਰੋਡ ਬਨੂੜ।
7. ਮਾਸਟਰ ਲਾਭ ਸਿੰਘ
   ਪਿੰਡ : ਧਮੋਲੀਆਂ, ਰਾਜਪੁਰਾ
8. ਬਲਦੇਵ ਸਿੰਘ ਸਾਹਨੀ
   ਸਾਹਨੀ ਫਰੂਟ ਐਂਡ ਜੂਸ ਸ਼ਾਪ
   ਰਾਜਪੁਰਾ ਟਾਊਨ
9. ਭਾਈ ਨਿਰਮਲ ਸਿੰਘ ਹਵੇਲੀ, ਰੋਪੜ
10. ਭਾਈ ਭੁਪਿੰਦਰ ਸਿੰਘ ਚੱਕੀ ਵਾਲੇ, ਕੋਟਲਾ ਨਿਹੰਗ, ਰੋਪੜ
11. ਭਾਈ ਇੰਦਰਜੀਤ ਸਿੰਘ ਪਿੰਡ ਸੈਫਲਪੁਰ, ਰੋਪੜ
12. ਮਾਸਟਰ ਸੁਰਿੰਦਰ ਸਿੰਘ, ਪਿੰਡ ਝੱਲੀਆਂ, ਰੋਪੜ
13. ਇੰਜ: ਜਸਵੰਤ ਸਿੰਘ
    67 Type 4, ਦਸ਼ਮੇਸ਼ ਥਰਮਲ ਪਲਾਂਟ ਕਲੋਨੀ, ਰੋਪੜ
14. ਭਾਈ ਅਮਰਜੀਤ ਸਿੰਘ
    ਸੈਣੀ ਮਾਜਰਾ ਜਿਲ੍ਹਾ ਰੋਪੜ
15. ਸ. ਜਗਜੀਤ ਸਿੰਘ,
    ਬਲਾਕ ਨੰ: 10, ਕੁਆਟਰ ਨੰ: 6, ਨਹਿਰੂ ਨਗਰ,
    ਨਵੀਂ ਦਿੱਲੀ। (ਫੋਨ : 6849869)
16. ਸ. ਜਗਜੀਤ ਸਿੰਘ, ਬਲਾਕ ਨੰ: 7, ਕੁਆਟਰ ਨੰ: 8,
    ਨਹਿਰੂ ਨਗਰ, ਨਵੀਂ ਦਿੱਲੀ। (ਫੋਨ : 6837550)
17. ਭਾਈ ਮਹਿੰਦਰ ਸਿੰਘ
    621, ਸੈਕਟਰ 4, ਪੰਚਕੂਲਾ।
18. ਮਾਸਟਰ ਸੁਰਜੀਤ ਸਿੰਘ
    2949, ਸੈਕਟਰ 47-ਸੀ, ਚੰਡੀਗੜ੍ਹ।
19. ਸ. ਜਗਦੇਵ ਸਿੰਘ ਗਿੱਲ
    ਪਿੰਡ ਧਮੋਟ, ਜ਼ਿਲਾ ਲੁਧਿਆਣਾ।
20. ਭਾਈ ਸੇਵਾ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼,
    ਟੀਚਰ ਕਲੋਨੀ, ਫਰੀਦਕੋਟ।



ਗੁਰਦੁਆਰਾ ਕਰਮਸਰ ਰਾੜਾ ਸਾਹਿਬ, ਜਿਸ ਥਾਂ ਤੋਂ 54 ਸਾਲ ਤੋਂ ਵੱਧ ਸੰਸਾਰ ਦੀ ਕਲਿਆਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸਿਧਾਂਤ ਦੀਆਂ ਲਹਿਰਾਂ ਉਠਦੀਆਂ ਰਹੀਆਂ। ਇਕ ਵੈਰਾਨ ਅਸਥਾਨ ਨੂੰ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਹੋਂਦ ਵਿਚ ਲਿਆਂਦਾ।



ਸੰਤਹੁ ਘਟਿ ਘਟਿ ਰਹਿਆ ਸਮਾਹਿਓ।।



ਤਹਾ ਬੈਕੁੰਠ ਜਹ ਕੀਰਤਨੁ ਤੇਰਾ

With Best Compliments From

# *Prestigious Departmental Store*
# *(Centrally Air-Conditioned)*




**in**

**City Beautiful**

**of**

*International Standards*

## **happy to welcome you**



## Sital Departmental Stores Pvt. Ltd.

S C F - 36, PHASE - 3B2, SAS NAGAR (MOHALI)

PHONES - 674745, 676449

***(Various Consumer Goods available under one roof)***